ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 18 | 08 May 2019 to 14 May 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸਵਾਲ-ਦਰ-ਸਵਾਲ : ਪੰਜਾਬੀਆਂ ਨੇ ਲੀਡਰ ਵਾਹਣੀਂ ਪਾਏ

## ਇਧਰ-ਉਧਰ ਕੀ ਬਾਤ ਨਾ ਕਰ, ਯੇ ਬਤਾ ਕਾਫਲਾ ਕਯੂੰ ਲੂਟਾ

- ਭੱਠਲ ਨੇ ਸਵਾਲ ਪੁੱਛਣ ਵਾਲੇ ਦੇ ਥੱਪੜ ਜੜਿਆ
- ਆਮ ਲੋਕਾਂ ਦੇ ਸਵਾਲਾਂ ਤੋਂ ਭੱਜ ਗਏ ਵੱਡੇ ਲੀਡਰ
- ਸਵਾਲੀਆਂ ਨੂੰ ਡੱਕਣ ਲਈ ਚੋਣ ਜਲਸਿਆਂ 'ਚ ਖਾਸ ਪ੍ਰਬੰਧ
- ਬਹੁਤੇ ਸਵਾਲ ਪੁੱਛਣ ਵਾਲੇ ਪਿੰਡਾਂ ਦੇ ਆਮ ਲੋਕ
- ਬਾਦਲਾਂ ਦੇ ਜੋੜਾਂ 'ਚ ਬਹਿ ਗਈ ਬਰਗਾੜੀ

**ਚੰਡੀਗੜ੍ਹ,ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਉਮੀਦਵਾਰਾਂ ਨੂੰ ਪੁੱਛੇ ਜਾ ਰਹੇ ਸਵਾਲਾਂ ਦਾ ਰੁਝਾਨ ਇਕ ਨਿਵੇਕਲੇ ਅਤੇ ਦਿਲਚਸਪ ਵਰਤਾਰੇ ਵੱਜੋਂ ਸਾਹਮਣੇ ਆਇਆ ਹੈ। ਸੱਥਾਂ, ਮੁਹੱਲਿਆਂ ਅਤੇ ਚੌਰਾਹਿਆਂ ਵਿਚ ਮੁੱਦਤਾਂ 'ਤੋਂ ਹੁੰਦੀਆਂ ਆ ਰਹੀਆਂ ਇਹਨਾਂ ਨੁੱਕੜ ਮੀਟਿੰਗਾਂ ਅਤੇ ਮਿੰਨੀ ਰੈਲੀਆਂ ਵਿਚ ਪਾਰਟੀ ਵਰਕਰਾਂ ਵੱਲੋਂ ਅੰਬਰ ਦਹਿਲਾਉਂਦੇ ਜ਼ਿੰਦਾਬਾਦੀ ਨਾਅਰਿਆਂ ਦੀ ਗੂੰਜ ਵਿਚ ਫੁੱਲਾਂ ਦੇ ਹਾਰ ਅਤੇ ਬਰਫੀ/ਡਰਾਈ-ਫਰੂਟ/ਜੂਸ ਆਦਿ ਨਾਲ ਕੀਤੀ ਜਾਂਦੀ ਸੇਵਾ ਦੇ ਗਿੱਝੇ ਸਿਆਸੀ ਆਗੂ ਇਸ ਵਾਰੀ ਇਨ੍ਹਾਂ ਸਵਾਲਾਂ ਤੋਂ ਡਾਢੇ ਪਰੇਸ਼ਾਨ ਹਨ। ਪਹਿਲਾਂ ਲੋਕ ਉਹਨਾਂ ਦੀ ਵਾਅਦਿਆਂ-ਭਰੋਸਿਆਂ ਅਤੇ ਵਿਰੋਧੀ ਧਿਰ ਨੂੰ ਤਾਹਨੇ-ਮਿਹਣਿਆਂ ਨਾਲ ਭਰਪੂਰ ਤਕਰੀਰ ਨੂੰ ਸੁਣਦੇ ਸਨ, ਹੁਣ ਅਜਿਹਾ ਨਹੀਂ ਹੈ। ਵੋਟਰਾਂ ਦਾ ਮਿਜਾਜ਼ ਬਦਲ ਗਿਆ ਹੈ, ਤੇਵਰ ਤਿੱਖੇ ਹੋ ਗਏ ਹਨ।

ਬਾਕੀ ਸਫ਼ਾ 32 'ਤੇ



ਬੀਬੀ ਰਾਜਿੰਦਰ ਕੌਰ ਭੱਠਲ ਸਵਾਲ ਪੁੱਛ ਰਹੇ ਨੌਜਵਾਨ ਉਤੇ ਹੱਥ ਚੁੱਕਦੀ ਹੋਈ।

### ਸੁਆਲ ਪੁੱਛਣ ਵਾਲੇ ਆਮ ਲੋਕ

ਦਿਲਚਸਪ ਗੱਲ ਹੈ ਕਿ ਸਵਾਲ ਪੁੱਛਣ ਵਾਲੇ ਪਿੰਡਾਂ ਦੇ ਆਮ ਲੋਕ ਹਨ। ਉਹ ਉਮੀਦਵਾਰਾਂ ਵੱਲੋਂ ਕੀਤੇ ਵਾਅਦਿਆਂ ਤੇ ਕੰਮਾਂ ਦਾ ਹਿਸਾਬ ਮੰਗਦੇ ਹਨ। ਰਵਾਇਤੀ ਪਾਰਟੀਆਂ ਤੋਂ ਇਲਾਵਾ ਆਮ ਆਦਮੀ ਪਾਰਟੀ ਤੇ ਸੁਖਪਾਲ ਖਹਿਰਾ ਦੀ ਪੰਜਾਬ ਏਕਤਾ ਪਾਰਟੀ 'ਤੇ ਵੀ ਜਨਤਾ ਸਵਾਲ ਉਠਾ ਰਹੀ ਹੈ। ਇਨ੍ਹਾਂ ਪਾਰਟੀਆਂ ਦੇ ਪ੍ਰਧਾਨਾਂ ਭਗਵੰਤ ਮਾਨ ਤੇ ਸੁਖਪਾਲ ਸਿੰਘ ਖਹਿਰਾ ਨੂੰ ਵੀ ਜਨਤਾ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਦਿਆਂ ਨੂੰ ਕੋਈ ਵੀ ਪਾਰਟੀ ਸਹੀ ਤਰੀਕੇ ਨਾਲ ਮੁਖਾਤਬ ਨਹੀਂ ਹੋ ਰਹੀ। ਜਨਤਾ ਵਿੱਚ ਸਾਰੀਆਂ ਪਾਰਟੀਆਂ ਖਿਲਾਫ ਰੋਹ ਹੈ। ਸੋਸ਼ਲ ਮੀਡੀਆ ਨੇ ਨੌਜਵਾਨਾਂ ਨੂੰ ਸਿਆਸੀ ਤੌਰ 'ਤੇ ਕਾਫੀ ਜਾਗਰੂਕ ਕਰ ਦਿੱਤਾ ਹੈ। ਉਹ ਉਮੀਦਵਾਰ ਨੂੰ ਸਵਾਲ ਕਰਨਾ ਆਪਣਾ ਹੱਕ ਸਮਝਦੇ ਹਨ।

# ਪੰਜਾਬ ਦੇ ਅਹਿਮ ਮੁੱਦਿਆਂ ਤੋਂ ਸੱਖਣੀਆਂ ਹਨ ਲੋਕ ਸਭਾ ਚੋਣਾਂ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿੱਚ ਲੋਕ ਸਭਾ ਚੋਣਾਂ ਆਖ਼ਰੀ ਪੜਾਅ ਵਿੱਚ 19 ਮਈ ਨੂੰ ਹੋਣੀਆਂ ਹਨ। ਨਾਮਜ਼ਦਗੀ ਭਰਨ ਤੋਂ ਕਾਗ਼ਜ਼ ਵਾਪਸੀ ਤੇ ਚੋਣ ਨਿਸ਼ਾਨ ਅਲਾਟ ਕੀਤੇ ਜਾਣ ਦੇ ਪਹਿਲੇ ਅਹਿਮ ਦੌਰ ਮੁਕੰਮਲ ਹੋ ਚੁੱਕੇ ਹਨ। ਪੰਜਾਬ ਸੂਬੇ ਦੇ 13 ਲੋਕ ਸਭਾ ਹਲਕਿਆਂ ਲਈ ਕੁੱਲ 278 ਉਮੀਦਵਾਰ ਚੋਣ ਮੈਦਾਨ ਵਿਚ ਹਨ। ਸਾਰੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਵੀ ਅਲਾਟ ਕਰ ਦਿੱਤੇ ਗਏ ਹਨ। ਪਿੰਡਾਂ ਦੇ ਲੋਕਾਂ ਨੇ ਹਾੜ੍ਹੀ ਦਾ ਦਾਣਾ-ਫੱਕਾ ਵੀ ਲੱਗਭੱਗ ਸਾਂਭ ਲਿਆ ਹੈ। ਮੰਡੀਆ ਵਿਚ ਕਣਕ ਦੀ ਖ਼ਰੀਦ ਵੀ ਆਖ਼ਰੀ ਪੜਾਅ ਉੱਤੇ ਹੈ। ਇਸ ਦੇ ਨਾਲ ਹੀ ਉਮੀਦਵਾਰਾਂ ਦਾ ਚੋਣ ਪ੍ਰਚਾਰ ਵੀ ਤੇਜ਼ ਹੋਣਾ ਸ਼ੁਰੂ ਹੋ ਗਿਆ ਹੈ। ਇਸ ਵਾਰ ਇੱਕ ਧਿਰ ਸੂਬੇ ਵਿਚ ਰਾਜ ਕਰਦੀ ਕਾਂਗਰਸ ਪਾਰਟੀ ਵਾਲੀ ਹੈ ਤੇ ਉਸ ਦੇ ਮੁਕਾਬਲੇ ਵਿੱਚ ਤਿੰਨ ਵੱਖ-ਵੱਖ ਧਿਰਾਂ ਸ਼੍ਰੋਮਣੀ ਅਕਾਲੀ ਦਲ (ਬਾਦਲ), ਆਮ ਆਦਮੀ ਪਾਰਟੀ ਤੇ ਪੰਜਾਬ ਜਮਹੂਰੀ ਗੱਠਜੋੜ ਮੈਦਾਨ ਵਿੱਚ ਹਨ। ਮੁੱਖ ਪਾਰਟੀਆਂ ਕਾਂਗਰਸ, ਅਕਾਲੀ ਦਲ-ਬੀਜੇਪੀ ਗਠਜੋੜ ਤੇ ਆਮ ਆਦਮੀ ਪਾਰਟੀ ਸਾਰੀਆਂ 13 ਸੀਟਾਂ ਤੋਂ ਜਿੱਤ ਦਾ ਦਾਅਵਾ ਕਰ ਰਹੀਆਂ ਹਨ। ਕਾਂਗਰਸ ਨੇ ਤਾਂ ਇਸ ਨੂੰ 'ਮਿਸ਼ਨ 13' ਦਾ ਨਾਂ ਤਕ ਦੇ ਦਿੱਤਾ ਹੈ। ਉੱਧਰ ਅਕਾਲੀ



ਦਲ ਤੇ 'ਆਪ' ਕਾਂਗਰਸ ਦੀਆਂ ਨਾਕਾਮੀਆਂ ਗਿਣਾ ਕੇ ਚੋਣ ਜਿੱਤਣ ਦੇ ਸੁਫਨੇ ਲੈ ਰਹੀਆਂ ਹਨ। ਤਿੰਨਾਂ ਮੁੱਖ ਪਾਰਟੀਆਂ ਦੇ ਦਾਅਵਿਆਂ ਦਾ ਜੇ ਹਲਕੇਵਾਰ ਵਿਸ਼ਲੇਸ਼ਣ ਕੀਤਾ ਜਾਏ ਤਾਂ ਇੰਨਾ ਸਾਫ ਹੈ ਕਿ ਕੋਈ ਵੀ ਦਲ ਕਲੀਨ ਸਵੀਪ ਕਰਨ ਦੀ ਹਾਲਤ ਵਿੱਚ ਨਹੀਂ ਤੇ ਨਾ ਹੀ ਸੂਬੇ ਵਿੱਚ ਕਿਸੇ ਪਾਰਟੀ ਦੇ ਸਮਰਥਨ ਵਿੱਚ ਕੋਈ ਲਹਿਰ ਚੱਲ ਰਹੀ ਹੈ।

ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਸੂਬੇ ਨਾਲ ਸਬੰਧਿਤ

- 13 ਸੀਟਾਂ ਲਈ ਕੁੱਲ 278 ਉਮੀਦਵਾਰ ਮੈਦਾਨ ਵਿਚ
- ਪਰਚਾਰ 'ਚ ਨਿੱਜੀ ਦੂਸ਼ਣਬਾਜ਼ੀ ਭਾਰੂ
- ਅਕਾਲੀ ਦਲ ਪੰਥ ਤੇ ਪੰਜਾਬ ਨੂੰ ਭੁੱਲ ਰਾਸ਼ਟਰਵਾਦ ਤੇ ਮੋਦੀ ਦੇ ਨਾਮ 'ਤੇ ਲੜ ਰਿਹਾ ਏ ਚੋਣਾਂ
- ਪੰਜਾਬ ਦੇ ਲੁੱਟੇ ਗਏ ਪਾਣੀਆਂ ਦੀ ਬਾਤ ਵੀ ਵਿਸਰੀ

ਮੁੱਖ ਮੁੱਦੇ ਹਾਸ਼ੀਏ ਉੱਤੇ ਚਲੇ ਗਏ ਹਨ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਕਈ ਦਹਾਕਿਆਂ ਤੋਂ ਲੋਕ ਸਭਾ ਚੋਣਾਂ ਸਮੇਂ ਐੱਸਵਾਈਐੱਲ ਨਹਿਰ, ਪਾਣੀਆਂ ਦਾ ਮੁੱਦਾ, ਚੰਡੀਗੜ੍ਹ 'ਤੇ ਪੰਜਾਬ ਦਾ ਹੱਕ, ਪੰਜਾਬੀ ਬੋਲੀ, ਪੰਜਾਬੀ ਬੋਲਦੇ ਇਲਾਕਿਆਂ ਵਰਗੇ ਮੁੱਦੇ ਉਭਾਰ ਕੇ ਖ਼ੁਦ ਨੂੰ ਪੰਜਾਬ ਦੇ ਅਸਲ ਹਿਤੈਸ਼ੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਆ ਰਿਹਾ ਸੀ ਪਰ ਇਸ

ਬਾਕੀ ਸਫ਼ਾ 33 'ਤੇ

## ਫਿਲਮ ਵਿਚ ਸਿੱਖ ਗੁਰੂ ਸਾਹਿਬਾਨ ਦਾ ਬਣਾਇਆ ਕਾਰਟੂਨ

**ਚੰਡੀਗੜ੍ਹ/ਏਟੀ ਨਿਊਜ਼ :** ਜਿੱਥੇ ਇੱਕ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਾਰ-ਵਾਰ ਇਸ ਗੱਲ ਦੀ ਤਸਦੀਕ ਹੋ ਚੁੱਕੀ ਹੈ ਕਿ ਸਿੱਖ ਧਰਮ ਵਿੱਚ ਗੁਰੂ ਸਾਹਿਬਾਨ, ਗੁਰੂ ਪਰਿਵਾਰ ਅਤੇ ਗੁਰੂ ਕਾਲ ਦੀਆਂ ਸਤਿਕਾਰਤ ਸਿੱਖ ਸਖਸ਼ੀਅਤਾਂ ਦਾ ਕਿਸੇ ਵੀ ਰੂਪ ਵਿੱਚ ਚਿਤਰਨ ਨਹੀਂ ਕੀਤਾ ਜਾ ਸਕਦਾ ਪਰ ਇਸ ਦੇ ਬਾਵਜੂਦ ਅਜੋਕੇ ਪੂੰਜੀਵਾਦੀ ਦੌਰ ਵਿੱਚ ਕੁਝ ਲੋਕ ਸਿੱਖ ਭਾਵਨਾਵਾਂ ਨੂੰ ਵਪਾਰਕ ਲਾਹੇ ਲਈ ਵਰਤਦਿਆਂ ਇਹਨਾਂ ਨਿਰਦੇਸ਼ਾਂ ਨੂੰ ਲਗਾਤਾਰ ਚੁਣੌਤੀ ਦੇ ਰਹੇ ਹਨ ਅਤੇ ਵੱਖ-ਵੱਖ ਤਰੀਕਿਆਂ ਨਾਲ ਗੁਰੂ ਸਾਹਿਬਾਨ ਨੂੰ ਫਿਲਮਾਅ ਰਹੇ ਹਨ। ਹੁਣ ਅਜਿਹਾ ਹੀ ਇੱਕ ਗੈਰਸਿਧਾਂਤਿਕ ਯਤਨ ਨਵੀਂ ਆ ਰਹੀ ਫਿਲਮ ਦਾਸਤਾਨ ਏ ਮੀਰੀ ਪੀਰੀ ਰਾਹੀਂ ਕੀਤਾ ਗਿਆ ਹੈ। ਇਹ ਇੱਕ ਐਨੀਮੇਟਿਡ ਫਿਲਮ ਹੈ ਜਿਸ ਵਿਚ ਇੱਕ ਨਹੀਂ ਬਲਕਿ ਦੋ ਗੁਰੂ ਸਾਹਿਬਾਨ ਨੂੰ ਫਿਲਮਾਇਆ ਗਿਆ ਹੈ। ਇਸ ਫਿਲਮ ਵਿੱਚ ਗੁਰੂ ਅਰਜਨ ਪਾਤਸ਼ਾਹ ਅਤੇ ਗੁਰੂ ਹਰਗੋਬਿੰਦ ਪਾਤਸ਼ਾਹ ਤੋਂ ਇਲਾਵਾ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ,

ਬਾਕੀ ਸਫ਼ਾ 33 'ਤੇ














REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

## ਉੜੀਸਾ ਦੇ ਤੂਫਾਨ ਪੀੜਤਾਂ ਦਾ ਸਹਾਰਾ ਬਣੀ ਹੈ 'ਖਾਲਸਾ ਏਡ'

**ਉੜੀਸਾ/ਏਟੀ ਨਿਊਜ਼ :** ਖ਼ਾਲਸਾ ਏਡ ਸੰਸਥਾ ਦੇ ਮੈਂਬਰਾਂ ਨੇ ਕੋਈ ਵੀ ਅਜਿਹਾ ਦਿਨ ਖਾਲੀ ਨਹੀਂ ਜਾਣ ਦਿੱਤਾ ਜਦੋਂ ਦੁਨੀਆ ਦੇ ਕਿਸੇ ਕੋਨੇ ਵਿਚ ਕੋਈ ਆਫ਼ਤ ਟੁੱਟੀ ਹੋਵੇ 'ਤੇ ਉਨ੍ਹਾਂ ਨੇ ਪੀੜਤਾਂ ਦੀ ਬਾਂਹ ਨਾ ਫੜੀ ਹੋਵੇ। ਪਿਛਲੇ ਦਿਨੀਂ ਉੜੀਸਾ 'ਚ ਆਏ ਫ਼ਾਨੀ ਤੂਫ਼ਾਨ ਨੇ ਉੱਥੇ ਕਾਫ਼ੀ ਤਬਾਹੀ ਮਚਾਈ ਸੀ। ਸਰਕਾਰ ਵੱਲੋਂ ਪਹਿਲਾਂ ਕੀਤੇ ਪ੍ਰਖ਼ਤਾ ਪ੍ਰਬੰਧਾਂ ਕਾਰਨ ਜ਼ਿਆਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਪਰ ਤੂਫ਼ਾਨ ਦੀ ਰਫ਼ਤਾਰ ਇੰਨੀ ਤੇਜ਼ ਸੀ ਕਿ ਮਾਲੀ ਨੁਕਸਾਨ ਬਹੁਤ ਜ਼ਿਆਦਾ ਹੋਇਆ ਹੈ। ਹਜ਼ਾਰਾਂ ਲੋਕਾਂ ਦੇ ਘਰ ਢਹਿ ਗਏ। ਉਨ੍ਹਾਂ ਨੂੰ ਦੂਜੀਆਂ ਥਾਵਾਂ 'ਤੇ ਪਨਾਹ ਲੈਣੀ ਪੈ ਰਹੀ ਹੈ। ਅਜਿਹੇ 'ਚ ਇਨ੍ਹਾਂ ਲੋਕਾਂ ਦਾ ਸਹਾਰਾ ਬਣੀ ਹੈ 'ਖਾਲਸਾ ਏਡ'। ਲੋਕਾਂ ਦੀ ਮਦਦ ਲਈ ਰੋਜ਼ਾਨਾ ਲੰਗਰ, ਦਵਾਈਆਂ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।




### ਅਮਰੀਕੀ ਅਦਾਲਤ ਦਾ ਵੱਡਾ ਫੈਸਲਾ

## ਵੀਜ਼ਾ ਮਿਆਦ ਪੁੱਗਣ 'ਤੇ ਵੀ ਨਹੀਂ ਹੋਣਗੇ ਡਿਪੋਰਟ ਵਿਦਿਆਰਥੀ

**ਨਿਊਯਾਰਕ/ਏਟੀ ਨਿਊਜ਼ :** ਟਰੰਪ ਸਰਕਾਰ ਨੇ ਪਿਛਲੇ ਅਗਸਤ ਵਿੱਚ ਫੈਸਲਾ ਲਿਆ ਸੀ ਕਿ ਜਿਹੜੇ ਕੌਮਾਂਤਰੀ ਵਿਦਿਆਰਥੀ ਆਪਣਾ ਵੀਜ਼ਾ ਪੂਰਾ ਹੋਣ ਤੋਂ 180 ਦਿਨਾਂ ਦੇ ਬਾਅਦ ਵੀ ਅਮਰੀਕਾ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਤੁਰੰਤ ਉਨ੍ਹਾਂ ਦੇ ਮੂਲ ਦੇਸ਼ ਭੇਜਿਆ ਜਾਵੇ ਭਾਵ ਡਿਪੋਰਟ ਕੀਤਾ ਜਾਵੇਗਾ। ਪਰ ਹੁਣ ਅਜਿਹਾ ਨਹੀਂ ਹੋਣ ਜਾ ਰਿਹਾ। ਜੋ ਵਿਦਿਆਰਥੀਆਂ ਲਈ ਰਾਹਤ ਦੀ ਖ਼ਬਰ ਹੈ। ਅਮਰੀਕੀ ਫੈਡਰਲ ਜੱਜ ਨੇ ਟਰੰਪ ਸਰਕਾਰ ਦੇ ਵੀਜ਼ਾ ਮਿਆਦ ਪੁੱਗ ਚੁੱਕੇ ਕੌਮਾਂਤਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਹੈ। ਜੱਜ ਲੌਰੇਟਾ ਸੀ. ਬਿਗਸ ਨੇ ਅਮਰੀਕਾ ਦੀ ਪ੍ਰਵਾਸ ਏਜੰਸੀ ਯੂਐਸਸੀਆਈਐਸ ਨੂੰ ਘੱਟੋ-ਘੱਟ 10 ਸਾਲ ਤਕ ਉਡੀਕ ਕਰਨ ਲਈ ਕਿਹਾ ਹੈ ਤਾਂ ਜੋ ਪ੍ਰਕਿਰਿਆ ਵਿੱਚ ਲੋੜੀਂਦੇ ਬਦਲਾਅ ਕੀਤੇ ਜਾ ਸਕਣ।



ਜੱਜ ਬਿਗਸ ਨੇ ਕਿਹਾ ਕਿ ਵਿਦਿਆਰਥੀ ਕੁਝ ਮਾਸੂਮ ਕਾਰਨਾਂ ਕਰਕੇ ਵੀ ਆਪਣੀ ਵੀਜ਼ਾ ਮਿਆਦ ਦੀ ਉਲੰਘਣਾ ਕਰ ਜਾਂਦੇ ਹਨ। ਇਸ ਲਈ ਸਾਰੇ ਵਿਦਿਆਰਥੀਆਂ ਉੱਪਰ ਅਜਿਹੀ ਸਖ਼ਤੀ ਲਾਗੂ ਨਹੀਂ ਕੀਤੀ ਜਾ ਸਕਦੀ। ਅਮਰੀਕੀ ਅਦਾਲਤ ਦੇ ਇਸ ਫੈਸਲੇ ਦਾ ਸਭ ਤੋਂ ਵੱਧ ਸਾਕਾਰਾਤਮਕ ਅਸਰ ਭਾਰਤੀ ਵਿਦਿਆਰਥੀਆਂ 'ਤੇ ਪਵੇਗਾ।





1984 ਅਣਚਿਤਵਿਆ ਕਹਿਰ
audiobook
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖ਼ਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫ਼ਤ ਵੇਖ ਸਕਦੇ ਹੋ।
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

Legal Document Preparation



- Wills & Trusts — ਵਸੀਅਤਾਂ
- Divorce — ਤਲਾਕ
- Affidavits — ਐਫੀਡੇਵਿਟ
- Grant Deeds — ਗਰਾਂਟ ਡੀਡਜ਼
- Notary — ਨੋਟਰੀ

Not an Attorney
Call Sarvinder
510-648-5554
dolly@worryfreelegaldocs.com
www.worryfreelegaldocs.com
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ


Atul Kapoor
CEO


Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਸਾਇਰੇਵਿਲ ਦੇ ਮੇਅਰ ਵੱਲੋਂ ਸਿੱਖ ਡਾਕਟਰ ਦੇ ਮੈਡੀਕਲ ਦਫਤਰ ਦਾ ਉਦਘਾਟਨ



**ਨਿਊਜਰਸੀ/ਰਾਜ ਗੋਗਨਾ :**
ਨਿਊਜਰਸੀ ਸੂਬੇ ਦੇ ਸਾਇਰੇਵਿਲ ਸ਼ਹਿਰ ਦੀ ਧਾਰਮਿਕ ਸ਼ਖ਼ਸੀਅਤ ਅਤੇ ਉੱਘੇ ਸਿੱਖ ਆਗੂ ਇੰਦਰਜੀਤ ਸਿੰਘ ਉਮਰਪੁਰੀ ਦੇ ਹੋਣਹਾਰ ਬੇਟੇ ਡਾ. ਜਸਪ੍ਰੀਤ ਸਿੰਘ ਨੇ ਹੇਜਲਿੱਟ ਸ਼ਹਿਰ ਵਿਚ ਮਾਨਸਿਕ ਰੋਗਾਂ ਦਾ ਹਸਪਤਾਲ ਖੋਲ੍ਹਿਆ ਹੈ। ਇਸ ਮੌਕੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਮਿੱਤਰਾਂ ਦੀ ਹਾਜ਼ਰੀ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ।

ਡਾ. ਜਸਪ੍ਰੀਤ ਸਿੰਘ ਅਤੇ ਉਹਨਾਂ ਦੀ ਸੁਪਤਨੀ ਡਾ. ਪ੍ਰਨੀਤ ਕੌਰ ਦੇ ਹੇਜਲਿੱਟ ਸ਼ਹਿਰ ਵਿਚਲੇ ਦਫਤਰ ਦਾ ਉਦਘਾਟਨ ਸਾਇਰੇਵਿਲ ਦੇ ਮਾਣਯੋਗ ਮੇਅਰ ਕੈਨੇਡੀ ਉਬਰਾਇਨ ਵਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ। ਮੇਅਰ ਵੱਲੋਂ ਮੈਡੀਕਲ ਖੇਤਰ ਵਿੱਚ ਵੱਡੀ ਗਿਣਤੀ ਵਿਚ ਸੇਵਾਵਾਂ ਦੇ ਰਹੇ ਭਾਰਤੀ ਭਾਈਚਾਰੇ ਦੇ ਡਾਕਟਰਾਂ ਅਤੇ ਨਰਸਾਂ ਦੇ ਰੋਲ ਦੀ ਸ਼ਲਾਘਾ ਕੀਤੀ ਗਈ। ਨਿਊਜਰਸੀ ਦੇ ਐਡੀਸਨ ਸ਼ਹਿਰ ਤੋਂ ਬਾਅਦ ਇਹ ਇਸ ਡਾਕਟਰ ਜੋੜੀ ਦਾ ਦੂਜਾ ਦਫਤਰ ਹੈ।

# ਸੈਲਾਨੀ ਵੀਜ਼ੇ ਵਾਲਿਆਂ ਨੂੰ ਵੀ ਮਿਲ ਸਕਦਾ ਹੈ ਕੈਨੇਡਾ ਦਾ ਵਰਕ ਪਰਮਿਟ

**ਵੈਨਕੁਵਰ/ਏਟੀ ਨਿਊਜ਼ :** ਹੁਣ ਸੈਲਾਨੀ ਵੀਜ਼ੇ ਵਾਲਿਆਂ ਨੂੰ ਵੀ ਕੈਨੇਡਾ ਦਾ ਵਰਕ ਪਰਮਿਟ ਮਿਲ ਸਕਦਾ ਹੈ। ਬਹੁਤ ਲੋਕ ਕਹਿਣਗੇ ਕਿ ਇਸ ਤਰ੍ਹਾਂ ਨਹੀਂ ਹੁੰਦਾ ਪਰ ਕੈਨੇਡਾ ਦੀਆਂ ਪਰਵਾਸ ਨੀਤੀਆਂ ਮੁਤਾਬਕ ਇਹ ਸੰਭਵ ਹੈ। ਕਾਨੂੰਨੀ ਤਰੀਕੇ ਨਾਲ ਅਸੀਂ ਕੈਨੇਡਾ ਦੇ ਟੂਰਿਸਟ ਵੀਜ਼ਾ ਨੂੰ ਵਰਕ ਵੀਜ਼ਾ ਵਿੱਚ ਕਿਵੇਂ ਤਬਦੀਲ ਕਰਨਾ ਹੈ; ਇਸ ਦੀਆਂ ਕੁਝ ਸ਼ਰਤਾਂ ਹਨ ਜੋ ਸਾਨੂੰ ਮੰਨਣੀਆਂ ਪੈਣਗੀਆਂ। ਸ਼ਰਤਾਂ ਨੂੰ ਪੂਰਾ ਕਰਕੇ ਤੁਸੀਂ 100% ਵਰਕ ਵੀਜ਼ਾ ਪਾ ਸਕਦੇ ਹੋ ਤੇ ਜ਼ਿਆਦਾ ਜਾਣਕਾਰੀ ਲੈਣੀ ਹੋਵੇ ਤਾਂ ਕੈਨੇਡਾ ਦੀ ਵੈਬਸਾਈਟ 'ਤੇ ਇਸ ਵੀਜ਼ੇ ਦੀ ਤਬਦੀਲੀ ਬਾਰੇ ਲਿਖਿਆ ਹੋਇਆ ਹੈ। ਤੁਸੀਂ ਇੱਕ ਗੱਲ ਦਾ ਧਿਆਨ ਰੱਖਣਾ ਹੈ ਕਿ ਜਦੋਂ ਤੁਸੀਂ ਕੈਨੇਡਾ ਟੂਰਿਸਟ ਵੀਜ਼ੇ 'ਤੇ ਪਹੁੰਚਦੇ ਹੋ ਤਾਂ ਵੀਜ਼ਾ ਅਫਸਰਾਂ ਨੂੰ ਇਹ ਨਹੀਂ ਕਹਿਣਾ ਹੋਵੇਗਾ ਕਿ ਤੁਸੀਂ ਇੱਥੇ ਸਿਰਫ ਵੀਜ਼ਾ ਤਬਦੀਲੀ ਕਰਕੇ ਵਰਕ ਵੀਜ਼ਾ ਲੈਣਾ ਹੈ। ਤੁਸੀਂ ਸਿਰਫ ਘੁੰਮਣ ਫਿਰਨ ਹੀ ਆਏ ਹੋ। ਕੈਨੇਡਾ ਜਾਂਦੇ ਸਮੇਂ ਤੁਸੀਂ ਇਹ ਗੱਲਾਂ ਵੀ ਧਿਆਨ ਵਿੱਚ ਰੱਖਣੀਆਂ ਹਨ ਕਿ ਆਪਣੇ ਬੈਗ ਵਿਚ ਕੋਈ ਵੀ ਪੜ੍ਹਾਈ ਨਾਲ ਸਬੰਧਿਤ ਡਾਕੂਮੈਂਟ ਨਾ ਹੋਵੇ, ਕਿਉਂਕਿ ਤੁਸੀਂ ਸਟੱਡੀ ਵੀਜ਼ਾ ਲਈ ਨਹੀਂ ਜਾ ਰਹੇ ਹੋ। ਇਹ ਜਾਂ ਹੋਰ ਡਾਕੂਮੈਂਟ ਤੁਸੀਂ ਪਾਰਸਲ ਰਾਹੀਂ ਬਾਅਦ ਵਿਚ ਮੰਗਵਾ ਸਕਦੇ ਹੋ। ਕੈਨੇਡਾ ਪਹੁੰਚ ਕੇ ਤੁਸੀਂ ਇਹ ਯਤਨ ਕਰ ਸਕਦੇ ਹੋ ਕਿ ਤੁਸੀਂ ਔਨਾਲਾਈਨ ਨੌਕਰੀ ਲੱਭ ਰਹੇ ਹੋ ਅਤੇ ਤੁਸੀਂ ਸਾਫਟਵੇਅਰ ਇੰਜੀਨੀਅਰ ਜਾਂ ਵੈਬਸਾਈਟ ਡਿਵੈਲਪਰ ਹੋ। ਇਸ ਲਈ ਇੰਟਰਵਿਊ ਦੇਣੀ ਹੋਵੇਗੀ। ਜੇਕਰ ਕਿਸਮਤ ਨਾਲ ਤੁਸੀਂ ਉੱਥੇ ਨੌਕਰੀ ਲਈ ਸਲੈਕਟ ਹੋ ਗਏ ਤਾਂ ਤੁਹਾਨੂੰ ਨੌਕਰੀ ਦੀ ਆਫਰ ਮਿਲੇਗੀ, ਜਿਸ ਲਈ ਤੁਹਾਨੂੰ LMIA APPROVAL PROCESS ਲੈ ਕੇ ਦੇਣੀ ਹੁੰਦੀ ਹੈ। ਫਿਰ ਕਰਮਚਾਰੀ ਨੂੰ ਅਖਬਾਰ ਅਤੇ ਰੇਡੀਓ ਤੇ ਐਡਵਰਟਾਈਜ਼ਮੈਂਟ ਦੇਣੀ ਪੈਂਦੀ ਹੈ ਤੇ ਰੁਜ਼ਗਾਰਦਾਤਾ ਨੂੰ ਕੈਨੇਡਾ ਸਰਕਾਰ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਇਸ ਤੋਂ ਵਧੀਆ ਕੋਈ ਕਰਮਚਾਰੀ ਨਹੀਂ ਮਿਲਿਆ ਹੈ। ਇਸ ਲਈ ਕਰਮਚਾਰੀ ਨੂੰ ਨੌਕਰੀ 'ਤੇ ਰੱਖਣਾ ਹੈ। ਫਿਰ LMIA APPROVAL ਮਿਲਣ ਉਤੇ ਤੁਹਾਨੂੰ ਬਾਰਡਰ 'ਤੇ ਜਾ ਕੇ ਇੱਕ ਇੰਟਰਵਿਊ ਦੇਣੀ ਹੁੰਦੀ ਹੈ ਤੇ ਇਸ ਦੀ ਫ਼ੀਸ £150 ਦੇਣੀ ਹੋਵੇਗੀ ਤ ਤੁਹਾਨੂੰ ਵਰਕ ਪਰਮਿਟ ਮਿਲ ਜਾਵੇਗਾ। ਇਸ ਤੋਂ ਬਾਅਦ ਤੁਸੀਂ ਆਪਣੇ ਪਤੀ ਜਾਂ ਪਤਨੀ ਤੇ ਬੱਚਿਆਂ ਨੂੰ ਵੀ ਕੈਨੇਡਾ ਬੁਲਾ ਸਕਦੇ ਹੋ। ਕੈਨੇਡਾ ਪਹੁੰਚਦੇ ਹੀ ਤੁਹਾਡੇ ਸਾਥੀ ਨੂੰ ਓਪਨ ਵਰਕ ਪਰਮਿਟ ਮਿਲ ਜਾਵੇਗਾ, ਜਿਸਦਾ ਫ਼ਾਇਦਾ ਇਹ ਹੋਵੇਗਾ ਕਿ ਉਹ ਕਿਤੇ ਵੀ ਕੰਮ ਕਰ ਸਕਦਾ ਹੈ ਅਤੇ ਤੁਹਾਡੇ ਬੱਚਿਆਂ ਨੂੰ ਮੈਡੀਕਲ ਤੇ ਸਕੂਲ ਦੀਆ ਸਹੂਲਤਾਂ ਬਿਲਕੁਲ ਮੁਫਤ ਮਿਲ ਜਾਂਦੀਆਂ ਹਨ।

# ਕੈਲੀਫੋਰਨੀਆ ਜੇਲ੍ਹ ਵਿਚ ਕੈਦੀ ਦੀ ਬੇਦਰਦੀ ਨਾਲ ਹੱਤਿਆ

**ਸਟਾਕਟਨ/ਹੁਸਨ ਲੜੋਆ ਬੰਗਾ :** ਕਤਲ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜੇਲ੍ਹ ਵਿਚ ਬੰਦ ਇਕ ਵਿਅਕਤੀ ਵੱਲੋਂ ਆਪਣੇ ਸਾਥੀ ਕੈਦੀ ਦਾ ਬਹੁਤ ਹੀ ਹੌਲਨਾਕ ਢੰਗ ਨਾਲ ਕਤਲ ਕਰ ਦਿੱਤਾ ਗਿਆ। ਕਿੰਗਜ ਕਾਊਂਟੀ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਫਿਲਐਸਬਿਨਸੇਡ ਨੇ ਦੱਸਿਆ ਕਿ ਜੇਮੀ ਓਸੁਨਾ ਨਾਮੀ ਦੋਸ਼ੀ ਨੂੰ ਕੋਰੋਰੈਨ ਸਟੇਟ ਜੇਲ੍ਹ ਤੋਂ ਸਟਾਕਟਨ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ। ਇਥੇ ਉਸ ਨੇ ਕਿਸੇ ਤੇਜ਼ਧਾਰ ਹਥਿਆਰ ਨਾਲ 44 ਸਾਲਾ ਲੂਇਸ ਰੋਮਰੋ ਨਾਂ ਦੇ ਆਪਣੇ ਸਾਥੀ ਕੈਦੀ ਦੇ ਜੀਭ, ਨੱਕ, ਕੰਨ, ਅੱਖਾਂ ਤੇ ਬੁੱਲਾਂ ਨੂੰ ਬੁਰੀ ਤਰਾਂ ਕੱਟ ਵੱਢ ਦਿੱਤਾ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜੇਲ੍ਹ ਦੇ ਸਟਾਫ ਜਾਂ ਕਿਸੇ ਹੋਰ ਕੈਦੀ ਨੂੰ ਜੇਮ ਓਸੂਨਾ ਦੀ ਇਸ ਕਰਤੂਤ ਦਾ ਸਮੇਂ ਸਿਰ ਪਤਾ ਨਹੀਂ ਲੱਗਾ। ਜਦੋਂ ਜੇਲ੍ਹ ਦੇ ਗਾਰਡਾਂ ਨੂੰ ਪਤਾ ਲੱਗਾ ਤਾਂ ਲੂਇਸ ਰੋਮਰੋ ਉਸ ਸਮੇਂ ਤਕ ਮਰ ਚੁੱਕਾ ਸੀ।




ਇਹ ਜੇਲ੍ਹ ਸੈਕਰਾਮੈਂਟੋ ਦੇ ਦੱਖਣ ਵਿਚ ਤਕਰੀਬਨ 220 ਮੀਲ ਦੂਰੀ 'ਤੇ ਸਥਿਤ ਹੈ। ਇਸ ਸਮੇਂ ਇਸ ਜੇਲ੍ਹ ਵਿਚ 3300 ਤੋਂ ਵੱਧ ਕੈਦੀ ਹਨ। ਪੋਸਟ ਮਾਰਟਮ ਵਿਚ ਸਪੱਸ਼ਟ ਹੋਇਆ ਹੈ ਕਿ ਲੂਇਸ ਰੋਮਰੋ ਦੀ ਮੌਤ ਡੂੰਘੇ ਜ਼ਖਮਾਂ ਕਾਰਨ ਜ਼ਿਆਦਾ ਖ਼ੂਨ ਵਹਿ ਜਾਣ ਕਾਰਨ ਹੋਈ ਹੈ। ਓਸੂਨਾ ਵਿਰੁੱਧ ਹੱਤਿਆ, ਅਤਿਆਚਾਰ ਕਰਨ ਤੇ ਹਥਿਆਰ ਰੱਖਣ ਸਮੇਤ ਹੋਰ ਕਈ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਬਹੁਤ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕਾ 'ਚ ਨਿਵੇਸ਼ ਕਰ ਕੇ ਪਰਿਵਾਰ ਸਣੇ ਹੋਵੋ ਪੱਕਾ

**ਵਾਸ਼ਿੰਗਟਨ/ਏਟੀ ਨਿਊਜ਼ :** ਯੂਐੱਸ. ਇੰਮੀਗ੍ਰੇਸ਼ਨ ਫੰਡ ਨੇ ਸੁਝਾਅ ਦਿੱਤਾ ਹੈ ਕਿ ਅਮਰੀਕਾ 'ਚ ਐੱਚ 1ਬੀ. ਵੀਜ਼ਾ ਵਰਗੀਆਂ ਪ੍ਰੇਸ਼ਾਨੀਆਂ ਨੂੰ ਖਤਮ ਕਰਨ ਲਈ ਭਾਰਤੀ ਪਰਿਵਾਰ ਈਬੀ-5 ਵੀਜ਼ਾ ਪ੍ਰੋਗਰਾਮ ਨੂੰ ਅਪਣਾਉਣ, ਜਿਵੇਂ ਚੀਨ ਦੇ ਲੋਕ ਕਰ ਰਹੇ ਹਨ। ਈਬੀ-5 ਵੀਜ਼ਾ ਪ੍ਰੋਗਰਾਮ ਤਹਿਤ ਅਮਰੀਕੀ ਵੀਜ਼ਾ ਅਤੇ ਗ੍ਰੀਨ ਕਾਰਡ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲਿਆਂ ਨੂੰ 5 ਲੱਖ ਡਾਲਰ ਦਾ ਨਿਵੇਸ਼ ਕਰਨਾ ਹੋਵੇਗਾ। ਯੂਐੱਸ. ਇੰਮੀਗ੍ਰੇਸ਼ਨ ਫੰਡ ਦੇ ਚੇਅਰਮੈਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨਿਕੋਲਸ ਮੈਸਤ੍ਰੋਈਯਾਨੀ ਦਿਵੀਤਯ ਨੇ ਕਿਹਾ ਕਿ ਅਜਿਹੇ 'ਚ ਈਬੀ-5 ਵੀਜ਼ਾ ਅਮਰੀਕਾ ਇੰਮੀਗ੍ਰੇਸ਼ਨ ਲਈ ਸੁਰੱਖਿਆ ਵਿਕਲਪ ਹੈ। ਉਨ੍ਹਾਂ ਦਾਅਵਾ ਕੀਤਾ ਕਿ ਚੀਨ ਤੋਂ ਸਿੱਖਿਆ ਅਤੇ ਉੱਦਮਤਾ ਦੇ ਖੇਤਰ ਵਿਚ ਹੁਣ 70 ਫੀਸਦੀ ਲੋਕ ਈਬੀ-5 ਵੀਜ਼ਾ ਦਾ ਉਪਯੋਗ ਕਰ ਰਹੇ ਹਨ, ਅਜਿਹੇ ਵਿਚ ਭਾਰਤੀਆਂ ਨੂੰ ਵੀ ਈਬੀ-5 ਵੀਜ਼ਾ ਦਾ ਉਪਯੋਗ ਕਰਨਾ ਚਾਹੀਦਾ ਹੈ। ਇਸ ਨਿਵੇਸ਼ ਰਾਹੀਂ ਬਿਨੈਕਾਰ ਅਤੇ ਉਨ੍ਹਾਂ ਦੀਆਂ ਪਤਨੀਆਂ ਸਮੇਤ 21 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਗ੍ਰੀਨ ਕਾਰਡ ਹਾਸਲ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਈਬੀ-5 ਨਿਵੇਸ਼ ਵੀਜ਼ਾ ਪ੍ਰੋਗਰਾਮ ਦੇ ਤਹਿਤ, ਇੱਕ ਬਿਨੈਕਾਰ, ਯੂਐਸ ਵਿੱਚ 5,00,000 ਡਾਲਰ ਦਾ ਨਿਊਨਤਮ ਨਿਵੇਸ਼ ਕਰਨ 'ਤੇ ਪੱਕੇ ਤੌਰ 'ਤੇ ਸਾਰੇ ਪਰਿਵਾਰ ਲਈ ਗ੍ਰੀਨ ਕਾਰਡ ਪ੍ਰਾਪਤ ਕਰ ਸਕਦਾ ਹੈ ਜਿਸ ਦਾ ਪ੍ਰੋਸੈਸਿੰਗ ਟਾਈਮ ਸਿਰਫ 18 ਮਹੀਨੇ ਹੈ।



# ਸ਼ੇਰਗਿੱਲ ਅਤੇ ਥਾਂਦੀ ਪਰਿਵਾਰ ਨੂੰ ਗਹਿਰਾ ਸਦਮਾ

## ਕਰਮਨ ਨਿਵਾਸੀ ਮਾਤਾ ਸਿਮਰ ਕੌਰ ਦਾ ਅਕਾਲ ਚਲਾਣਾ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਕਰਮਨ ਨਿਵਾਸੀ ਮਾਤਾ ਸਿਮਰ ਕੌਰ ਸ਼ੇਰਗਿੱਲ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਲੰਘੀ 5 ਮਈ, ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਦੀ ਉਮਰ 76 ਸਾਲ ਸੀ ਅਤੇ ਉਨ੍ਹਾਂ ਦਾ ਪਿਛਲਾ ਪਿੰਡ ਰਾਏਪੁਰ ਡੱਬਾਂ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਹੈ।



ਉਹ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਦੇ ਸਤਿਕਾਰਯੋਗ ਭੂਆ ਜੀ ਸਨ। ਸਵ. ਮਾਤਾ ਸਿਮਰ ਕੌਰ ਪਿਛਲੇ 50 ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਅਮਰੀਕਾ ਰਹਿ ਰਹੇ ਸਨ। ਉਹ ਪਹਿਲਾਂ ਸਨਵਾਕੀਨ ਆਏ ਅਤੇ ਬਾਅਦ ਵਿਚ ਕਰਮਨ ਸ਼ਹਿਰ ਵਿਖੇ ਆ ਵਸੇ ਸਨ। ਉਹ ਇੱਥੇ ਵਸੇ ਪਹਿਲੇ ਪੰਜਾਬੀ ਪਰਿਵਾਰਾਂ ਵਿੱਚੋਂ ਸਨ ਅਤੇ ਸਾਰੇ ਇਲਾਕੇ ਵਿਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਉਹ ਹਰ ਸਮੇਂ ਸਮਾਜਿਕ ਅਤੇ ਭਾਈਚਾਰਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 11 ਮਈ, ਦਿਨ ਸ਼ਨੀਵਾਰ ਨੂੰ ,ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮਵਿਖੇ 11 ਵਜੇ ਤੋਂ 01 ਵਜੇ ਤਕ ਹੋਵੇਗੀ, ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਅਨੰਦਗੜ੍ਹ ਸਾਹਿਬਕਰਮਨ ਵਿਖੇ ਬਾਅਦ ਦੁਪਹਿਰ 02:00 ਵਜੇ ਤੋਂ 04:00 ਵਜੇ ਤਕ ਹੋਵੇਗੀ। ਗੁਰੂਘਰ ਦਾ ਪਤਾ: 680 S. Vineland Ave, Kerman, CA-93630 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਨਾਲ ਫੋਨ ਨੰਬਰ (559) 270-3358 ਜਾਂ ਉਨ੍ਹਾਂ ਦੇ ਭਤੀਜੇ ਧਰਮਵੀਰ ਥਾਂਦੀ ਨਾਲ (559) 800-0843 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕੀ ਰਾਸ਼ਟਰਪਤੀ ਦਾ ਮਾਸਕ ਪਹਿਨ ਕੇ ਕੀਤੀ ਚੋਰੀ

**ਆਸਟ੍ਰੇਲੀਆ/ਏਟੀ ਨਿਊਜ਼ :** ਅੱਜ ਦੇ ਦੌਰ 'ਚ ਹਰ ਦੁਕਾਨ ਅਤੇ ਮਾਲ ਦੇ ਬਾਹਰ ਸੀਸੀਟੀਵੀ ਕੈਮਰੇ ਲੱਗੇ ਰਹਿੰਦੇ ਹਨ। ਇਸੇ ਗੱਲ ਦਾ ਧਿਆਨ ਰੱਖਦੇ ਹੋਏ ਚੋਰੀ ਕਰਨ ਤੋਂ ਪਹਿਲਾਂ ਚੋਰ ਆਪਣਾ ਚਿਹਰਾ ਢਕ ਲੈਂਦਾ ਹੈ ਤਾਂ ਕਿ ਚੋਰੀ ਤੋਂ ਬਾਅਦ ਵੀ ਕੋਈ ਉਸ ਦੀ ਪਹਿਚਾਣ ਨਾ ਕਰ ਸਕੇ। ਆਸਟ੍ਰੇਲੀਆ 'ਚ ਇੱਕ ਚੋਰ ਨੇ ਆਪਣੇ ਚਿਹਰਾ ਢਕਣ ਲਈ ਬਿਲਕੁਲ ਵੱਖਰਾ ਤਰੀਕਾ ਲੱਭਿਆ। ਇੱਥੇ ਦੁਕਾਨ ਲੁੱਟਣ ਵਾਲੇ ਚੋਰ ਨੇ ਆਪਣਾ ਚਿਹਰਾ ਢਕਣ ਲਈ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਮਾਸਕ ਪਹਿਨ ਲਿਆ। ਕਵੀਨਜ਼ਲੈਂਡ ਪੁਲਿਸ ਨੇ ਲੋਕਾਂ ਨੂੰ ਦੋਸ਼ੀ ਦੀ ਪਹਿਚਾਣ ਕਰਨ ਦੀ ਅਪੀਲ ਕੀਤੀ ਹੈ। ਸਟੇਥਪਾਈਨ ਸਥਿਤ ਦੁਕਾਨ 'ਚ ਚੋਰੀ ਦੀ ਇਹ ਵਾਰਦਾਤ ਕੈਮਰੇ 'ਚ ਵੀ ਕੈਦ ਹੋ ਗਈ। ਪੁਲਿਸ ਅਨੁਸਾਰ ਦੋਸ਼ੀ ਇੱਕ ਸ਼ਾਪਿੰਗ



ਸੈਂਟਰ ਦਾ ਗਲਾਸ ਤੋੜ ਕੇ ਅੰਦਰ ਵੜਿਆ। ਉਸ ਨੇ ਜਵੈਲਰੀ ਦੀ ਦੁਕਾਨ ਦੀ ਖਿੜਕੀ ਤੋੜ ਕੇ ਕਈ ਘੜੀਆਂ ਚੋਰੀ ਕੀਤੀਆਂ।ਸਿਰਫ਼ ਇੰਨਾ ਹੀ ਨਹੀਂ ਉਸ ਨੇ ਇੱਕ ਬਿਜਲੀ ਦੇ ਸਟੋਰ ਦਾ ਸ਼ੀਸ਼ਾ ਵੀ ਤੋੜਿਆ ਅਤੇ ਕੁਝ ਸਮਾਨ ਚੋਰੀ ਕਰ ਲਿਆ। ਦੋਸ਼ੀ ਵਿਅਕਤੀ ਨੇ ਅਮਰੀਕਾ ਦੇ ਰਾਸ਼ਟਰਪਤੀ ਦੇ ਮਾਸਕ ਤੋਂ ਇਲਾਵਾ ਕਾਲੇ ਰੰਗ ਦਾ ਹੂਡੀ ਜੰਪਰ, ਟ੍ਰੈਕ ਪੈਂਟ ਅਤੇ ਸਫ਼ੇਦ ਜੁੱਤੇ ਪਹਿਨੇ ਸਨ। ਇਸ ਘਟਨਾ ਦੀ ਸੋਸ਼ਲ ਮੀਡੀਆ 'ਤੇ ਖ਼ੂਬ ਚਰਚਾ ਕੀਤੀ ਜਾ ਰਹੀ ਹੈ। ਟਰੰਪ ਦੇ ਮਾਸਕ 'ਚ ਦੋਸ਼ੀ ਦੀ ਪਹਿਚਾਣ ਕਰ ਪਾਉਣਾ ਬੇਹੱਦ ਮੁਸ਼ਕਿਲ ਹੈ।

# ਮੈਕਸੀਕੋ ਵਿਚ ਪ੍ਰਾਈਵੇਟ ਜਹਾਜ਼ ਕਰੈਸ਼, 14 ਲੋਕਾਂ ਦੀ ਮੌਤ

**ਮੈਕਸੀਕੋ/ਏਟੀ ਨਿਊਜ਼ :** ਲਾਸ ਵੇਗਾਸ ਤੋਂ ਮੈਕਸੀਕੋ ਦੇ ਮਾਨਟੇਰੀ ਜਾ ਰਿਹਾ ਇਕ ਪ੍ਰਾਈਵੇਟ ਜੈੱਟ ਹਾਦਸਾਗ੍ਰਸਤ ਹੋ ਗਿਆ। ਜਹਾਜ਼ 'ਚ ਸਵਾਰ ਪਾਇਲਟ ਸਮੇਤ ਸਾਰੇ ਯਾਤਰੀਆਂ ਦੀ ਮੌਤ ਦੀ ਖ਼ਬਰ ਦੱਸੀ ਜਾ ਰਹੀ ਹੈ, ਇਸ 'ਚ ਕੁੱਲ 14 ਲੋਕ ਸਵਾਰ ਸੀ। ਜਹਾਜ਼ ਦੇ ਰਡਾਰ ਤੋਂ ਗਾਇਬ ਹੋਣ ਤੋਂ ਬਾਅਦ ਅਧਿਕਾਰੀਆਂ ਨੇ ਖੋਜਬੀਨ ਸ਼ੁਰੂ ਕੀਤੀ। ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਜੈੱਟ ਨੂੰ ਮੈਕਸੀਕੋ 'ਚ ਆਖਰੀ ਵਾਰ ਦੇਖਿਆ ਗਿਆ ਸੀ। ਮੈਕਸੀਕਨ ਆਵਾਜਾਈ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਇਹ ਹੁਣ ਤਕ ਸਾਫ਼ ਨਹੀ ਹੋ ਸਕਿਆ ਹੈ ਕਿ ਕੋਈ ਯਾਤਰੀ ਜਿਉਂਦਾ ਬਚਿਆ ਹੈ ਜਾਂ ਨਹੀਂ। ਜਦਕਿ ਮੈਕਸੀਕਨ ਮੀਡੀਆ ਮੁਤਾਬਕ ਜਹਾਜ਼ 'ਚ ਸਵਾਰ ਸਾਰੇ ਯਾਤਰੀ ਮਾਰੇ ਗਏ ਹਨ। ਰਡਾਰ ਦਾ ਉੱਤਰੀ ਕੋਹੂਈਲਾ ਦੇ ਉੱਤੋਂ ਜਹਾਜ਼ ਨਾਲ ਸੰਪਰਕ ਟੁੱਟ ਗਿਆ ਸੀ। ਉਦੋਂ ਉਹ ਕਰੀਬ 280 ਕਿਮੀ ਤਕ ਦਾ ਸਫ਼ਰ ਤੈਅ ਕਰ ਚੁੱਕਿਆ ਸੀ। ਇੱਥੇ ਦੇ ਲੋਕਲ ਟੀਵੀ 'ਤੇ ਜੈੱਟ ਦੀ ਇੱਕ ਤਸਵੀਰ ਜਾਰੀ ਕੀਤੀ ਗਈ ਹੈ ਜਿਸ 'ਚ ਉਸ ਦੇ ਇਕ ਹਿੱਸੇ ਨੂੰ ਸੜਦੇ ਹੋਏ ਦਿਖਾਇਆ ਗਿਆ ਹੈ।ਘਟਨਾਗ੍ਰਸਤ ਹੋਏ ਜੈੱਟ ਦੀ ਪਛਾਣ ਚੈਲੇਂਜਰ 601 ਵਜੋਂ ਕੀਤੀ ਗਈ ਹੈ।

# ਸਿੱਖ ਇਤਿਹਾਸਕਾਰ ਪ੍ਰੋ. ਕਿਰਪਾਲ ਸਿੰਘ ਚੱਲ ਵਸੇ

**ਚੰਡੀਗੜ੍ਹ/ਏਟੀ ਨਿਊਜ਼ :** ਸਿੱਖ ਇਤਿਹਾਸਕਾਰ ਪ੍ਰੋ. ਕਿਰਪਾਲ ਸਿੰਘ ਨਹੀਂ ਰਹੇ। ਉਨ੍ਹਾਂ ਬਿਮਾਰੀ ਕਾਰਨ 95 ਸਾਲ ਦੀ ਉਮਰ ਵਿੱਚ ਚੰਡੀਗੜ੍ਹ ਵਿੱਚ ਇੱਥੇ ਆਪਣੀ ਰਿਹਾਇਸ਼ 'ਤੇ ਹੀ ਆਖਰੀ ਸਾਹ ਲਏ। ਉਹ ਆਪਣੇ ਪਿੱਛੇ ਦੋ ਪੁੱਤਰ ਅਤੇ ਇਕ ਧੀ ਛੱਡ ਗਏ ਹਨ। 12ਵੀਂ ਕਲਾਸ ਦੇ ਸਿਲੇਬਸ ਵਿਵਾਦ ਬਾਰੇ ਕਮੇਟੀ ਦੇ ਪ੍ਰੋ ਕਿਰਪਾਲ ਸਿੰਘ ਚੇਅਰਮੈਨ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਦਿਆਂ ਕਿਹਾ ਕਿ ਡਾ. ਕਿਰਪਾਲ ਸਿੰਘ ਨਾਮਵਰ ਸਿੱਖ ਇਤਿਹਾਸਕਾਰ ਅਤੇ ਇਕ ਉੱਘੇ



ਸਿੱਖਿਆ ਸ਼ਾਸਤਰੀ ਸਨ, ਜਿਨਾਂ ਨੇ ਭਾਰਤ ਦੇ ਆਧੁਨਿਕ ਅਤੇ ਮੱਧਕਾਲੀਨ ਇਤਿਹਾਸ ਨੂੰ ਸਕੰਲਿਤ ਕਰਨ ਅਤੇ ਪਰਸਾਰ ਕਰਨ ਵਿੱਚ ਅਥਾਹ ਯੋਗਦਾਨ ਪਾਇਆ। ਉਨ੍ਹਾਂ ਦੀ ਇਸ ਮਹਾਨ ਦੇਣ ਨੂੰ ਦੁਨੀਆ ਭਰ ਦੇ ਖੋਜਾਰਥੀਆਂ ਅਤੇ ਇਤਿਹਾਸਕਾਰਾਂ ਵੱਲੋਂ ਹਮੇਸ਼ਾ ਚੇਤੇ ਰੱਖਿਆ ਜਾਵੇਗਾ।

# ਪਾਕਿਸਤਾਨ ਆਪਣੀ ਹੋਂਦ ਲਈ ਭਾਰਤ ਨੂੰ ਮੰਨਦਾ ਹੈ ਖ਼ਤਰਾ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕਾ ਦੀ ਸੂਹੀਆ ਏਜੰਸੀ ਸੀਆਈਏ ਦੇ ਸਾਬਕਾ ਕਾਰਜਕਾਰੀ ਡਾਇਰੈਕਟਰ ਮਿਸ਼ੇਲ ਮੋਰੈੱਲ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ, ਭਾਰਤ ਨੂੰ 'ਆਪਣੀ ਹੋਂਦ ਲਈ ਪ੍ਰਤੱਖ ਖ਼ਤਰਾ' ਸਮਝਦਾ ਹੈ ਤੇ ਇਹੀ ਵਜ੍ਹਾ ਹੈ ਕਿ ਉਹ ਦਹਿਸ਼ਤੀ ਗੁੱਟਾਂ ਦੀ ਭਾਰਤ ਖ਼ਿਲਾਫ਼ ਇਕ ਸੰਦ ਵਜੋਂ ਵਰਤੋਂ ਕਰ ਰਿਹਾ ਹੈ। ਮੋਰੈੱਲ ਨੇ ਕਰਟ ਕੈਂਪਬੈੱਲ ਤੇ ਰਿਚ ਵਰਮਾ ਨਾਲ ਇਕ ਮੁਲਾਕਾਤ ਦੌਰਾਨ ਕਿਹਾ ਕਿ ਪਾਕਿ ਕਥਿਤ ਵਿਸ਼ਵ ਦੇ ਸਭ ਤੋਂ ਖ਼ਤਰਨਾਕ ਮੁਲਕਾਂ ਵਿਚੋਂ ਇਕ ਹੈ। ਪੂਰਬੀ ਏਸ਼ੀਆ ਮਾਮਲਿਆਂ ਬਾਰੇ ਸਾਬਕਾ ਵਧੀਕ ਸਕੱਤਰ ਕੈਂਪਬੈੱਲ ਤੇ ਭਾਰਤ ਵਿੱਚ ਅਮਰੀਕਾ ਦੇ ਸਾਬਕਾ ਸਫ਼ੀਰ ਵਰਮਾ ਏਸ਼ੀਆ ਗਰੁੱਪ ਦੇ 'ਦਿ ਟੀਲੀਵਜ਼' ਪੋਡਕਾਸਟ ਵੱਲੋਂ ਕਰਵਾਈ ਜਾਂਦੀ ਇਸ ਵਿਚਾਰ ਚਰਚਾ ਦੀ ਨਿਯਮਤ ਮੇਜ਼ਬਾਨੀ ਕਰਦੇ ਹਨ। ਮੋਰੈੱਲ ਨੇ ਕਿਹਾ, 'ਉਨ੍ਹਾਂ ਨੂੰ ਇਹ ਗੱਲ ਕਿਉਂ ਸਮਝ ਨਹੀਂ ਲਗਦੀ ਕਿ ਇਨ੍ਹਾਂ ਦਹਿਸ਼ਤੀ ਜਥੇਬੰਦੀਆਂ ਨੂੰ ਕੰਟਰੋਲ ਵਿੱਚ ਰੱਖਣਾ ਨਾਮੁਮਕਿਨ ਹੈ। ਇਕ ਦਿਨ ਆਏਗਾ ਜਦੋਂ ਉਹ ਤੁਹਾਨੂੰ ਹੀ ਡੰਗਣਗੇ।

# ਨਨਕਾਣਾ ਸਾਹਿਬ : ਗੁਰੂ ਨਾਨਕ 'ਵਰਸਿਟੀ ਲਈ ਜ਼ਮੀਨ ਅਲਾਟ

**ਲਾਹੌਰ/ਏਟੀ ਨਿਊਜ਼ :** ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਸਿੱਖਾਂ ਦੇ ਪਹਿਲੇ ਗੁਰੂ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਕੌਮਾਂਤਰੀ ਯੂਨੀਵਰਸਿਟੀ ਸਥਾਪਤ ਕਰਨ ਲਈ 70 ਏਕੜ ਜ਼ਮੀਨ ਅਲਾਟ ਕੀਤੀ ਹੈ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਕਿਹਾ ਕਿ ਵਿੱਤੀ ਸਾਲ 2019-20 ਦੇ ਬਜਟ ਵਿੱਚ ਲਾਹੌਰ ਤੋਂ 80 ਕਿਲੋਮੀਟਰ ਦੂਰ ਨਨਕਾਣਾ ਸਾਹਿਬ ਵਿੱਚ ਬਾਬਾ ਗੁਰੂ ਨਾਨਕ ਕੌਮਾਂਤਰੀ ਯੂਨੀਵਰਸਿਟੀ ਦੀ ਉਸਾਰੀ ਲਈ ਫੰਡ ਅਲਾਟ ਕੀਤੇ ਜਾਣਗੇ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸੁਖਬੀਰ ਬਾਦਲ ਵੱਲੋਂ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਖਤਮ ਕਰਵਾਉਣ ਦਾ ਡਰਾਮਾ : ਯੂਨਾਈਟਿਡ ਖਾਲਸਾ ਦਲ ਯੂਕੇ

## *"ਕਾਲੀ ਸੂਚੀ ਸਿੱਖ ਜਜ਼ਬਾਤ ਨਾਲ ਖੇਡਣ ਵਾਲੇ ਕੌਮੀ ਗਦਾਰਾਂ ਅਤੇ ਕਾਤਲਾਂ ਦੀ ਹੋ ਸਕਦੀ, ਨਾ ਕਿ ਗੁਰੂ ਦੇ ਸਿੱਖਾਂ ਦੀ"*

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਦਲ ਦੇ ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸੁਖਬੀਰ ਬਾਦਲ ਅਤੇ ਭਾਰਤੀ ਗ੍ਰਹਿ ਮੰਤਰਾਲੇ ਵਲੋਂ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਨੂੰ ਖਤਮ ਕਰਨ ਦੇ ਦਾਅਵਿਆਂ ਨੂੰ ਸਿਆਸੀ ਡਰਾਮਾ ਕਰਾਰ ਦਿੱਤਾ ਹੈ, ਜਿਸ ਨਾਲ ਉਹ ਸਿੱਖਾਂ ਦੀਆਂ ਵੋਟਾਂ ਬਟੋਰਨਾ ਚਾਹੁੰਦੇ ਹਨ। ਉਨ੍ਹਾਂ ਮੁਤਾਬਿਕ ਇਹ ਇੱਕ ਅਜਿਹਾ ਡਰਾਮਾ ਹੈ ਜਿਹੜਾ ਕਿ ਭਾਰਤ ਸਰਕਾਰ ਅਤੇ ਇਸ ਦੇ ਕਰਿੰਦੇ ਅਕਸਰ ਹੀ ਖੇਡਦੇ ਰਹਿੰਦੇ ਹਨ।

ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਸਿੱਖ ਕੌਮ ਨੂੰ ਸਰਕਾਰ ਦੀਆਂ ਅਜਿਹੀਆਂ ਲੁਭਾਏਮਾਨ ਅਤੇ ਭੁਲੇਖਾ ਪਾਊ ਚਾਲਾਂ ਤੋਂ ਸੁਚੇਤ ਰਹਿਣ ਦੀ ਸਨਿਮਰ ਅਪੀਲ ਕੀਤੀ ਗਈ ਹੈ। ਉਨ੍ਹਾਂ ਦੁਹਰਾਇਆ ਕਿ ਸਿੱਖਾਂ ਦੇ ਕੌਮੀ ਨਿਸ਼ਾਨੇ ਖਾਲਿਸਤਾਨ ਵਾਸਤੇ ਸੰਘਰਸ਼ ਜਾਰੀ ਰਹੇਗਾ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕਿਹਾ ਕਰਦੇ ਸਨ ਕਿ "ਸਿੱਖ ਮੌਤ ਤੋਂ ਨਹੀਂ ਡਰਦਾ, ਜਿਹੜਾ ਮੌਤ ਤੋਂ ਡਰਦਾ, ਉਹ ਸਿੱਖ ਨਹੀਂ ਹੋ ਸਕਦਾ ਹੈ।" ਇਸ ਕਰ ਕੇ ਕਿਸੇ ਵੀ ਅਜਾਦੀ ਪਸੰਦ ਸਿੱਖ ਦੀ ਕਾਲੀ ਸੂਚੀ ਨਹੀਂ ਹੋ ਸਕਦੀ , ਕਾਲੀ ਸੂਚੀ ਕਾਲੇ ਕੰਮ ਕਰਨ ਵਾਲਿਆਂ ਦੀ ਹੁੰਦੀ ਹੈ। ਅਸਲੀਅਤ ਵਿੱਚ "ਕਾਲੀ ਸੂਚੀ" ਵਿੱਚ ਉਹ ਲੋਕ ਸ਼ਾਮਲ ਹਨ, ਜਿਹੜੇ ਸਿੱਖ ਵਿਰੋਧੀ ਪਾਰਟੀਆਂ ਵਿੱਚ ਸ਼ਾਮਲ ਹੋ ਕੇ ਕਾਲੇ ਕੰਮ ਕਰਦੇ ਹਨ। ਇਸ ਕਾਲੀ ਸੂਚੀ ਵਿੱਚ ਉਹ ਸੈਂਕੜੇ ਪੁਲਸੀਏ ਸ਼ਾਮਲ ਹੋਣੇ ਚਾਹੀਦੇ ਹਨ, ਜਿਹਨਾਂ ਦੇ ਹੱਥ ਸਿੱਖ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ ਅਤੇ ਜਿਹੜੇ ਚੌਧਰ, ਕੁਰਸੀ ਅਤੇ ਮਾਇਆ ਦੀ ਪ੍ਰਾਪਤੀ ਅਤੇ ਸਲਾਮਤੀ ਲਈ ਪੈਰ ਪੈਰ 'ਤੇ ਸਿੱਖ ਕੌਮ ਨਾਲ ਬੇਵਫਾਈਆਂ ਕਰਕੇ ਸਿੱਖ ਦੁਸ਼ਮਣਾਂ ਦੇ ਕੁਹਾੜੇ ਦੇ ਦਸਤੇ ਦਾ ਹਿੱਸਾ ਸਾਬਤ ਹੋ ਰਹੇ ਹਨ। ਧਰਮਯੁੱਧ ਮੋਰਚੇ ਦੌਰਾਨ ਸਹੁੰਆਂ ਖਾ ਕੇ ਮੁੱਕਰਨ ਵਾਲੇ ਬਾਦਲਕਿਆਂ ਅਤੇ ਅੰਮ੍ਰਿਤਸਰ ਐਲਾਨਨਾਮੇ ਤੋਂ ਭਗੌੜੇ ਕੈਪਟਨ ਅਮਰਿੰਦਰ ਸਿੰਘ ਵਲੋਂ ਅਜਾਦੀ ਪਸੰਦ ਸਿੱਖਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਗੱਲ ਕਰਨੀ ਹਾਸੋਹੀਣੀ ਅਤੇ ਬੇਤੁਕੀ ਹੈ । ਅਸਲੀਅਤ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਧਰਮਯੁੱਧ ਮੋਰਚੇ ਅਤੇ ਅੰਮ੍ਰਿਤਸਰ ਐਲਾਨਨਾਮੇ ਪ੍ਰਤੀ ਵਚਨਬੱਧਤਾ ਪ੍ਰਗਟ ਕਰਨ ਵਾਲੇ ਪ੍ਰਕਾਸ਼ ਬਾਦਲ ਐਂਡ ਕੰਪਨੀ ਅਤੇ ਕੈਪਟਨ ਅਮਰਇੰਦਰ ਸਿੰਘ ਸਿੱਖ ਕੌਮ ਦੇ ਬਾਗੀ ਹਨ ਜਿਹਨਾਂ ਨੂੰ ਖੁਦ ਖਾਲਸੇ ( ਖਾਲਿਸਤਾਨ) ਦੀ ਮੁੱਖਧਾਰਾ ਵਿੱਚ ਸ਼ਾਮਲ ਹੋਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਅਤੇ ਸਿੱਖੀ ਨਾਲ ਵਿਸ਼ਵਾਸਘਾਤ ਕਰਨ ਵਾਲੇ ਬਾਦਲਕਿਆਂ ਦੇ ਭ੍ਰਿਸ਼ਟ ਲਾਣੇ ਵਲੋਂ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਖਤਮ ਕਰਵਾਉਣ ਦਾ ਜੋ ਡਰਾਮਾ ਰਚਿਆ ਜਾ ਰਿਹਾ ਹੈ, ਉਹ ਕੇਵਲ ਲੋਕ ਸਭਾ ਦੀ ਚੋਣਾਂ ਵਿੱਚ ਜਿੱਤ ਹਾਸਲ ਕਰਨ ਲਈ ਵੋਟਾਂ ਬਟੋਰਨ ਦਾ ਬਹਾਨਾ ਹੈ। ਵੈਸੇ ਇਹ ਵਰਤਾਰਾ ਪਿਛਲੇ 25 ਸਾਲ ਤੋਂ ਲਗਾਤਾਰ ਚੱਲ ਰਿਹਾ ਹੈ। ਅਸਲੀਅਤ ਵਿੱਚ ਕੋਈ ਵੀ ਸੱਚਾ ਸਿੱਖ ਕਾਲੀ ਸੂਚੀ ਵਿੱਚ ਸ਼ਾਮਲ ਹੀ ਨਹੀਂ ਕੀਤਾ ਜਾ ਸਕਦਾ। ਕਾਲੀ ਸੂਚੀ ਵਿੱਚ ਪ੍ਰਕਾਸ਼ ਬਾਦਲ, ਸੁਖਬੀਰ ਬਾਦਲ ਵਰਗੇ ਅਖੌਤੀ ਅਕਾਲੀ ਅਤੇ ਮੌਕਾਪ੍ਰਸਤ ਅਮਰਿੰਦਰ ਵਰਗੇ ਧੋਖੇਬਾਜ਼, ਸਿੱਖ ਜਜ਼ਬਾਤ ਨਾਲ ਖੇਡਣ ਵਾਲੇ ਸਿਆਸੀ ਵਪਾਰੀ ਅਤੇ ਸਿੱਖ ਦੁਸ਼ਮਣ ਸਰਕਾਰਾਂ ਅਤੇ ਸਿੱਖਾਂ ਦੇ ਕਾਤਲਾਂ ਦੇ ਦੁੱਮਛੱਲੇ ਸ਼ਾਮਲ ਹੋ ਸਕਦੇ ਹਨ, ਜਿਹਨਾਂ ਦੀ ਜਿੰਦਗੀ ਦਾ ਇੱਕ ਨੁਕਾਤੀ ਪ੍ਰੋਗਰਾਮ ਕੁਰਸੀ ਦੀ ਪ੍ਰਾਪਤੀ ਅਤੇ ਸਲਾਮਤੀ ਹੁੰਦਾ ਹੈ। ਸਮਾਂ ਚਾਹੇ ਮੁਗਲੀਆ ਹਕੂਮਤ, ਚਿੱਟੇ ਅੰਗਰੇਜਾਂ ਜਾਂ ਕਾਲੇ ਅੰਗਰੇਜ਼ਾਂ ਦੀ ਸਰਕਾਰ ਦਾ ਹੋਵੇ, ਇਹੋ ਜਿਹੇ ਲੋਕਾਂ ਦਾ ਕੌਮਪ੍ਰਸਤੀ ਦੀ ਭਾਵਨਾ ਨੂੰ ਤਿਲਾਂਜਲੀ ਦੇ ਕੇ ਸਿੱਖਾਂ ਦੇ ਕਾਤਲਾਂ ਨਾਲ ਖੜ੍ਹਨਾ ਹੀ ਫਿਤਰਤ ਰਿਹਾ ਹੈ। ਨਵੇਂ-ਪੁਰਾਣੇ, ਹੀਰੋ-ਜ਼ੀਰੋ, ਜਿੱਤੇ-ਹਾਰੇ, ਮੰਤਰੀ-ਸੰਤਰੀ ਰੂਪੀ ਸਿਆਸੀ ਆਗੂਆਂ ਅਤੇ ਸਰਕਾਰੀ ਦਲਾਲਾਂ ਵਲੋਂ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਖਤਮ ਕਰਨ ਦੀ ਮੰਗ ਕਰਕੇ ਵਿਦੇਸ਼ੀ ਸਿੱਖਾਂ ਦੀ ਹਮਦਰਦੀ ਹਾਸਲ ਕਰਨ ਲਈ ਵਾਰ-ਵਾਰ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਸ ਬਾਰੇ ਕਈ ਵਾਰ ਭਾਰਤ ਸਰਕਾਰ ਚੋਣਾਂ ਦੇ ਨਜ਼ਦੀਕ ਆ ਕੇ ਫਰਜ਼ੀ ਜਿਹਾ ਐਲਾਨ ਵੀ ਕਰ ਦਿੰਦੀ ਹੈ ਅਤੇ ਸੁਖਬੀਰ ਵਰਗੇ ਉਸ ਦੇ ਗੁਲਾਮ ਧੰਨਵਾਦ ਕਰਨ ਲਈ ਕਾਹਲੇ ਰਹਿੰਦੇ ਹਨ ਜਦਕਿ ਅਸਲੀਅਤ ਵਿੱਚ ਅਜਿਹਾ ਕਦੇ ਵੀ ਨਹੀਂ ਹੋਇਆ। ਕਈ ਵਾਰ ਜਿਹਨਾਂ ਨਾਵਾਂ ਨੂੰ ਵਾਰ-ਵਾਰ ਅਖੌਤੀ ਕਾਲੀ ਸੂਚੀ ਵਿੱਚੋਂ ਕੱਢਣ ਦਾ ਐਲਾਨ ਹੁੰਦਾ ਹੈ, ਉਹਨਾਂ ਵਿੱਚੋਂ ਕਈ ਨਾਮ ਅਜਿਹੇ ਹੁੰਦੇ ਹਨ, ਜਿਹਨਾਂ ਨੂੰ ਪਹਿਲਾਂ ਵੀ ਕਈ ਵਾਰ ਕੱਢਣ ਬਾਰੇ ਐਲਾਨ ਕੀਤਾ ਜਾ ਚੁੱਕਾ ਹੁੰਦਾ ਹੈ ਅਤੇ ਕਈ ਵਿਅਕਤੀ ਸਰੀਰਕ ਤੌਰ 'ਤੇ ਜਿੰਦਾ ਵੀ ਨਹੀਂ ਹੁੰਦੇ। ਜ਼ਿਕਰਯੋਗ ਹੈ ਕਿ ਸਰਕਾਰ ਵਲੋਂ ਬਣਾਈ ਗਈ ਅਖੌਤੀ ਕਾਲੀ ਸੂਚੀ ਵਿੱਚ ਉਹ ਸਿੱਖ ਸ਼ਾਮਲ ਕੀਤੇ ਗਏ ਸਨ, ਜਿਹਨਾਂ ਨੇ ਵਿਦੇਸ਼ਾਂ ਵਿੱਚੋਂ ਪੰਜਾਬ ਵਿੱਚ ਵਸਦੇ ਸਿੱਖਾਂ ਦੇ ਕੌਮੀ, ਹੱਕਾਂ, ਹਿੱਤਾਂ ਅਤੇ ਕੌਮੀ ਅਜ਼ਾਦੀ ਲਈ ਚੱਲ ਰਹੇ ਸੰਘਰਸ਼ ਦੀ ਹਮਾਇਤ ਕੀਤੀ। ਜਿਨ੍ਹਾਂ ਪੰਜਾਬ ਵਿੱਚ ਸਿੱਖਾਂ ਖਿਲਾਫ ਚੱਲ ਰਹੀ ਸਰਕਾਰ ਦੀ ਜ਼ੁਲਮੀ ਹਨੇਰੀ ਦੇ ਖਿਲ਼ਾਫ ਭਾਰਤੀ ਸਫਾਰਤਖਾਨਿਆਂ ਮੂਹਰੇ ਰੋਸ ਮੁਜ਼ਾਹਰੇ ਕੀਤੇ, ਸਰਕਾਰੀ ਅੱਤਵਾਦ ਤੋਂ ਪੀੜਤ ਸਿੱਖ ਪਰਿਵਾਰਾਂ ਦੀ ਸਾਰ ਲਈ ਅਤੇ ਉਹਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਹੈ, ਉਹਨਾਂ ਦੇ ਵੀਜ਼ੇ ਭਾਰਤ ਸਰਕਾਰ ਵਲੋਂ ਬੰਦ ਕਰ ਦਿੱਤੇ ਗਏ। ਇਸ ਕਾਰਨ ਕਈ ਸਿੱਖ ਆਗੂ ਤਿੰਨ ਤਿੰਨ ਦਹਾਕਿਆਂ ਤੋਂ ਜਲਾਵਤਨੀ ਦਾ ਜੀਵਨ ਬਤੀਤ ਕਰਦੇ ਹੋਏ ਪੂਰੀ ਚੜਦੀ ਕਲਾ ਵਿੱਚ ਹਨ ਅਤੇ ਆਪਣੀ ਕੌਮ ਨੂੰ ਅਜ਼ਾਦ ਵੇਖਣ ਦੇ ਚਾਹਵਾਨ ਹਨ। ਇਸ ਵਾਸਤੇ ਉਹ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ ਕਿਉਂਕਿ ਗੁਰੂ ਸਾਹਿਬ ਦੇ ਸਿੱਖ ਨੂੰ ਕੋਈ ਵੀ ਸਰਕਾਰੀ ਅਤੇ ਗੈਰ ਸਰਕਾਰੀ ਜ਼ੁਲਮ ਜਾਂ ਧੱਕਾ ਝੁਕਾਅ ਨਹੀਂ ਸਕਦਾ।

# ਅਕਾਲੀ ਦਲ ਅੰਮ੍ਰਿਤਸਰ (ਯੂਕੇ) ਵੱਲੋਂ ਜ਼ਮੀਰ ਦੀ ਅਵਾਜ਼ ਸੁਣ ਕੇ ਵੋਟਾਂ ਪਾਉਣ ਦੀ ਅਪੀਲ

## *ਸਿੱਖਾਂ ਨੂੰ ਭਾਰਤੀ ਨਿਆਂਪਾਲਿਕਾ ਦੇ ਦੋਹਰੇ ਮਿਆਰਾਂ ਦੀ ਯਾਦ ਦਿਵਾਈ*

**ਲੰਡਨ/ਏਟੀ ਨਿਊਜ਼ :** ਇੰਡੀਆ ਦੇ ਅਖੌਤੀ ਲੋਕਤੰਤਰ ਦੇ ਚਾਰੇ ਥੰਮ ਇਕੱਲੇ ਇਕੱਲੇ ਸਿੱਖ ਨੂੰ ਘਰ ਜਾ ਕੇ ਨਹੀਂ ਦੱਸਣਗੇ ਕਿ ਤੁਸੀਂ ਗੁਲਾਮ ਹੋ, ਇਨ੍ਹਾਂ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਤੋਂ ਆਪ ਹੀ ਅਹਿਸਾਸ ਕਰਨਾ ਪਵੇਗਾ। ਐਸੀ ਹੀ ਇਕ ਕਾਰਵਾਈ ਵਜੋਂ ਸੁਪਰੀਮ ਕੋਰਟ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਲਈ ਦਿੱਲੀ ਹਾਈ ਕੋਰਟ ਵੱਲੋਂ ਦੋਸ਼ੀ ਕਰਾਰ ਦਿੱਤੇ ਗਏ ਕਥਿਤ ਦੋਸ਼ੀਆਂ ਨੂੰ ਬਰੀ ਕਰਦੇ ਹੋਏ ਕਿਹਾ ਕਿ ਇਨ੍ਹਾਂ ਖਿਲਾਫ ਸਬੂਤ ਨਹੀਂ ਹਨ। ਜੇ ਸਹੀ ਅਰਥਾਂ ਵਿੱਚ ਡੈਮੋਕ੍ਰੇਸੀ ਹੋਵੇ ਅਤੇ ਨਿਆਂ ਪਾਲਿਕਾ ਨਿਰਪੱਖ ਹੋ ਕੇ ਇਨਸਾਫ ਦੇ ਸਕਦੀ ਤਾਂ ਦੇਸ਼ ਦੀ ਰਾਜਧਾਨੀ ਅਤੇ ਹੋਰ ਹਿੱਸਿਆਂ ਵਿੱਚ ਇੰਨੇ ਵੱਡੇ ਪੱਧਰ ਉੱਪਰ ਹੋਏ ਕਤਲੇਆਮ 'ਤੇ ਸੂ ਮੋਟੋ ਨੋਟਿਸ ਲੈ ਕੇ ਕਾਰਵਾਈ ਕਰਦੇ ਹੋਏ ਦੋਸ਼ੀਆਂ ਨੂੰ ਸਜਾਵਾਂ ਦੇ ਸਕਦੀ ਸੀ। ਸਾਢੇ 34 ਸਾਲ ਬੀਤ ਚੁੱਕੇ ਹਨ। ਇਸ ਨਾਸ਼ਵਾਨ ਸੰਸਾਰ ਵਿੱਚ ਕੋਈ ਸਦੀਵੀ ਕਾਲ ਕਿਵੇਂ ਜਿਉਂਦਾ ਰਹਿ ਸਕਦਾ ਹੈ ਕਿ ਮੈਂ ਨਿਆਂ ਪਾਲਿਕਾ ਨੂੰ ਗਵਾਹੀ ਦੇ ਕੇ ਸਬੂਤ ਪੇਸ਼ ਕਰਕੇ ਇਨਸਾਫ ਲੈ ਕੇ ਹੀ ਇਸ ਜਹਾਨ ਤੋਂ ਰੁਖ਼ਸਤ ਹੋਵਾਂਗਾ ? ਅਕਾਲੀ ਦਲ ਅੰਮ੍ਰਿਤਸਰ (ਯੂਕੇ) ਵੱਲੋਂ ਬਿਆਨ ਜਾਰੀ ਕਰਦੇ ਹੋਏ ਪਾਰਟੀ ਦੇ ਮੀਡੀਆ ਇਚਾਰਜ ਨੇ ਬੇਨਤੀ ਕੀਤੀ ਕਿ ਸ਼ਾਇਦ ਪੂਰਾ ਦੋਸ਼ ਇੰਡੀਆ ਦੀ ਪੱਖਪਾਤੀ ਡੈਮੋਕ੍ਰੇਸੀ ਦੇ ਚਾਰੇ ਥੰਮਾਂ ਦਾ ਵੀ ਨਹੀਂ। ਸੰਨ 1947 ਤੋਂ ਲੈ ਕੇ ਬਾਰ ਬਾਰ ਪਰਖ ਵਿੱਚੋਂ ਫੇਲ੍ਹ ਹੋ ਚੁੱਕੇ ਲੋਕਾਂ ਨੂੰ ਅਸੀਂ ਪਦਾਰਥਵਾਦ ਦੇ ਲੋਭ ਵਿੱਚ ਫਿਰ ਆਪਣੇ ਉੱਪਰ ਰਾਜ ਕਰਨ ਲਈ ਚੁਣ ਲੈਂਦੇਂ ਹਾਂ। ਸਿੱਖ ਕੌਮ ਦੀਆਂ ਸ਼੍ਰੋਮਣੀ ਸੰਸਥਾਵਾਂ ਉੱਪਰ ਸੰਵਿਧਾਨ ਦੀ ਧਾਰਾ 25ਬੀ ਨੂੰ ਮੰਨ ਕੇ ਮਨੂੰਵਾਦੀ ਸੋਚ ਅਧੀਨ ਚੱਲਣ ਵਾਲੇ ਸਿੱਖਾਂ ਦਾ ਕਬਜਾ ਹੈ, ਸਰਕਾਰੀ ਘੁਸਪੈਠ ਕਾਰਨ ਪੰਥਕ ਧਿਰਾਂ ਵਿੱਚ ਘੱਟੋ ਘੱਟ ਸਾਂਝੇ ਪ੍ਰੋਗਰਾਮ ਅਧੀਨ ਵੀ ਕੋਈ ਇਕਸੁਰਤਾ ਕਾਇਮ ਨਹੀਂ ਹੁੰਦੀ। ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਪਦਾਰਵਾਦੀ ਕਮਜੋਰੀਆਂ ਤੋਂ ਮੁਕਤ ਹੋ ਕੇ ਜ਼ਮੀਰ ਦੀ ਅਵਾਜ਼ ਸੁਣੋ ਅਤੇ ਆਪਣੀ ਵੋਟ ਦੀ ਯੋਗ ਵਰਤੋਂ ਕਰੋ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਅਪਾਹਜ ਮਾਨਸਿਕਤਾ ਦਾ ਝਲਕਾਰਾ ਪੇਸ਼ ਕਰ ਰਹੀ ਹੈ ਪੰਜਾਬ ਸਿਆਸਤ

**ਮਨਦੀਪ ਖੁਰਮੀ ਹਿੰਮਤਪੁਰਾ (ਇੰਗਲੈਂਡ)**
ਸੰਪਰਕ- +44 7868229427



ਜਦੋਂ ਵੀ ਚੋਣ ਨਗਾਰਾ ਵੱਜਦਾ ਹੈ ਤਾਂ ਦਲ ਬਦਲੀਆਂ ਦਾ ਦੌਰ ਸ਼ੁਰੂ ਹੋ ਜਾਂਦੈ। ਪਹਿਲੇ ਦਲ ਦੀਆਂ ਕਮੀਆਂ ਨਸ਼ਰ ਕਰਦਿਆਂ ਨਵੇਂ ਸਹੇੜੇ ਮਾਲਕਾਂ ਦਾ ਗੁਣਗਾਣ ਗਾਇਆ ਜਾਂਦੈ। ਬੇਸ਼ੱਕ ਇਹ ਵਰਤਾਰਾ ਸਿੱਧੇ ਤੌਰ 'ਤੇ ਸਿਆਸੀ ਲਾਹੇ ਖੱਟਣ ਨਾਲ ਜੁੜਿਆ ਹੋਇਆ ਹੈ ਪਰ ਆਮ ਲੋਕਾਂ ਸਿਰ ਇਹ ਅਹਿਸਾਨ ਜਤਾਇਆ ਜਾਂਦਾ ਹੈ ਕਿ ਅਸੀਂ ਉਹਨਾਂ ਦੇ 'ਵਿਕਾਸ' ਲਈ ਹੀ ਪਲਟੀ ਮਾਰੀ ਹੈ। ਇਹਨੀਂ ਦਿਨੀਂ ਪੰਜਾਬ 'ਚ ਸੰਸਦੀ ਚੋਣਾਂ ਦਾ ਅਖਾੜਾ ਭਖਿਆ ਹੈ ਤਾਂ ਇਸਦਾ ਪਹਿਲਾ ਸੇਕ ਆਮ ਆਦਮੀ ਪਾਰਟੀ ਨੂੰ ਝੱਲਣਾ ਪਿਆ ਹੈ। ਉੱਪਰੋਥੱਲੀ ਦੋ ਵਿਧਾਇਕਾਂ ਨਾਜਰ ਸਿੰਘ ਮਾਨਸ਼ਾਹੀਆ ਤੇ ਅਮਰਜੀਤ ਸਿੰਘ ਸੰਦੋਆ ਵੱਲੋਂ ਪਾਲਾ ਬਦਲ ਲੈਣ ਨਾਲ ਆਮ ਆਦਮੀ ਪਾਰਟੀ 'ਚ ਹਿੱਲਜੁੱਲ ਤੇਜ ਹੋ ਗਈ ਹੈ। ਇਨਕਲਾਬ ਦੀ 20 ਟਾਇਰਾਂ ਵਾਲੀ ਰੇਲ ਦੇ ਪਹੀਏ ਇੱਕ ਦੂਜੇ ਤੋਂ ਪਹਿਲਾਂ ਹੇਠੋਂ ਨਿਕਲ ਕੇ ਭੱਜਣ ਨੂੰ ਕਾਹਲੇ ਜਾਪ ਰਹੇ ਹਨ। ਨਾਜਰ ਸਿੰਘ ਤੇ ਸੰਦੋਆ ਨੇ ਦਲ ਬਦਲਣ ਤੋਂ ਕੁਝ ਦਿਨ ਪਹਿਲਾਂ ਹੀ ਲੋਕ ਚਰਚਾਵਾਂ ਨੂੰ ਝੂਠ ਦੱਸਿਆ ਸੀ ਪਰ ਹੱਟੀ ਭੱਠੀ 'ਤੇ ਇਹ ਚਰਚਾਵਾਂ ਹੋ ਰਹੀਆਂ ਹਨ ਕਿ ਆਪ ਵਿਧਾਇਕਾਂ ਦੇ ਫੇਸਬੁੱਕ ਖਾਤੇ ਚੈੱਕ ਕਰਦੇ ਰਹੋ, ਜਿਸ ਨੇ ਵੀ ਇਸ ਤਰ੍ਹਾਂ ਦੀ ਚਰਚਾ ਨੂੰ ਅਫ਼ਵਾਹ ਦੱਸਿਆ, ਸਮਝੋ ਉਹ ਮੁੱਖ ਮੰਤਰੀ ਕੋਲੋਂ ਗਲ 'ਚ ਸਾਫ਼ਾ ਪੁਆਉਣ ਲਈ ਰਵਾਨਾ ਹੋਣ ਹੀ ਵਾਲਾ ਹੈ। ਸੋਚਣਾ ਇਹ ਬਣਦੈ ਕਿ ਜਿਸ ਘਰ ਦੀ ਨੀਂਹ ਮਜ਼ਬੂਤ ਨਹੀਂ, ਉਸਨੇ ਤ੍ਰੇੜਾਂ, ਟੁੱਟ ਭੱਜ ਇੱਥੋਂ ਤੱਕ ਕਿ ਢਹਿ ਹੋ ਜਾਣ ਦੇ ਹਾਲਾਤ ਤਕ ਬਿਨਾ ਸ਼ੱਕ ਪਹੁੰਚਣਾ ਹੀ ਹੁੰਦੈ। ਇਹੋ ਜਿਹਾ ਕੁਝ ਹੀ "ਆਪ" ਨਾਲ ਵਾਪਰ ਰਿਹਾ ਹੈ। ਆਪਣੇ ਹੀ ਸਿਧਾਂਤਾਂ ਨੂੰ ਘੱਟੇ ਰੋਲ ਕੇ ਅੱਗੇ ਤੁਰੀ ਪਾਰਟੀ ਨੇ ਕਿਹੋ ਜਿਹੀ ਪ੍ਰਪੱਕ ਸੋਚ ਦੇ ਮਾਲਕਾਂ ਨੂੰ ਪਾਰਟੀ ਟਿਕਟਾਂ ਨਾਲ ਨਿਵਾਜਿਆ ਹੋਵੇਗਾ, ਇਸ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਤੇ ਬਚਿਆ ਖੁਚਿਆ ਸ਼ੱਕ ਆਉਣ ਵਾਲੇ ਕੁਝ ਕੁ ਦਿਨਾਂ 'ਚ ਨਿਕਲ ਜਾਵੇਗਾ। ਜਦੋਂ "ਆਪ" ਆਗੂਆਂ ਵੱਲੋਂ ਟਿਕਟਾਂ ਵੇਚਣ ਦੀ ਗੱਲ ਤੁਰੀ ਤਾਂ ਕੇਜਰੀਵਾਲ ਵੱਲੋਂ ਕੋਈ ਕਾਰਵਾਈ ਨਾ ਕੀਤੀ ਗਈ। ਵਿਦੇਸ਼ੀਂ ਵਸੇ ਪੰਜਾਬੀਆਂ ਵੱਲੋਂ ਕਥਿਤ ਤੌਰ 'ਤੇ ਭੇਜੇ ਅਰਬਾਂ ਖਰਬਾਂ ਦੇ ਫੰਡ ਦੇ ਵੇਰਵੇ ਨਸ਼ਰ ਕਰਨ ਦੀ ਗੱਲ ਛਿੜੀ ਤਾਂ ਵੀ ਕੇਜਰੀਵਾਲ ਚੁੱਪ ਰਿਹਾ। ਵਿਧਾਨ ਸਭਾ ਚੋਣਾਂ ਵੇਲੇ ਹੱਥ ਵਿਚ ਕਾਗਜ਼ਾਂ ਦਾ ਪੁਲੰਦਾ ਫੜ ਕੇ ਉਹਨਾਂ ਕਾਗਜ਼ਾਂ ਨੂੰ ਮਜੀਠੀਆ ਖਿਲਾਫ ਸਬੂਤ ਕਹਿ ਕਹਿ ਕੇ ਵੋਟਾਂ ਦੀ ਫਸਲ ਕੱਟਣ ਤੋਂ ਬਾਅਦ ਕੇਜਰੀਵਾਲ ਵੱਲੋਂ ਮਾਫੀ ਮੰਗ ਜਾਣਾ ਵੀ ਖੁਦ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲਗਾ ਗਿਆ। ਬਾਅਦ ਵਿਚ ਬਹਾਨੇ ਜੋ ਮਰਜ਼ੀ ਘੜ ਲਏ ਜਾਣ ਪਰ ਇੱਕ ਵਾਰ ਲੱਕ ਬੰਨ੍ਹ ਕੇ ਨਾਲ ਤੁਰੇ ਲੋਕਾਂ ਦੇ ਹੌਸਲੇ ਪਸਤ ਜਰੂਰ ਹੋਏ। ਅੱਜ ਉਹਨਾਂ ਹੀ ਗੰਭੀਰ ਗ਼ਲਤੀਆਂ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਹਨਾਂ ਗ਼ਲਤੀਆਂ ਦੀ ਵਜ੍ਹਾ ਕਰਕੇ ਹੀ ਇਨਕਲਾਬ "ਇਨਕਮ-ਲਾਭ" ਵੱਲ ਨੂੰ ਹੋ ਤੁਰਿਆ ਹੈ।

ਇਹ ਅਲੋਕਾਰੀ ਗੱਲ ਨਹੀਂ ਹੋਵੇਗੀ ਕਿ ਕੱਲ੍ਹ ਨੂੰ ਵਿਰੋਧੀ ਧਿਰ ਵਾਲੀਆਂ ਕੁਰਸੀਆਂ ਆਪ

ਬਾਕੀ ਸਫ਼ਾ 33 'ਤੇ

## "ਸਵਾਲ ਕਰੋ, ਲੱਫੜ ਮਿਲੇਗਾ"

ਲੋਕਤੰਤਰ ਵਿੱਚ ਆਪਣੇ ਨੁਮਾਇੰਦਿਆਂ ਨੂੰ ਸਵਾਲ ਕਰਨ ਦਾ ਹੱਕ ਹਾਸਲ ਹੁੰਦਾ ਹੈ। ਨੁਮਾਇੰਦਿਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਲੋਕਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਦੀ ਸੰਤੁਸ਼ਟੀ ਕਰਵਾਉਣ। ਪਰ ਪੰਜਾਬ ਸਿਆਸਤ ਵਿੱਚ ਅਲੋਕਾਰੀ ਝਲਕ ਦੇਖਣ ਨੂੰ ਮਿਲ ਰਹੀ ਹੈ ਕਿ ਸਵਾਲ ਪੁੱਛਣ ਵਾਲੇ ਇੱਕ ਪੱਤਰਕਾਰ ਨੂੰ ਕਾਂਗਰਸੀ ਉਮੀਦਵਾਰ ਦੇ ਸਮਰਥਕਾਂ ਨੇ ਕੁੱਟ ਦਿੱਤਾ ਤੇ ਕਾਂਗਰਸ ਦੀ ਸਾਬਕਾ ਮੁੱਖ ਮੰਤਰੀ ਰਹਿ ਚੁੱਕੀ ਬੀਬੀ ਵੱਲੋਂ ਇੱਕ ਨੌਜਵਾਨ ਦੇ ਖੁਦ ਹੀ ਥੱਪੜ ਮਾਰ ਦਿੱਤਾ ਗਿਆ। ਸਿਆਸਤਦਾਨ ਸ਼ਾਇਦ ਇਹ ਭੁੱਲ ਜਾਂਦੇ ਹਨ ਕਿ ਉਹਨਾਂ ਦੀਆਂ ਕੁਰਸੀਆਂ ਲੋਕਾਂ ਦੇ ਹੱਥਾਂ ਦੀਆਂ ਤਲੀਆਂ 'ਤੇ ਟਿਕੀਆਂ ਹੁੰਦੀਆਂ ਹਨ। ਇਹ ਲੋਕ ਉਸੇ ਹੀ ਕੁਰਸੀ ਨੂੰ ਚੌਫਾੜ ਕਰਨ ਦੀ ਸਮਰੱਥਾ ਵੀ ਰੱਖਦੇ ਹਨ। ਜੇ ਲੋਕਾਂ ਦੇ ਟੈਕਸ ਵਜੋਂ ਅਦਾ ਕੀਤੇ ਪੈਸਿਆਂ ਸਿਰੋਂ ਤਨਖਾਹਾਂ, ਭੱਤੇ ਜਾਂ ਪੈਨਸ਼ਨਾਂ ਦਾ ਆਨੰਦ ਮਾਣਦੇ ਹੋ ਤਾਂ ਉਹਨਾਂ ਦੇ ਸਵਾਲਾਂ ਦੇ ਜਵਾਬ ਮੂੰਹ ਨਾਲ ਦੇਣ ਦੀ ਲਿਆਕਤ ਵੀ ਸਿੱਖੋ। ਜਿਸ ਦਿਨ ਲੋਕਾਂ ਦੇ ਹੱਥ ਖੁੱਲ੍ਹ ਗਏ, ਫਿਰ ਵੋਟਾਂ ਮੰਗਣ ਲਈ ਆਉਣਾ ਵੀ ਸੁਪਨਾ ਹੋ ਜਾਵੇਗਾ।

# ਟੋਰਾਂਟੋ ਨਗਰ ਕੀਰਤਨ ਵਿਚ ਸਿੱਖ ਫ਼ੌਜੀ ਜਵਾਨਾਂ ਦੇ ਹਥਿਆਰਾਂ ਤੋਂ ਭੜਕਿਆ ਫਾਸ਼ੀਵਾਦੀ ਮੀਡੀਆ

- **ਸਿੱਖ ਸੰਗਤਾਂ ਨੇ ਕੀਤੀ ਅਲੋਚਨਾ ਦੀ ਵਿਰੋਧਤਾ**
- **ਪਰੇਡ 'ਚ ਸਿੱਖਾਂ ਦੀ ਜਗ੍ਹਾ ਗੋਰਿਆਂ ਦਾ ਸਮੂਹ ਫੌਜ ਦੀ ਵਰਦੀ ਵਿਚ ਹੁੰਦਾ ਤਾਂ ਫਾਸ਼ੀਵਾਦੀ ਲੋਕਾਂ ਦਾ ਨਜ਼ਰੀਆ ਕੁਝ ਹੋਰ ਹੁੰਦਾ : ਬੋਪਾਰਾਏ**




**ਟੋਰਾਂਟੋ/ਏਟੀ ਨਿਊਜ਼ :**
ਕੈਨੇਡਾ ਵਿਖੇ ਸਿੱਖ ਦਿਵਸ ਪਰੇਡ ਵਿਚ ਸ਼ਾਮਿਲ ਹੋਣ ਲਈ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਸ ਪਰੇਡ ਵਿਚ ਕੈਨੇਡਾ ਦੀ ਪੁਲਿਸ ਅਤੇ ਫੌਜ ਦਾ ਇਕ ਸਮੂਹ ਹਥਿਆਰਾਂ ਨਾਲ ਸ਼ਾਮਿਲ ਸੀ ਜਿਸ ਦੇ ਜ਼ਿਆਦਾਤਰ ਮੈਂਬਰ ਸਿੱਖ ਸਨ। ਸਿੱਖ ਦਿਵਸ ਪਰੇਡ 'ਤੇ ਇਨ੍ਹਾਂ ਹਥਿਆਰਬੰਦ ਫੌਜੀਆਂ ਦੀ ਸ਼ਮੂਲੀਅਤ ਨੂੰ ਲੈ ਕੇ ਵਿਵਾਦ ਉੱਠ ਗਿਆ। ਸਿੱਖ ਦਿਵਸ ਪਰੇਡ ਦੀਆਂ ਤਸਵੀਰਾਂ ਵਿਚ ਇਹ ਦੇਖਿਆ ਜਾ ਸਕਦਾ ਹੈ ਕਿ ਇਸ ਪਰੇਡ ਵਿਚ ਕਈ ਸਿੱਖ ਫੌਜੀ ਵੀ ਪਰੇਡ ਕਰ ਰਹੇ ਸਨ ਅਤੇ ਉਹਨਾਂ ਕੋਲ ਬੰਦੂਕਾਂ ਵੀ ਸਨ ਪਰ ਫੌਜ ਦੇ ਨਿਯਮਾਂ ਅਨੁਸਾਰ ਇਹਨਾਂ ਬੰਦੂਕਾਂ ਦੀ ਵਰਤੋਂ ਆਮ ਤੌਰ 'ਤੇ ਨਹੀਂ ਕੀਤੀ ਜਾਂਦੀ ਹੈ। ਕੈਨੇਡੀਅਨ ਫੌਜ ਦੇ ਬੁਲਾਰੇ ਅਨੁਸਾਰ ਫੌਜੀ ਇਹਨਾਂ ਹਥਿਆਰਾਂ ਨੂੰ ਸਿਰਫ ਮਿਲਟਰੀ ਪਰੇਡ ਦੇ ਮੌਕੇ 'ਤੇ ਹੀ ਵਰਤ ਸਕਦੇ ਹਨ। ਲੌਰਨ ਸਕੋਟਸ ਰਿਵਰਸ ਯੂਨੀਟ ਦੇ ਕਮਾਂਡਿਗ ਅਫਸਰ ਨੇ ਹਥਿਆਰਾਂ ਲਈ ਦਸਤਖਤ ਵੀ ਕੀਤੇ ਸਨ। ਫੌਜ ਦੇ ਬੁਲਾਰੇ ਨੇ ਕਿਹਾ ਕਿ ਉਹਨਾਂ ਦੇ ਕਮਾਂਡਰ ਨੇ ਪਰੇਡ ਵਿਚ ਹਥਿਆਰਾਂ ਲਈ ਮਨਜ਼ੂਰੀ ਦਿੱਤੀ। ਕੈਨੇਡੀਅਨ ਫੌਜ ਸਿੱਖ ਦਿਵਸ ਪਰੇਡ ਦੇ ਮੌਕੇ 'ਤੇ ਜਾਰੀ ਕੀਤੇ ਗਏ ਹਥਿਆਰਾਂ ਸਬੰਧੀ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਜਾਂਚ ਜਾਰੀ ਹੈ। ਫ਼ੌਜੀ ਅਧਿਕਾਰੀਆਂ ਨੇ ਅੱਗੇ ਤੋਂ ਇੰਝ ਜਨਤਕ ਸਮਾਰੋਹਾਂ ਦੌਰਾਨ ਹਥਿਆਰਾਂ ਨੂੰ ਲਿਜਾਣ ਤੋਂ ਮਨ੍ਹਾ ਕਰ ਦਿੱਤਾ ਹੈ। ਉਸ ਨਗਰ ਕੀਰਤਨ ਦੀਆਂ ਤਸਵੀਰਾਂ ਤੇ ਵੀਡੀਓਜ਼ ਇਹ ਦਰਸਾਉਂਦੇ ਹਨ ਕਿ ਬਹੁਤ ਸਾਰੇ ਫ਼ੌਜੀਆਂ, ਖ਼ਾਸ ਕਰਕੇ ਦਸਤਾਰਧਾਰੀ ਸਿੱਖਾਂ ਨੇ 'ਖ਼ਾਲਸਾ ਪਰੇਡ' ਦੌਰਾਨ ਫ਼ੌਜੀ ਵਰਦੀਆਂ ਸਮੇਤ ਭਾਗ ਲਿਆ ਸੀ ਤੇ ਉਨ੍ਹਾਂ ਕੋਲ ਅਸਾਲਟ ਰਾਈਫ਼ਲਾਂ ਵੀ ਸਨ। ਫ਼ੌਜ ਦਾ ਕਹਿਣਾ ਹੈ ਕਿ ਅਜਿਹੇ ਹਥਿਆਰਾਂ ਦੀ ਆਮ ਤੌਰ ਉੱਤੇ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ। ਨਗਰ ਕੀਰਤਨ ਵੇਲੇ ਇੱਕ ਬਖ਼ਤਰਬੰਦ ਵਾਹਨ ਵੀ ਉਨ੍ਹਾਂ ਦੇ ਨਾਲ ਸੀ। ਕੈਨੇਡਾ ਦੇ ਸਰਕਾਰੀ ਟੀਵੀ ਚੈਨਲ ਸੀਬੀਸੀ ਦੀ ਰਿਪੋਰਟ ਮੁਤਾਬਕ ਫ਼ੌਜੀ ਜਵਾਨ ਅਜਿਹੇ ਹਥਿਆਰ ਆਮ ਜਨਤਾ ਵਿੱਚ ਸਿਰਫ਼ ਕੁਝ ਖ਼ਾਸ ਫ਼ੌਜੀ ਪਰੇਡਾਂ ਤੇ ਕੁਝ ਵਿਸ਼ੇਸ਼ ਪ੍ਰਦਰਸ਼ਨਾਂ ਸਮੇਂ ਹੀ ਲਿਜਾ ਸਕਦੇ ਹਨ। ਰੱਖਿਆ ਮੰਤਰੀ ਹਰਜੀਤ ਸੱਜਣ ਨੇ ਕਿਹਾ ਕਿ ਹਥਿਆਰਾਂ ਦੀ ਚੋਣ ਅਣਉਚਿਤ ਸੀ ਪਰ ਇਸ ਵਿਚ ਹਿੱਸਾ ਲੈਣ ਦੇ ਇਰਾਦੇ ਚੰਗੇ ਸਨ। ਸੱਜਣ ਨੇ ਕਿਹਾ ਕਿ "ਮੈਂ ਜਾਣਦਾ ਹਾਂ ਕਿ ਚੌਥੀ ਡਿਵੀਜ਼ਨ ਦੇ ਕਮਾਂਡਰ ਤੇ ਹੋਰ ਕਮਾਂਡਰ ਇਹ ਯਕੀਨੀ ਬਣਾਉਣ ਲਈ ਢੁਕਵੀਂ ਕਾਰਵਾਈ ਕਰਨਗੇ ਕਿ ਅਜਿਹਾ ਕੁਝ ਦੁਬਾਰਾ ਕਦੇ ਨਾ ਵਾਪਰੇ।

ਚੇਤੇ ਰਹੇ ਕਿ ਹਰ ਸਾਲ ਵਿਸਾਖੀ ਮੌਕੇ ਟੋਰਾਂਟੋ, ਉਸ ਦੇ ਉੱਪ-ਨਗਰਾਂ ਮਿਸੀਸਾਗਾ ਤੇ ਬਰੈਂਪਟਨ ਜਿਹੇ ਇਲਾਕਿਆਂ ਵਿੱਚ ਨਗਰ ਕੀਰਤਨ ਸਜਾਇਆ ਜਾਂਦਾ ਹੈ ਤੇ ਉੱਥੇ ਇੱਕ ਲੱਖ ਤੋਂ ਵੱਧ ਪੰਜਾਬੀ ਸ਼ਾਮਲ ਹੁੰਦੇ ਹਨ। ਐਤਕੀਂ ਕੈਨੇਡਾ ਸਰਕਾਰ ਨੇ ਪਿਛਲੇ ਸਾਲ ਦੀ ਇੱਕ ਰਿਪੋਰਟ ਵਿੱਚੋਂ 'ਸਿੱਖ ਅੱਤਵਾਦ' ਸ਼ਬਦ ਵੀ ਹਟਾਇਆ ਸੀ।

ਵਰਲਡ ਸਿੱਖ ਆਰਗੇਨਾਇਜ਼ੇਸ਼ਨ ਦੇ ਕਾਨੂੰਨੀ ਸਲਾਹਕਾਰ ਬਲਪ੍ਰੀਤ ਸਿੰਘ ਬੋਪਾਰਾਏ ਨੇ ਕਿਹਾ ਕਿ ਕੁਝ ਲੋਕਾਂ ਨੇ ਜਾਣਬੁੱਝ ਕੇ ਸਿੱਖ ਖਾੜਕੂਆਂ ਦਾ ਡਰ ਪੈਦਾ ਕਰਨ ਲਈ ਇਸ ਨਗਰ ਕੀਰਤਨ ਦੀਆਂ ਤਸਵੀਰਾਂ ਤੇ ਵੀਡੀਓਜ਼ ਸੋਸ਼ਲ ਮੀਡੀਆ ਉੱਤੇ ਸਾਂਝੀਆਂ ਕੀਤੀਆਂ ਸਨ। ਉਹਨਾਂ ਅਨੁਸਾਰ ਇਸ ਪਰੇਡ ਵਿਚ ਜੇਕਰ ਸਿੱਖਾਂ ਦੀ ਜਗ੍ਹਾ ਗੋਰਿਆਂ ਦਾ ਸਮੂਹ ਫੌਜ ਦੀ ਵਰਦੀ ਵਿਚ ਹੁੰਦਾ ਤਾਂ ਫਾਸ਼ੀਵਾਦੀ ਲੋਕਾਂ ਦਾ ਨਜ਼ਰੀਆ ਕੁਝ ਹੋਰ ਹੁੰਦਾ ਅਤੇ ਇਹ ਪਰੇਡ ਇਸ ਤਰ੍ਹਾਂ ਮੁੱਦਾ ਨਾ ਬਣਦੀ। ਉਨ੍ਹਾਂ ਕਿਹਾ ਕਿ ਖ਼ਾਲਸਾ ਪਰੇਡ ਬਾਰੇ ਇਹੋ ਜਿਹੀਆਂ ਆਲੋਚਨਾਵਾਂ ਫੈਲਾਉਣਾ ਫਾਸ਼ੀਵਾਦੀ ਮੀਡੀਆ ਤੇ ਲੋਕਾਂ ਦਾ ਕੰਮ ਹੈ। ਕੈਨੇਡਾ ਦੇ ਬਹੁਤੇ ਸਿੱਖ ਇਸ ਨੂੰ ਭਾਰਤੀ ਏਜੰਸੀਆਂ ਦਾ ਕਾਰਨਾਮਾ ਦੱਸ ਰਹੇ ਹਨ। ਉਹਨਾਂ ਦਾ ਮੰਨਣਾ ਹੈ ਕਿ ਜਦੋਂ ਵੀ ਸਿੱਖ ਅਣਖ ਤੇ ਵੱਖਰੀ ਹੋਂਦ ਦਾ ਪ੍ਰਗਟਾਵਾ ਹੁੰਦਾ ਹੈ ਤਾਂ ਭਾਰਤ ਸਰਕਾਰ ਦੇ ਫਿਰਕਾਪ੍ਰਸਤ ਲੋਕ ਇਸ ਵਿਰੁੱਧ ਜਿਹਾਦ ਛੇੜਦੇ ਹਨ। ਉਹਨਾਂ ਕਿਹਾ ਕਿ ਜੇਕਰ ਇਹ ਟੁਕੜੀ ਗੋਰਿਆਂ ਦੀ ਹੁੰਦੀ ਤਾਂ ਇਹਨਾਂ ਨੇ ਇਤਰਾਜ਼ ਨਹੀਂ ਸੀ ਕਰਨਾ। ਇਹਨਾਂ ਦੀ ਨਫ਼ਰਤ ਹੀ ਸਿੱਖਾਂ ਨਾਲ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਗੁਰੂ ਨਾਨਕ ਸੰਮੇਲਨ ਦੀ ਜ਼ਿੰਮੇਵਾਰੀ

**ਅੰਮ੍ਰਿਤਸਰ/ਏਟੀ ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ (ਯੂਕੇ) ਦੇ ਮੁਖੀ ਭਾਈ ਮਹਿੰਦਰ ਸਿੰਘ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਅੰਤਰ ਧਰਮ ਸੰਵਾਦ ਸੰਮੇਲਨ ਦੀ ਜ਼ਿੰਮੇਵਾਰੀ ਸੌਂਪੀ ਹੈ।

## ਸੋਨ ਤਮਗਾ ਜੇਤੂ ਪਾਵਰ ਲਿਫਟਰ ਅਜੇ ਗੋਗਨਾ ਦਾ ਸਨਮਾਨ

**ਜਲੰਧਰ/ਏਟੀ ਨਿਊਜ਼ :** ਨਿਊ ਫਿੱਟਨੈਸ ਜਿੰਮ ਜਲੰਧਰ ਵੱਲੋਂ ਏਸ਼ੀਅਨ ਪੈਸੀਫਿਕ ਕਲਾਸਿਕ ਪਾਵਰ ਲਿਫਟਿੰਗ ਅਤੇ ਬੈਂਚ ਪ੍ਰੈਸ ਦੇ ਆਸਟ੍ਰੇਲੀਆ ਵਿਚ ਹੋਏ ਮੁਕਾਬਲਿਆਂ ਵਿਚ ਭਾਰਤ ਲਈ ਸੋਨ ਤਮਗਾ ਜਿੱਤਣ ਵਾਲੇ ਭੁਲੱਥ ਦੇ ਪਾਵਰ ਲਿਫਟਰ ਅਜੈ ਗੋਗਨਾ ਦਾ ਸਨਮਾਨ ਕੀਤਾ ਗਿਆ। ਜਿੰਮ ਦੇ ਐਮਡੀ ਹਿਮਾਂਸ਼ੂ ਚੱਢਾ ਨੇ ਕਿਹਾ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੇ 29 ਸਾਲਾ ਨੌਜਵਾਨ ਪਾਵਰ ਲਿਫਟਰ ਅਜੈ ਗੋਗਨਾ ਨੇ ਆਸਟ੍ਰੇਲੀਆ ਵਿਚ ਭਾਰਤ ਦੀ ਪ੍ਰਤੀਨਿਧਤਾ ਕਰਦਿਆਂ ਸੋਨ ਤਮਗਾ ਜਿੱਤ ਕੇ ਦੇਸ਼ ਅਤੇ ਸੂਬੇ ਦਾ ਮਾਣ ਵਧਾਇਆ ਹੈ। ਇਸ ਮੌਕੇ ਅਜੈ ਗੋਗਨਾ ਨੇ ਜਿੰਮ ਦੇ ਟਰੇਨਰ ਨੌਜਵਾਨਾਂ ਨਾਲ ਭਾਰ ਚੁੱਕਣ ਸਬੰਧੀ ਨੁਕਤੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਉਹ ਹੁਣ 18 ਤੋਂ 25 ਮਈ ਨੂੰ ਟੋਕੀਓ (ਜਪਾਨ) ਵਿਚ ਹੋਣ ਵਾਲੀ ਵਰਲਡ ਕਲਾਸਿਕ ਬੈਂਚ ਪ੍ਰੈਸ ਪ੍ਰਤੀਯੋਗਤਾ ਵਿੱਚ ਭਾਰਤ ਵੱਲੋਂ ਹਿੱਸਾ ਲੈਣਗੇ। ਇਸ ਮੌਕੇ ਧਰਮਿੰਦਰ ਸਿੰਘ ਚੀਮਾ, ਹਿਮਾਂਸ਼ੂ ਢੱਲਾ ਅਤੇ ਜਿੰਮ ਦਾ ਸਮੂਹ ਸਟਾਫ ਹਾਜ਼ਰ ਸੀ।

# ਵਿਵਾਦਤ ਵੀਡੀਓ ਬਣਾਉਣ ਵਾਲੇ ਡੇਰਾ ਪ੍ਰੇਮੀ ਖ਼ਿਲਾਫ਼ ਕੇਸ ਦਰਜ




**ਸੰਗਰੂਰ/ਏਟੀ ਨਿਊਜ਼ :** ਗੁਰੂ ਗੋਬਿੰਦ ਸਿੰਘ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਤੇ ਸਿੱਖ ਇਤਿਹਾਸ ਬਾਰੇ ਗ਼ਲਤ ਟਿੱਪਣੀਆਂ ਕਰਕੇ ਵੀਡੀਓ ਸੋਸ਼ਲ ਮੀਡੀਆ ’ਤੇ ਪਾਉਣ ਵਾਲੇ ਡੇਰਾ ਸਿਰਸਾ ਨਾਲ ਸਬੰਧਤ ਦੱਸੇ ਜਾਂਦੇ ਇੱਕ ਪ੍ਰੇਮੀ ਖ਼ਿਲਾਫ਼ ਸੰਗਰੂਰ ਪੁਲੀਸ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਪਹਿਲਾਂ ਸਾਲ 2007 ਵਿਚ ਸੌਦਾ ਸਾਧ ਆਪ ਖੁਦ ਗੁਰੂ ਗੋਬਿੰਦ ਸਿੰਘ ਜੀ ਵਰਗੀ ਪੁਸ਼ਾਕ ਪਾਉਣ ਤੇ ਗੁਰੂ ਸਾਹਿਬ ਦਾ ਸਵਾਂਗ ਰਚਣ ਦੇ ਕੇਸ ਵਿੱਚ ਉਲਝ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦਾ ਕਾਰਨ ਬਣਿਆ ਤੇ ਹੁਣ ਰਾਮ ਰਹੀਮ ਦੇ ਇੱਕ ਚੇਲੇ ਨੇ ਵੀ ਉਸ ਵਾਲੀ ਕਰਤੂਤ ਨੂੰ ਅੱਗੇ ਵਧਾਉਣ ਵਾਲਾ ਕਾਰਾ ਕਰ ਦਿੱਤਾ ਹੈ। ਬਹਾਦਰ ਸਿੰਘ ਨਾਮ ਦੇ ਇਸ ਡੇਰਾ ਪ੍ਰੇਮੀ ਨੇ ਸੋਸ਼ਲ ਮੀਡੀਆ ’ਤੇ ਆਪਣੀ ਇੱਕ ਵੀਡੀਓ ਪਾ ਕੇ ਇਹ ਦਾਅਵਾ ਕੀਤਾ ਹੈ ਕਿ ਜਿਸ ਵੇਲੇ ਰਾਮ ਰਹੀਮ ਨੇ ਡੇਰਾ ਸਲਾਬਤਪੁਰ ਵਿਖੇ ਡੇਰਾ ਪ੍ਰੇਮੀਆਂ ਨੂੰ ਜਾਮ-ਏ-ਇੰਸਾ ਪਿਲਾਇਆ ਸੀ, ਤਾਂ ਉਸ ਵੇਲੇ ਜਿਹੜੀ ਪੁਸ਼ਾਕ ਸੌਦਾ ਸਾਧ ਨੇ ਪਾਈ ਹੋਈ ਸੀ, ਉਸ ਨੂੰ ਦੇਖ ਕੇ ਉੱਥੇ ਮੌਜੂਦ ਸਾਰੀ ਸੰਗਤ ਰਾਮ ਰਹੀਮ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹੀ ਕਹਿ ਰਹੀ ਸੀ। ਕੁਫਰ ਤੋਲਦਿਆਂ ਉਸ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਰਾਮ ਰਹੀਮ ਨੇ ਆਪਣੇ ਬੱਚਿਆਂ ਦੇ ਧਰਤੀ ’ਤੇ ਆਉਣ ਤੋਂ ਪਹਿਲਾਂ ਹੀ ਹਨੀਪ੍ਰੀਤ ਨੂੰ ਧਰਤੀ ’ਤੇ ਭੇਜ ਦਿੱਤਾ। ਸਿੱਖ ਜਥੇਬੰਦੀਆਂ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਪੁਲੀਸ ਮੁਖੀ ਡਾ. ਸੰਦੀਪ ਗਰਗ ਨੂੰ ਵਫ਼ਦ ਦੇ ਰੂਪ ਵਿਚ ਮਿਲ ਕੇ ਤੁਰੰਤ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਸਿੱਖ ਜਥੇਬੰਦੀਆਂ ਦੀ ਅਗਵਾਈ ਕਰ ਰਹੇ ਗੁਰਮਤਿ ਪ੍ਰਚਾਰਕ, ਗ੍ਰੰਥੀ, ਰਾਗੀ ਸਭਾ ਦੇ ਪ੍ਰਧਾਨ ਭਾਈ ਬਚਿੱਤਰ ਸਿੰਘ, ਭਾਈ ਕੁਲਵੰਤ ਸਿੰਘ ਬੁਰਜ ਅਤੇ ਭਾਈ ਦਰਸ਼ਨ ਸਿੰਘ ਕੌਹਰੀਆਂ ਸਮੇਤ ਦਰਜਨਾਂ ਸਿੱਖ ਕਾਰਕੁਨਾਂ ਵੱਲੋਂ ਪੁਲੀਸ ਕੋਲ ਕੀਤੀ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਡੇਰਾ ਸਿਰਸਾ ਨਾਲ ਸਬੰਧਿਤ ਇੱਕ ਪ੍ਰੇਮੀ ਬਹਾਦਰ ਇੰਸਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਨਾ ਡੇਰਾ ਸਿਰਸਾ ਮੁਖੀ ਨਾਲ ਅਤੇ ਦਸਮੇਸ਼ ਪਿਤਾ ਦੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਦੀ ਤੁਲਨਾ ਹਨੀਪ੍ਰੀਤ ਇੰਸਾਂ ਨਾਲ ਕਰ ਕੇ ਅਤੇ ਸਿੱਖ ਇਤਿਹਾਸ ਬਾਰੇ ਗ਼ਲਤ ਟਿੱਪਣੀਆਂ ਕਰਦਿਆਂ ਇੱਕ ਵੀਡੀਓ ਬਣਾ ਕੇ ਸ਼ੋਸ਼ਲ ਮੀਡੀਆ ਉਪਰ ਪਾਈ ਗਈ ਹੈ। ਪੁਲੀਸ ਨੇ ਬਹਾਦਰ ਇੰਸਾਂ ਵਾਸੀ ਅੰਧੇੜੀ ਖ਼ਿਲਾਫ਼ ਸੰਗਰੂਰ ਵਿਚ ਧਾਰਮਿਕ ਭਾਵਨਾਵਾਂ ਭੜਕਾਉਣ ਬਾਰੇ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਬਹਾਦਰ ਇੰਸਾਂ ਦੇ ਪਿੰਡ ਅੰਧੇੜੀ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਗਏ ਸਨ ਪਰ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਹੈ ਕਿ ਸੰਨ 2017 ਵਿਚ ਡੇਰਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਮੌਕੇ ਬਹਾਦਰ ਇੰਸਾਂ ਪੰਚਕੂਲਾ ਗਿਆ ਸੀ ਜਿਸ ਤੋਂ ਬਾਅਦ ਉਹ ਘਰ ਨਹੀਂ ਪਰਤਿਆ ਤੇ ਡੇਰਾ ਸਿਰਸਾ ਵਿਖੇ ਹੀ ਰਹਿੰਦਾ ਹੈ।

## ਡੇਰੇ ਦੇ ਇਸ ਪ੍ਰਚਾਰ ਪਿੱਛੇ ਕੀ ਰਾਜ

ਡੇਰਾ ਇਹੋ ਜਿਹੇ ਵਾਦ-ਵਿਵਾਦ ਇਸੇ ਲਈ ਫੈਲਾ ਰਿਹਾ ਦੱਸਿਆ ਜਾਂਦਾ ਹੈ ਤਾਂ ਜੋ ਸਿੱਖਾਂ ਖਿਲਾਫ਼ ਪ੍ਰਚਾਰ ਕਰਕੇ ਤਣਾਅ ਵਧਾ ਕੇ ਡੇਰੇ ਦੀ ਮਸ਼ਹੂਰੀ ਕੀਤੀ ਜਾਵੇ ਅਤੇ ਡੇਰਾ ਪ੍ਰੇਮੀਆਂ ਨੂੰ ਇਕੱਠਾ ਕੀਤਾ ਜਾਵੇ। ਅਜਿਹੇ ਵਿੱਚ ਮੰਨਿਆ ਜਾ ਰਿਹਾ ਹੈ, ਕਿ ਪ੍ਰੇਮੀਆਂ ਦੇ ਡੇਰੇ ਨਾਲੋਂ ਟੁੱਟਣ ਕਾਰਨ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੀ ਤਾਕਤ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਕਮਜੋਰ ਹੋਈ ਹੈ। ਸਿਆਸੀ ਮਾਹਿਰਾਂ ਅਨੁਸਾਰ ਹੁਣ ਜਿੱਥੇ ਡੇਰੇ ਦਾ ਸਿਆਸੀ ਵਿੰਗ ਮੀਟਿੰਗ ਕਰਕੇ ਡੇਰਾ ਪ੍ਰੇਮੀਆਂ ਨੂੰ ਲਾਮਬੰਦ ਕਰ ਰਿਹਾ ਹੈ, ਉੱਥੇ ਦੂਜੇ ਪਾਸੇ ਬਹਾਦਰ ਇੰਸਾਂ ਵਰਗੇ ਡੇਰਾ ਪ੍ਰੇਮੀਆਂ ਨੇ ਆਪਣੇ ਸਾਥੀਆਂ ਨੂੰ ਇੱਕ ਜੁੱਟ ਕਰਨ ਲਈ ਇਹ ਨਵੀਂ ਸਕੀਮ ਘੜੀ ਹੈ। ਮਾਹਿਰ ਅਜਿਹਾ ਤਰਕ ਇਸ ਲਈ ਦਿੰਦੇ ਹਨ, ਕਿਉਂਕਿ ਉਨ੍ਹਾਂ ਦਾ ਦਾਅਵਾ ਹੈ ਕਿ ਜਿਸ ਤਰ੍ਹਾਂ ਹੁਣ ਬਹਾਦਰ ਇੰਸਾਂ ਨਾਮ ਦੇ ਡੇਰਾ ਪ੍ਰੇਮੀ ਨੇ ਵੀਡੀਓ ਪਾ ਕੇ ਸਿੱਖ ਸੰਗਤ ਨੂੰ ਭੜਕਾਇਆ ਹੈ, ਇਹ ਅੱਗੇ ਚੱਲ ਕੇ ਡੇਰਾ ਪ੍ਰੇਮੀਆਂ ਅਤੇ ਸਿੱਖਾਂ ਵਿੱਚ ਪਾੜਾ ਵਧਾਉਣ ਦਾ ਕੰਮ ਕਰੇਗਾ। ਜੇਕਰ ਇਹ ਪਾੜਾ ਵਧਦਾ ਹੈ ਤਾਂ ਡੇਰਾ ਪ੍ਰੇਮੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹੋਏ ਕੋਈ ਆਸਰਾ ਭਾਲਣਗੇ ਤੇ ਇਕਮੁੱਠ ਹੋਣਗੇ। ਇਸੇ ਨਾਲ ਡੇਰਾ ਮਜ਼ਬੂਤ ਹੋਵੇਗਾ। ਪੰਜਾਬੀਆਂ ਨੇ ਪਿਛਲੇ ਸਮੇਂ ਦੌਰਾਨ ਡੇਰਾ ਪ੍ਰੇਮੀਆਂ ਤੇ ਸਿੱਖਾਂ ਦੇ ਵਿਚਾਲੇ ਹੋਏ ਟਕਰਾਅ ਦੌਰਾਨ ਜਿਹੜਾ ਸੰਤਾਪ ਹਢਾਇਆ ਹੈ ਉਸ ਨੂੰ ਦੇਖਦਿਆਂ ਇਹ ਮਾਮਲਾ ਸੂਬੇ ਦੀ ਅਮਨ ਸ਼ਾਂਤੀ ਲਈ ਇੱਕ ਵਾਰ ਫਿਰ ਖਤਰੇ ਦੀ ਘੰਟੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿਆਸਤ ਦੇ ਸ਼ੋਰ 'ਚ ਸਵਾਲਾਂ ਦੀ ਗੂੰਜ

**ਵਿਸ਼ੇਸ਼ ਟਿੱਪਣੀਕਾਰ/ਹਰਜੇਸ਼ਵਰਪਾਲ ਸਿੰਘ**

ਇਸ ਵਾਰ ਹਰਸਿਮਰਤ ਬਾਦਲ, ਰਾਜਾ ਵੜਿੰਗ, ਕੇਵਲ ਢਿੱਲੋਂ, ਬੀਬੀ ਜਗੀਰ ਕੌਰ, ਭਗਵੰਤ ਮਾਨ ਸਮੇਤ ਹੋਰ ਕਈ ਲੀਡਰਾਂ ਦਾ ਸਵਾਗਤ ਗੇਂਦੇ ਦੇ ਹਾਰਾਂ ਦੀ ਬਜਾਏ, ਸਵਾਲੀ ਤਕਰਾਰਾਂ ਨਾਲ ਹੋ ਰਿਹਾ ਹੈ। ਸੱਥਾਂ, ਮੁਹੱਲਿਆਂ ਅਤੇ ਪਾਰਕਾਂ ਵਿਚ ਹੋ ਰਹੀਆਂ ਮੀਟਿੰਗਾਂ ਵਿਚ ਆਮ ਨੌਜਵਾਨ, ਕਿਸਾਨ ਅਤੇ ਘਰੇਲੂ ਔਰਤਾਂ ਅਕਾਲੀਆਂ ਨੂੰ ਬੇਅਦਬੀ, ਕਾਂਗਰਸੀਆਂ ਨੂੰ ਸਮਾਰਟਫੋਨ/ਨੌਕਰੀ ਅਤੇ ਆਮ ਆਦਮੀ ਪਾਰਟੀ ਨੂੰ ਮਜੀਠੀਏ 'ਤੋਂ ਮੰਗੀ ਮੁਆਫੀ ਦੇ ਮੁੱਦਿਆਂ 'ਤੇ ਸਵਾਲਾਂ ਦੀ ਬੁਛਾੜ ਕਰ ਰਹੇ ਹਨ। ਇਹਨਾਂ ਸਵਾਲਾਂ ਦਾ ਸੇਕ ਬਰਦਾਸ਼ਤ ਨਾ ਕਰਦੇ ਹੋਏ ਰਾਜੇ ਵੜਿੰਗ ਨੂੰ ਕਾਹਲੀ ਨਾਲ ਭਾਸ਼ਣ ਮੁਕਾਉਣਾ ਪੈ ਰਿਹਾ, ਹਰਸਿਮਰਤ ਨੂੰ ਭੱਜਣਾ ਪੈ ਰਿਹੈ ਤੇ ਬੀਬੀ ਭੱਠਲ ਨੂੰ ਆਪਣੇ ਭਾਰੇ ਹੱਥ ਦਾ ਜੌਹਰ ਦਿਖਾਉਣਾ ਪੈ ਰਿਹੈ।

ਲੋਕਾਂ ਵਿਚ ਆਈ ਇਸ ਨਵੀਂ ਪ੍ਰਕਾਰ ਦੀ ਸਿਆਸੀ ਚੇਤਨਾ ਅਤੇ ਸਵਾਲ ਪੁੱਛਣ ਦੀ ਹਿੰਮਤ ਦੀ ਬੁਨਿਆਦ ਪਿਛਲੇ ਕਈ ਸਾਲਾਂ 'ਤੋਂ ਰੱਖੀ ਜਾ ਰਹੀ ਸੀ। ਕੇਬਲ ਟੀਵੀ, ਇੰਟਰਨੈੱਟ ਅਤੇ ਸਸਤੇ ਸਮਾਰਟਫੋਨਾਂ 'ਤੇ ਸਸਤੇ ਡਾਟਾ ਪੈਕਸ ਦੀ ਬਦੌਲਤ ਸੋਸ਼ਲ ਮੀਡੀਆ, ਬਲੌਗ, ਐੱਫ.ਐੱਮ. ਰੇਡੀਉ ਹਰ ਕਿਸੇ ਦੀ ਪਹੁੰਚ ਵਿਚ ਆ ਰਹੇ ਹਨ, ਜਿਸ ਨਾਲ ਸਿਆਸੀ ਜਾਣਕਾਰੀ, ਰਾਏਬੰਦੀ, ਵਿਚਾਰ ਚਰਚਾ, ਟਿੱਪਣੀਆਂ, ਵਿਸ਼ਲੇਸ਼ਣ ਆਦਿ ਆਮ ਲੋਕਾਂ ਦੇ ਘੇਰੇ ਵਿਚ ਵੀ ਆਸਾਨੀ ਨਾਲ ਪਹੁੰਚ ਰਹੇ ਹਨ। ਫੇਸਬੁੱਕ ਅਤੇ ਵੱਟਸਐਪ ਬਦੌਲਤ ਆਮ ਲੋਕ ਰਾਜਨੇਤਾ ਅਤੇ ਰਾਜਨੀਤੀ ਨੂੰ ਹੋਰ ਨੇੜਿਉਂ ਵੇਖਣ ਲੱਗ ਪਏ ਹਨ।

ਇਸ ਸਭ ਕੁਝ ਨੇ ਆਮ ਲੋਕਾਂ ਵਿਚ ਬਿਨਾ ਕਿਸੇ ਸਿਧਾਂਤਕ ਦਾਇਰੇਬੰਦੀ 'ਤੋਂ ਇਕ ਨਵੀਂ ਕਿਸਮ ਦੀ ਵਾਦ-ਮੁਕਤ ਇਨਕਲਾਬੀ ਲਹਿਰ ਦੇ ਬੀਜ ਬੀਜੇ, ਜਿਸ ਵਿਚ ਬਹੁਤੀ ਹਿੱਸੇਦਾਰੀ ਨੌਜਵਾਨਾਂ, ਐੱਨਆਰਆਈ. ਪੰਜਾਬੀਆਂ ਅਤੇ ਪੁਰਾਣੇ ਜੁਝਾਰੂਆਂ (ਖੱਬੇ-ਪੱਖੀ, ਪੰਥਕ, ਦਲਿਤ ਲਹਿਰਾਂ ਦੇ ਆਗੂ) ਦੀ ਰਹੀ। ਇਹਨਾਂ ਨੇ ਤਬਦੀਲੀ ਦੀ ਆਸ ਅਤੇ ਸਥਾਪਤੀ ਦੇ ਵਿਰੋਧ ਵਿਚ ਨਵੀਆਂ ਸਿਆਸੀ ਜਥੇਬੰਦੀਆਂ ਪੀਪੀਪੀ., ਆਪ ਅਤੇ ਹੁਣ ਪੀਡੀਏ. ਨੂੰ ਸਥਾਪਤ ਅਤੇ ਕਾਰਜਸ਼ੀਲ ਹੋਣ ਲਈ ਮੈਦਾਨ ਅਤੇ ਸਰੋਤ ਮੁਹੱਈਆ ਕਰਵਾਏ। ਜੇ ਮਨਪ੍ਰੀਤ ਬਾਦਲ ਦੀ ਪੀਪੀਪੀ ਨੇ 'ਹੂਟਰ ਅਤੇ ਵੱਡੀਆਂ ਗੱਡੀਆਂ' ਦੇ ਵੀ.ਆਈ.ਪੀ. ਕਲਚਰ ਨੂੰ ਵੰਗਾਰਿਆ ਤਾਂ ਆਪ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਨਵਾਂ ਮੋੜ ਦਿੰਦਿਆਂ ਲੋਕਾਂ ਦੇ ਮਨਾਂ ਵਿਚ ਇਹ ਗੱਲ ਡੂੰਘੀ ਬਿਠਾ ਦਿੱਤੀ ਕਿ ਲੋਕਤੰਤਰ ਵਿਚ ਲੀਡਰ ਨਹੀਂ 'ਆਮ' ਲੋਕ ਵੱਡੇ ਹੁੰਦੇ ਹਨ ਅਤੇ ਲੀਡਰ ਆਪਣੇ ਕੰਮਾਂ ਪ੍ਰਤੀ ਆਮ ਲੋਕਾਂ ਨੂੰ ਜਵਾਬਦੇਹ ਹੁੰਦੇ ਹਨ। ਇਹਨਾਂ ਨਵੀਆਂ ਧਿਰਾਂ ਦੇ ਉਭਾਰ ਦੇ ਨਾਲ-ਨਾਲ ਸੋਸ਼ਲ ਮੀਡੀਆ ਦੇ ਆਮ ਲੋਕਾਂ ਵਿਚ ਹੋ ਰਹੇ ਪਾਸਾਰ ਨੇ ਪੰਜਾਬ ਦੇ ਸਧਾਰਨ ਲੋਕਾਂ ਨੂੰ ਆਪਣੀ ਸਿਆਸੀ ਸੂਝ, ਸਰੋਤ ਅਤੇ ਨੈੱਟਵਰਕ ਨੂੰ ਵਿਕਸਿਤ ਕਰਨ ਦਾ ਮੌਕਾ ਦਿੱਤਾ ਜਿਸ ਸਦਕਾ ਇਹਨਾਂ ਨਵੀਆਂ ਪਾਰਟੀਆਂ ਨੇ ਪੰਜਾਬ ਵਿੱਚ ਨਵੇਂ ਰਾਜਨੀਤਕ ਹਥਿਆਰਾਂ ਨਾਲ ਲੈਸ ਅਤੇ ਇੱਕ ਦੂਜੇ ਨਾਲ ਜੁੜੇ ਹਜ਼ਾਰਾਂ ਨਵੇਂ ਵਰਕਰ ਪੈਦਾ ਕੀਤੇ ਜੋ ਪੁਰਾਣੀ ਸਿਆਸਤ ਨਾਲ ਮੱਥਾ ਲਾ ਸਕਣ।




ਭਾਵੇਂ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਨਵੀਆਂ ਉੱਠੀਆਂ ਇਹਨਾਂ ਧਿਰਾਂ ਨੂੰ ਸੱਤਾ ਹਾਸਲ ਕਰਨੋਂ ਰੋਕਣ ਵਿਚ ਸਫਲ ਹੁੰਦੇ ਆ ਰਹੇ ਹਨ ਪਰ ਇਹ ਵੀ ਸੱਚ ਹੈ ਕਿ ਇਹ ਨਵੀਆਂ ਪਾਰਟੀਆਂ, ਜਿੱਥੇ ਰਵਾਇਤੀ ਪਾਰਟੀਆਂ ਦੀਆਂ ਖਾਮੀਆਂ ਅਤੇ ਅਸਫਲਤਾਵਾਂ 'ਤੋਂ ਲੋਕਾਂ ਨੂੰ ਜਾਗਰੂਕ ਕਰਨ ਵਿਚ ਸਫਲ ਰਹੀਆਂ, ਉੱਥੇ ਇਹਨਾਂ ਨੇ ਕਿਸਾਨਾਂ ਦੀ ਮੰਦਹਾਲੀ, ਸਨਅਤੀ ਉਜਾੜਾ, ਵਿਦੇਸ਼ਾਂ ਨੂੰ ਉੱਡਦਾ ਸਰਮਾਇਆ ਅਤੇ ਜਵਾਨੀ, ਬੇਰੁਜ਼ਗਾਰੀ, ਨਸ਼ੇ, ਵਿਆਪਕ ਭ੍ਰਿਸ਼ਟਾਚਾਰ ਨੂੰ ਨਜਿੱਠਣ ਵਿਚ ਨਾਕਾਮਾਬ ਰਹਿਣ 'ਤੇ ਸੱਤਾਧਾਰੀ ਧਿਰਾਂ ਖਿਲਾਫ ਲੋਕਾਂ ਦੇ ਰੋਹ ਨੂੰ ਪਲੇਟਫਾਰਮ ਵੀ ਮੁਹੱਈਆ ਕਰਵਾਇਆ। ਪੰਜਾਬ ਲਈ ਕਿਸੇ ਕਿਸਮ ਦੇ ਵਿਜ਼ਨ 'ਤੋਂ ਹੀਣੇ ਸਾਡੇ ਬਹੁਤੇ ਰਵਾਇਤੀ ਸਿਆਸੀ ਆਗੂ ਭ੍ਰਿਸ਼ਟਾਚਾਰੀ, ਸਵੈ-ਕੇਂਦਰਿਤ, ਪਰਿਵਾਰਵਾਦੀ ਅਤੇ ਵੰਨ-ਸੁਵੰਨੇ ਮਾਫੀਆ ਦਾ ਹਿੱਸਾ ਬਣ ਚੁੱਕੇ ਹਨ ਅਤੇ ਲੋਕਾਂ ਵਿਚ ਇਹਨਾਂ ਦਾ ਅਕਸਆਪਸ ਵਿਚ ਰਲੇ ਹੋਏ ਲੁਟੇਰੇ ਅਤੇ ਕੁਟੇਰੇ ਵਾਲਾ ਬਣਿਆ ਹੋਇਆ ਹੈ। ਮੌਜੂਦਾ ਰਾਜਨੀਤਕ ਤੰਤਰ ਵਿਚ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਤਾਂ ਇਸ ਹੱਦ ਤਕ ਫੈਲ ਚੁੱਕੇ ਹਨ ਕਿ ਲੋਕਾਂ ਦੇ ਸਿਆਸੀ ਲੀਡਰਾਂ 'ਤੋਂ ਕਰਵਾਏ ਜਾਣ ਵਾਲੇ ਨਿੱਕੇ-ਮੋਟੇ ਕੰਮ ਜਿਵੇਂ ਕਿਸੇ ਨਜ਼ਦੀਕੀ ਨੂੰ ਕਿਸੇ ਛੋਟੀ-ਮੋਟੀ ਨੌਕਰੀ 'ਤੇ ਲੁਆਉਣਾ ਜਾਂ ਥਾਣੇ/ਤਹਿਸੀਲ ਵਿਚ ਸਿਫਾਰਸ਼ ਕਰਵਾਉਣਾ ਵੀ ਹੋਣੇ ਬੰਦ ਹੋ ਗਏ ਹਨ। ਇਹੀ ਕਾਰਨ ਹੈ ਕਿ ਪੁਰਾਣੇ ਕਾਂਗਰਸੀ/ਅਕਾਲੀ ਲੀਡਰਾਂ ਦਾ ਖਹਿੜਾ ਛੱਡਕੇ ਲੋਕ ਵੀ ਹੁਣ ਆਈਲੈੱਟਸ, ਨਸ਼ਿਆਂ ਜਾਂ ਬਾਬਿਆਂ ਦੀ ਸ਼ਰਨ ਲੈ ਰਹੇ ਹਨ।

ਭਾਵੇਂ ਕਿ ਰਵਾਇਤੀ ਲੀਡਰ ਜੁਮਲੇਬਾਜ਼ੀ, ਲੋਕ-ਲੁਭਾਊ ਨੀਤੀਆਂ, ਆਪਸੀ ਭਾਈਵਾਲੀ, ਜੋੜ-ਤੋੜ, ਪੈਸਾ, ਬਾਹੂ-ਬਲ ਦਾ ਇਸਤੇਮਾਲ ਕਰਦੇ ਹੋਏ ਸੱਤਾ 'ਤੇ ਕਾਬਜ਼ ਹੋ ਰਹੇ ਹਨ ਪਰ ਹਕੀਕਤ ਇਹੋ ਹੈ ਕਿ ਲੋਕ ਇਹਨਾਂ 'ਤੋਂ ਅੱਕੇ ਬੈਠੇ ਹਨ। ਸੰਨ 2015 ਵਿਚ ਕਪਾਹ ਪੱਟੀ ਦੀਆਂ ਕਿਸਾਨ ਸਮੱਸਿਆਵਾਂ ਅਤੇ ਬੇਅਦਬੀ ਵਰਗੇ ਮਸਲਿਆਂ 'ਤੇ ਚੱਲੇ ਸੰਘਰਸ਼ਾਂ ਦੌਰਾਨ ਸਿਆਸਤਦਾਨਾਂ ਪ੍ਰਤੀ ਲੋਕਾਂ ਦੀ ਖਿੱਝ ਪ੍ਰਤੱਖ ਵੇਖਣ ਨੂੰ ਮਿਲੀ ਸੀ ਜਦ ਸੱਤਾਧਾਰੀ ਅਕਾਲੀਆਂ ਦੇ ਆਗੂਆਂ ਨੂੰ ਲੋਕਾਂ ਨੇ ਕੁੱਟ ਘੱਤਿਆ ਸੀ ਅਤੇ ਬਾਕੀ ਰਵਾਇਤੀ ਧਿਰਾਂ ਦੇ ਆਗੂਆਂ ਨੂੰ ਮੰਚਾਂ 'ਤੋਂ ਬੋਲਣ ਵੀ ਨਹੀਂ ਸੀ ਦਿੱਤਾ ਗਿਆ। ਸੋਸ਼ਲ ਮੀਡੀਆ 'ਤੋਂ ਚੱਲੀਆਂ ਨਸ਼ੇ ਦੇ ਵਿਰੋਧ 'ਚ ਕਾਲਾ ਹਫਤਾ ਅਤੇ ਬਰਗਾੜੀ ਮੋਰਚਾ ਵਰਗੀਆਂ ਲਹਿਰਾਂ ਨੂੰ ਲੋਕਾਂ ਦਾ ਹੁੰਗਾਰਾ ਵੀ ਦਰਸਾਉਂਦਾ ਹੈ ਕਿ ਲੋਕ ਰਵਾਇਤੀ ਧਿਰਾਂ 'ਤੋਂ ਬੇਆਸ ਅਤੇ ਨਿਰਾਸ਼ ਹੋ ਚੁੱਕੇ ਹਨ।

ਚੋਣਾਂ ਦੇ ਮੌਸਮ ਵਿਚ ਹਕੂਮਤੀ ਸਿਆਸੀ ਆਗੂ, ਖਾਸ ਕਰਕੇ ਅਕਾਲੀ, ਹੁਣ ਸਵਾਲਾਂ ਪਿੱਛੇ ਲੁਕੇ ਲੋਕ-ਰੋਹ 'ਤੋਂ ਬਚਣ ਲਈ ਵੰਨ-ਸੁਵੰਨੇ ਤਰੀਕੇ ਕੱਢ ਰਹੇ ਹਨ ਅਤੇ ਸਾਂਝੀਆਂ ਥਾਵਾਂ 'ਤੇ ਮੀਟਿੰਗ ਰੱਖਣ ਦੀ ਬਜਾਏ ਮੈਰਿਜ ਪੈਲਿਸਾਂ ਅਤੇ ਆਪਣੇ ਸਮਰਥਕਾਂ ਦੇ ਘਰਾਂ ਵਿਚ ਇਕੱਠ ਕਰਕੇ ਬੁੱਤਾ ਸਾਰਿਆ ਜਾ ਰਿਹਾ ਹੈ। ਸਵਾਲਾਂ ਦਾ ਇਸ ਨਵੇਂ ਰੁਝਾਨ ਰਾਹੀਂ ਉੱਠੀ ਲੋਕਾਂ ਦੀ ਆਵਾਜ਼ ਕੋਈ ਠੋਸ ਬਦਲ ਲਿਆਉਣ ਵਿਚ ਕੀ ਯੋਗਦਾਨ ਪਾਵੇਗੀ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਹ ਵਿਅਰਥ ਨਹੀਂ ਜਾਵੇਗੀ। ਇਹ ਆਸ ਵੀ ਹੈ ਅਤੇ ਅਰਦਾਸ ਵੀ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375




# ਅਕਾਲੀ ਦਲ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ, ਮੋਦੀ ਮੁੜ ਹੋਣਗੇ ਪ੍ਰਧਾਨ ਮੰਤਰੀ : ਬਾਦਲ

**ਪਟਿਆਲਾ/ਏਟੀ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਅਕਾਲੀ ਦਲ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ ਅਤੇ ਸੂਬੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਹਵਾ ਚੱਲਣ ਦੇ ਨਾਲ-ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਹੋਣਗੇ। ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦਾ ਨਾਂ ਦੁਨੀਆ ਭਰ 'ਚ ਰੌਸ਼ਨ ਕੀਤਾ ਅਤੇ ਅੱਜ ਪਾਕਿਸਤਾਨ ਨੂੰ ਛੱਡ ਕੇ ਵੱਖ-ਵੱਖ ਦੇਸ਼ਾਂ ਨੇ ਭਾਰਤ ਨਾਲ ਮਿੱਤਰਤਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਵਿਰੁੱਧ ਹੋਈਆਂ ਦੋ ਸਰਜੀਕਲ ਸਟ੍ਰਾਈਕਾਂ ਨਾਲ ਪਾਕਿਸਤਾਨ ਨੂੰ ਵੀ ਸਬਕ ਸਿਖਾਉਣ 'ਚ ਭਾਰਤ ਨੇ ਲੋਹਾ ਮਨਵਾਇਆ ਤੇ ਅੱਜ ਹਿਦੁਸਤਾਨ ਛੇ ਮੋਹਰੀ ਦੇਸ਼ਾਂ 'ਚ ਸ਼ਾਮਲ ਹੋ ਚੁੱਕਿਆ ਹੈ। ਬੇਅਦਬੀ ਮਾਮਲੇ ਦੇ ਸਬੰਧ 'ਚ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮਨ 'ਚ ਬਦਲਾਖੋਰੀ ਰੱਖਦਾ ਹੈ ਜਦਕਿ ਕਾਂਗਰਸ ਨੇ ਖ਼ੁਦ 1984 'ਚ ਸ੍ਰੀ ਹਰਿਮੰਦਰ ਸਾਹਿਬ 'ਤੇ ਅਟੈਕ ਕਰਵਾ ਕੇ ਸਭ ਤੋਂ ਵੱਡੀ ਬੇਅਦਬੀ ਕਰਵਾਈ ਸੀ। ਉਨ੍ਹਾਂ ਕਿਹਾ ਕਿ ਕੈਪਟਨ ਦੀ ਜ਼ਿਹਨੀਅਤ ਸਪੱਸ਼ਟ ਹੋ



ਚੁੱਕੀ, ਜੋ ਬੇਅਦਬੀ ਮੁੱਦੇ ਦਾ ਲਾਹਾ ਖੱਟਣ 'ਚ ਲੱਗਾ ਹੋਇਆ ਹੈ। ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਿਆਣਾ ਹੁੰਦਾ ਤਾਂ ਉਹ ਇਹੋ ਜਿਹੀਆਂ ਗੱਲਾਂ ਨਾ ਕਰਦਾ, ਜਦਕਿ ਕਾਨੂੰਨ ਸਭ ਤੋਂ ਉੱਪਰ ਹੁੰਦਾ ਹੈ। ਇਕ ਸਵਾਲ ਦੇ ਜਵਾਬ 'ਚ ਬਾਦਲ ਨੇ ਕਿਹਾ ਇਸ ਵਾਰ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਦਾ ਸਫਾਇਆ ਹੋ ਜਾਵੇਗਾ। ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਦੇ ਉਮੀਦਵਾਰਾਂ ਵਿਚਕਾਰ ਹੀ ਹੈ।

## ਬਾਦਲ ਦਲੀਆਂ ਦੀਆਂ ਤਸਵੀਰਾਂ 'ਤੇ ਕਾਲਖ ਮਲੀ



**ਫਰੀਦਕੋਟ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੂੰ ਜਿੱਥੇ ਲੋਕ ਵੱਖ-ਵੱਖ ਥਾਵਾਂ 'ਤੇ ਕਾਲੀਆਂ ਝੰਡੀਆਂ ਵਖਾ ਕੇ ਵਿਰੋਧ ਕਰ ਰਹੇ ਹਨ ਉੱਥੇ ਹੀ, ਫਰੀਦਕੋਟ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਲੱਗੇ ਬਾਦਲ ਦਲ ਦੇ ਆਗੂਆਂ ਦੇ ਪੋਸਟਰਾਂ 'ਤੇ ਕਿਸੇ ਨੇ ਕਾਲਖ ਮਲ ਦਿੱਤੀ ਤੇ "ਪੰਥ ਦੋਖੀ" ਲਿਖ ਦਿੱਤਾ। ਇਹਨਾਂ ਪੋਸਟਰਾਂ 'ਤੇ ਲੱਗੀਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਦੇ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਅਤੇ ਸਥਾਨਕ ਅਕਾਲੀ ਆਗੂਆਂ ਦੀਆਂ ਤਸਵੀਰਾਂ ਦੇ ਮੂੰਹ ਉੱਤੇ ਇਹ ਕਾਲਖ ਮਲੀ ਗਈ ਹੈ। ਫਰੀਦਕੋਟ ਲੋਕ ਸਭਾ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਅਤੇ 540 ਪਿੰਡਾਂ ਵਿੱਚ ਅਕਾਲੀ ਦਲ ਵੱਲੋਂ 6 ਲੱਖ ਪੋਸਟਰ ਲਾਇਆ ਗਿਆ ਹੈ। ਫਰੀਦਕੋਟ ਸ਼ਹਿਰ ਵਿੱਚ ਕੁਝ ਜਨਤਕ ਥਾਵਾਂ ਤੋਂ ਅਕਾਲੀ ਦਲ ਦੇ ਪੋਸਟਰ ਫਾੜੇ ਗਏ ਅਤੇ ਅਕਾਲੀ ਦਲ ਦੇ ਪੋਸਟਰਾਂ ਉੱਪਰ ਕਾਲਖ ਮਲ ਦਿੱਤੀ ਗਈ। ਅਕਾਲੀ ਦਲ ਦੇ 200 ਤੋਂ ਵੱਧ ਪੋਸਟਰਾਂ ਉੱਪਰ ਕਾਲਖ ਮਲੀ ਗਈ ਹੈ। ਹਾਲਾਂਕਿ ਕਾਲਖ ਮਲਣ ਵਾਲਿਆਂ ਦੀ ਅਜੇ ਤੱਕ ਸ਼ਨਾਖਤ ਨਹੀਂ ਹੋ ਸਕੀ। **ਬਾਕੀ ਸਫ਼ਾ 33 'ਤੇ**

## ਚੋਣ ਕਮਿਸ਼ਨ ਭਗਵੇਂ ਉਮੀਦਵਾਰਾਂ ਨੂੰ ਸਿਰਫ ਨੋਟਿਸ ਕੱਢਣ ਤਕ ਹੀ ਸੀਮਿਤ

**ਭੋਪਾਲ/ਏਟੀ ਨਿਊਜ਼ :** ਮੱਧ ਪ੍ਰਦੇਸ਼ ਦੇ ਭੋਪਾਲ ਸੰਸਦੀ ਹਲਕੇ ਤੋਂ ਭਾਜਪਾ ਉਮੀਦਵਾਰ ਪ੍ਰੱਗਿਆ ਸਿੰਘ ਠਾਕੁਰ ਨੂੰ ਭੋਪਾਲ ਦੇ ਜ਼ਿਲ੍ਹਾ ਚੋਣ ਅਧਿਕਾਰੀ ਨੇ ਫਿਰ ਨੋਟਿਸ ਭੇਜਿਆ ਹੈ। ਪ੍ਰੱਗਿਆ ਸਿੰਘ ਠਾਕੁਰ ਉੱਤੇ ਚੋਣ ਕਮਿਸ਼ਨ ਨੇ ਤਿੰਨ ਦਿਨ ਪ੍ਰਚਾਰ ਨਾ ਕਰਨ ਦੀ ਪਾਬੰਦੀ ਲਗਾਈ ਹੋਈ ਸੀ। ਇਹ ਪਾਬੰਦੀ ਹੁਣ ਖਤਮ ਹੋ ਚੁੱਕੀ ਹੈ। ਭੋਪਾਲ ਦੇ ਜ਼ਿਲ੍ਹਾ ਚੋਣ ਅਧਿਕਾਰੀ ਨੇ ਪ੍ਰੱਗਿਆ ਠਾਕੁਰ ਤੋਂ ਪੁੱਛਿਆ ਹੈ ਕਿ ਉਨ੍ਹਾਂ ਨੇ ਚੋਣ ਕਮਿਸ਼ਨ ਵਲੋਂ ਲਾਏ ਗਏ ਤਿੰਨ ਦਿਨ ਦੀ ਪਾਬੰਦੀ ਦੇ ਬਾਵਜੂਦ ਚੋਣ ਪ੍ਰਚਾਰ ਕਿਉਂ ਕੀਤਾ। ਭੋਪਾਲ ਸੀਟ ਤੋਂ ਉਮੀਦਵਾਰ ਐਲਾਨੀ ਹੋਣ ਤੋਂ ਬਾਅਦ ਚੋਣ ਕਮਿਸ਼ਨ ਪ੍ਰੱਗਿਆ ਨੂੰ ਤਿੰਨ ਨੋਟਿਸ ਜਾਰੀ ਕਰ ਚੁੱਕਾ ਹੈ। ਪਰ ਇੱਥੇ ਸਵਾਲ ਇਹ ਹੈ ਕਿ ਕੀ ਚੋਣ ਕਮਿਸ਼ਨ ਸਿਰਫ ਨੋਟਿਸ ਜਾਰੀ ਕਰਨ ਲਈ ਹੀ ਹੈ ਜਾਂ ਕਿਸੇ ਲੀਡਰ ਖਿਲਾਫ਼ ਕੋਈ ਕਾਰਵਾਈ ਵੀ ਕਰ ਸਕਦਾ ਹੈ?

## ਚੋਣ ਕਮਿਸ਼ਨ ਨੇ ਪੰਜਾਬ ਵਿਚੋਂ 266.8 ਕਰੋੜ ਦੀ ਨਗਦੀ ਫੜੀ

**ਚੰਡੀਗੜ੍ਹ/ਏਟੀ ਨਿਊਜ਼ :** ਚੋਣਾਂ ਵਿੱਚ ਪੈਸਾ ਹੜ੍ਹ ਵਾਂਗ ਵਹਾਇਆ ਜਾਂਦਾ ਹੈ। ਇਸ ਗੱਲ ਦਾ ਅਦਾਜ਼ਾ ਚੋਣ ਜ਼ਾਬਤਾ ਲੱਗਣ ਮਗਰੋਂ ਬਰਾਮਦ ਨਗਦੀ ਤੇ ਹੋਰ ਪਦਾਰਥਾਂ ਤੋਂ ਲਾਇਆ ਜਾ ਸਕਦਾ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਤੇ ਹੋਰ ਏਜੰਸੀਆਂ ਵੱਲੋਂ ਪੰਜਾਬ ਭਰ ਵਿੱਚੋਂ 266.8 ਕਰੋੜ ਦੀ ਨਗਦੀ, ਨਸ਼ੀਲੇ ਪਦਾਰਥ ਹੈਰੋਇਨ, ਸਮੈਕ, ਅਫੀਮ, ਭੁੱਕੀ ਤੇ ਸੋਨਾ ਬਰਾਮਦ ਕੀਤਾ ਗਿਆ ਹੈ। ਸਵਾ ਸੌ ਦੇ ਕਰੀਬ ਹਥਿਆਰ ਵੀ ਬਰਾਮਦ ਹੋਏ ਹਨ। ਚੋਣ ਕਮਿਸ਼ਨ ਦੀ ਰਿਪੋਰਟ ਅਨੁਸਾਰ ਇਹ ਬਰਾਮਦਗੀ 10 ਮਾਰਚ ਤੋਂ 4 ਮਈ 2019 ਤੱਕ ਦੀ ਹੈ। ਇਸ ਵਿੱਚੋਂ 206.72 ਕਰੋੜ ਰੁਪਏ ਦੇ 7664 ਕਿਲੋ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।

## ਅਮਿਤ ਸ਼ਾਹ ਬੋਲੇ- ਸਿੱਧੂ ਪਾਕਿ ਚਲੇ ਜਾਣ

**ਪਠਾਨਕੋਟ/ਏਟੀ ਨਿਊਜ਼ :** ਗੁਰਦਾਸਪੁਰ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਸੰਨੀ ਦਿਓਲ ਦੇ ਸਮਰਥਨ 'ਚ ਪਾਰਟੀ ਦੀ ਰੈਲੀ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ 'ਤੇ ਜ਼ਬਰਦਸਤ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਕਿਹਾ ਕਿ ਸਿੱਧੂ ਪਾਕਿਸਤਾਨ ਦੀ ਹਮਾਇਤ ਕਰਦੇ ਹਨ। ਉਹ ਪਾਕਿਸਤਾਨ ਜਾ ਕੇ ਉੱਥੇ ਦੇ ਆਰਮੀ ਚੀਫ ਨਾਲ ਗਲੇ ਮਿਲਦੇ ਹਨ ਤੇ ਅੱਤਵਾਦੀ ਹਮਲੇ 'ਤੇ ਪਾਕਿਸਤਾਨ ਦੇ ਪੱਖ 'ਚ ਬਿਆਨ ਦਿੰਦੇ ਹਨ। ਸਿੱਧੂ ਨੂੰ ਪਾਕਿਸਤਾਨ ਇੰਨਾ ਹੀ ਵਧੀਆ ਲਗਦਾ ਹੈ ਤਾਂ ਇਸ ਪੰਜਾਬ ਨੂੰ ਛੱਡ ਕੇ ਸਰੱਹਦ ਪਾਰ ਕਰ ਪਾਕਿਸਤਾਨ ਦੇ ਪੰਜਾਬ ਚਲੇ ਜਾਣ।

# ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਕਾਨੂੰਨੀ ਕਾਰਵਾਈ ਹੋਵੇ

**ਬੇਅੰਤ ਕੌਰ ਗਿੱਲ ਮੋਗਾ**

"ਲੱਗ ਗਿਆ ਪਤਾ ਤੇਰੀ ਖਾਨਦਾਨੀ ਦਾ
ਚਾਹ ਵਿਚ ਦੁੱਧ ਪਾਇਆ ਬੱਕਰੀ ਬੇਗਾਨੀ ਦਾ।"

ਨਿੱਕੇ ਹੁੰਦੇ ਗੀਤ ਇਹ ਸੁਣਦੇ ਹੁੰਦੇ ਸੀ, ਦੰਦਾਂ ਨਾਲ ਚਾਹ ਜਦੋਂ ਪੁਣਦੇ ਹੁੰਦੇ ਸੀ।

ਇਸ ਸਮੇਂ ਹਰ ਗਲੀ, ਮੁਹੱਲੇ, ਸ਼ਹਿਰ ਵਿਚ ਵੋਟਰਾਂ ਦੇ ਘਰਾਂ ਵਿਚ ਉਮੀਦਵਾਰਾਂ ਦਾ ਆਉਣਾ-ਜਾਣਾ ਬਣਿਆ ਹੋਇਆ ਹੈ। ਸਭ ਪਿੰਡਾਂ ਸ਼ਹਿਰਾਂ ਵਿਚ ਮੀਟਿੰਗਾਂ ਬੁਲਾਈਆਂ ਜਾ ਰਹੀਆਂ ਹਨ। ਆਪਣੇ-ਆਪਣੇ ਉਮੀਦਵਾਰਾਂ ਦੀ ਲਾਊਡ ਸਪੀਕਰ ਲਗਾ ਕੇ ਮਸ਼ਹੂਰੀ ਕੀਤੀ ਜਾ ਰਹੀ ਹੈ। ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਜਾ ਰਹੇ ਹਨ। ਵੋਟਰ ਇਹਨਾਂ ਦਿਨਾਂ ਦਾ ਲਾਹਾ ਲੈਣ ਲਈ ਅੱਡੀਆਂ ਚੁੱਕੀ ਫਿਰਦੇ ਹਨ। ਵੋਟਰਾਂ ਦੀਆਂ ਵੀ ਕਈ ਕਿਸਮਾਂ ਹਨ। ਕੁਝ ਵੋਟਰ ਅਧੀਆ ਦਾਰੂ ਦਾ ਜਾਂ ਵੱਧ ਤੋਂ ਵੱਧ ਪੇਟੀ ਸ਼ਰਾਬ ਦੀ ਲੈ ਕੇ ਸਾਰੇ ਟੱਬਰ ਦੀ ਵੋਟ ਵੇਚ ਦਿੰਦੇ ਹਨ। ਕੁਝ ਵੋਟਰ ਥੋੜ੍ਹੇ ਜਿਹੇ ਇਸ ਤੋਂ ਅੱਗੇ ਹੁੰਦੇ ਹਨ, ਫਰਿੱਜ, ਕੂਲਰ ਜਾਂ ਵਾਸ਼ਿੰਗ ਮਸ਼ੀਨ ਲੈ ਕੇ ਸਾਰੇ ਟੱਬਰ ਨੂੰ, ਭਾਵ ਸਾਰੇ ਟੱਬਰ ਦੀਆਂ ਵੋਟਾਂ ਵੇਚ ਦਿੰਦੇ ਹਨ। ਕੁਝ ਵੋਟਰ ਮਹੀਨਾ ਵੀਹ ਦਿਨ ਵੋਟਾਂ ਵਾਲੇ ਮੇਲੇ ਦਾ ਹਿੱਸਾ ਬਣ ਕੇ ਹੀ ਵੋਟਾਂ ਵੇਚ ਦਿੰਦੇ ਹਨ। ਸਭ ਤੋਂ ਚਲਾਕ ਕਿਸਮ ਦੇ ਵੋਟਰ ਉਹ ਹੁੰਦੇ ਹਨ ਜਿਹੜੇ ਵੋਟਾਂ ਵਾਲੇ ਮੇਲੇ ਦਾ ਆਨੰਦ ਵੀ ਖੂਬ ਮਾਣਦੇ ਹਨ, ਇਹਨਾਂ ਦਿਨਾਂ ਵਿੱਚ ਲੀਡਰਾਂ ਦੀਆਂ ਗੱਡੀਆਂ ਅਤੇ ਹੋਰ ਸਮੱਗਰੀ ਵੀ ਦੋਹੀਂ ਹੱਥੀਂ ਲੁੱਟਦੇ ਹਨ ਅਤੇ ਵੋਟ ਆਪਣੀ ਮਰਜ਼ੀ ਨਾਲ ਕਿਸੇ ਹੋਰ ਪਾਰਟੀ ਨੂੰ ਪਾ ਦਿੰਦੇ ਹਨ।



ਕਿਸੇ ਵੀ ਉਮੀਦਵਾਰ ਵਾਸਤੇ ਅਜਿਹੇ ਵੋਟਰ ਬਹੁਤ ਖਤਰਨਾਕ ਹੁੰਦੇ ਹਨ। ਜਿਵੇਂ ਕਹਿੰਦੇ ਹਨ, ਸਾਈਆਂ ਕਿਤੇ ਵਧਾਈਆਂ ਕਿਤੇ। ਇੱਕ ਸ਼੍ਰੇਣੀ ਹੋਰ ਵੀ ਹੈ ਵੋਟਰਾਂ ਦੀ, ਜਿਨ੍ਹਾਂ ਨੂੰ ਮੂਰਖਾਂ ਤੋਂ ਵੱਧ ਕੁਝ ਨਹੀਂ ਕਿਹਾ ਜਾ ਸਕਦਾ। ਇਹ ਉਹ ਵੋਟਰ ਹੁੰਦੇ ਹਨ ਜਿਹੜੇ ਆਪਣੇ ਪਿੰਡ ਜਾਂ ਸ਼ਹਿਰ, ਨਿੱਕੀਆਂ ਮੋਟੀਆਂ ਦੁਸ਼ਮਣੀਆਂ ਕੱਢਣ ਲਈ, ਉਮੀਦਵਾਰਾਂ ਦੀਆਂ ਗੱਡੀਆਂ ਦਾ ਸ਼ਿੰਗਾਰ ਬਣਦੇ ਹਨ। ਇਹ ਵੋਟਰ ਬਿਨਾ ਸੋਚੇ ਸਮਝੇ ਕਿਸੇ ਅਜਿਹੇ ਉਮੀਦਵਾਰ ਦੀ ਮਦਦ ਕਰਨਗੇ, ਜਿਹੜਾ ਲਾਈਲੱਗ ਹੋਵੇ, ਥੋੜ੍ਹਾ ਹੋਛਾ ਹੋਵੇ ਤੇ ਵੋਟਾਂ ਦੇ ਦਿਨਾਂ ਵਿਚ ਇਹਨਾਂ ਦੇ ਘਰਾਂ ਤੋਂ ਹੀ ਖਾ ਕੇ ਇਹਨਾਂ ਨੂੰ ਹੀ ਵਰਤਣਗੇ। ਬਾਅਦ ਵਿੱਚ ਨਜਾਇਜ਼ ਕੰਮ ਕਰਾਉਣਗੇ। ਆਪ ਨੂੰ ਅਤੇ ਆਪਣੇ ਸਾਥੀਆਂ ਨੂੰ ਬਚਾਉਣ ਲਈ ਅਜਿਹੇ ਆਦਮੀ (ਉਮੀਦਵਾਰ) ਦੀ ਮਦਦ ਲੈਣ ਲੱਗਿਆ ਵੀ ਸ਼ਰਮ ਮਹਿਸੂਸ ਨਹੀਂ ਕਰਨਗੇ। ਭਾਵੇਂ ਕਿ ਇਹ ਲੋਕ ਕਾਫੀ ਸਰਮਾਏਦਾਰ ਹੁੰਦੇ ਹਨ, ਅਕਸਰ ਹੀ ਇਹਨਾਂ ਨੇ ਨਜਾਇਜ਼ ਕੰਮਾਂ ਵਿਚ ਪੈਸਾ ਕਮਾਇਆ ਹੁੰਦਾ ਹੈ। ਇਹ ਨਿੱਕੀ ਤੋਂ ਨਿੱਕੀ ਗੱਲ ਦੀ ਵੀ ਦੁਸ਼ਮਣੀ ਕੱਢਦੇ ਹਨ ਤੇ ਸ਼ਰੀਫ ਲੋਕਾਂ ਦਾ ਜਿਊਣਾ ਦੁੱਭਰ ਕਰਦੇ ਹਨ।

ਇੱਕ ਹੋਰ ਸ਼੍ਰੇਣੀ ਹੁੰਦੀ ਹੈ ਅਤਿ ਖਤਰਨਾਕ ਵੋਟਰਾਂ ਦੀ। ਇਹ ਉਹ ਵੋਟਰ ਹੁੰਦੇ ਹਨ, ਜਿਹੜੇ ਸਰਮਾਏਦਾਰ ਵੀ ਹੁੰਦੇ ਹਨ, ਅਕਲਮੰਦ ਵੀ ਹੁੰਦੇ ਹਨ ਵੱਡੇ ਪਰਿਵਾਰਾਂ ਵਾਲੇ ਵੀ ਹੁੰਦੇ ਹਨ। ਭਾਵ ਪਿੰਡ ਦੀ ਪੁਰਾਣੀ ਅਤੇ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਜਿੱਥੇ ਕਹਿਣ ਵੋਟ ਪਵਾ ਸਕਦੇ ਹਨ ਪਰ ਅਫ਼ਸੋਸ ਇਹ ਲੋਕ ਆਪਣੇ ਪਰਿਵਾਰ ਤੋਂ ਅੱਗੇ, ਆਪਣੇ ਸਮਾਜ ਅਤੇ ਦੇਸ਼ ਬਾਰੇ ਕਦੇ ਨਹੀਂ ਸੋਚਦੇ। ਕਿਉਂਕਿ ਜੇ ਇਹ ਸਹੀ ਬੰਦੇ ਦੀ ਚੋਣ ਕਰਵਾਉਣਗੇ ਤਾਂ ਸਾਡੇ ਦੇਸ਼ ਦਾ ਵਿਕਾਸ ਹੋਵੇਗਾ ਪਰ ਇਹ ਲੋਕ ਕਦੇ ਨਹੀਂ ਚਾਹੁੰਦੇ ਕਿ ਗਰੀਬ ਅਤੇ ਲਿਤਾੜੇ ਲੋਕ




ਅੱਗੇ ਆਉਣ ਅਤੇ ਸਾਡੀ ਪੀੜ੍ਹੀ ਦਰ ਪੀੜ੍ਹੀ ਚੱਲੀ ਆਉਂਦੀ ਸਰਦਾਰੀ ਨੂੰ ਢਾਹ ਲੱਗੇ। ਇਹ ਆਪਣੇ ਪਿੰਡ ਜਾਂ ਸ਼ਹਿਰ ਦੇ ਛੋਟੇ ਰਾਜੇ ਬਣੇ ਰਹਿਣਾ ਪਸੰਦ ਕਰਦੇ ਹਨ।

ਹੁਣ ਵਿਚਾਰਨ ਵਾਲੀ ਗੱਲ ਹੈ ਕਿ ਜੇ ਅਧੀਆ ਸ਼ਰਾਬ ਦਾ ਲੈ ਕੇ ਕੋਈ ਵੋਟ ਪਾ ਰਿਹਾ ਹੈ, ਉਹਦੇ ਲਈ ਕੋਈ ਸ਼ਰਮ ਵਾਲੀ ਗੱਲ ਨਹੀਂ ਕਿਉਂਕਿ ਉਸ ਨੂੰ ਇਸ ਗੱਲ ਦੀ ਸੋਝੀ ਨਹੀਂ। ਪਰ ਜੋ ਅਧੀਆ ਸ਼ਰਾਬ ਦਾ ਦੇ ਕੇ ਵੋਟ ਭਾਵ ਇੱਕ ਇਨਸਾਨ ਦੇ ਹੱਕ ਖਰੀਦ ਰਿਹਾ ਹੈ, ਉਸ ਨੂੰ ਜ਼ਰੂਰ ਵਿਚਾਰਨਾ ਚਾਹੀਦਾ ਹੈ। ਲਾਲਚ ਦੇ ਨਾਲ ਨਾਲ ਵੋਟਰਾਂ ਨੂੰ ਕਈ ਤਰ੍ਹਾਂ ਦੇ ਡਰਾਵੇ ਦਿੱਤੇ ਜਾਂਦੇ ਹਨ। ਜੇ ਵੋਟਰ ਨਹੀਂ ਮੰਨਦਾ ਤਾਂ ਉਸ ਦੇ ਰਿਸ਼ਤੇਦਾਰਾਂ ਨੂੰ ਵਿੱਚ ਪਾ ਕੇ ਉਸ ਤੋਂ ਵੋਟਾਂ ਖੋਹੀਆਂ ਜਾਂਦੀਆਂ ਹਨ। ਜੇ ਵੋਟਰ ਫਿਰ ਵੀ ਨਹੀਂ ਮੰਨਦਾ ਤਾਂ ਇੱਥੋਂ ਤਕ ਵੀ ਕਿਹਾ ਜਾਂਦਾ ਹੈ ਕਿ ਸੋਚ ਲੈ ਕੋਈ ਕੰਮ ਪਿਆ ਤਾਂ ਸਾਡੇ ਕੋਲ ਹੀ ਆਉਣਾ,ਜਦੋਂ ਕਿ ਵੋਟ ਪਾਉਣ ਦਾ ਅਤੇ ਆਪਣੀ ਮਰਜ਼ੀ ਦਾ ਉਮੀਦਵਾਰ ਚੁਣਨ ਦਾ ਅਧਿਕਾਰ ਮਨੁੱਖੀ ਜਾਤੀ ਨਾਲ ਇਨਸਾਫ਼ ਕਰਦਾ ਹੈ। ਜੇਕਰ ਵੋਟ ਵੇਚਣਾ ਸ਼ਰਮਨਾਕ ਹੈ ਤਾਂ ਵੋਟ ਖਰੀਦਣਾ ਵੀ ਕੋਈ ਬਹਾਦਰੀ ਦੀ ਗੱਲ ਨਹੀਂ। ਜਿੱਥੇ ਵੋਟ ਵੇਚਣਾ ਵੇਚਣ ਵਾਲੇ ਦੀ ਮਨੋਦਸ਼ਾ ਅਤੇ ਉਸ ਦੀ ਆਰਥਿਕ ਹਾਲਤ ਬਿਆਨ ਕਰਦਾ ਹੈ, ਉੱਥੇ ਵੋਟ ਖਰੀਦਣ ਵਾਲੇ ਦੀ ਖਾਨਦਾਨੀ ਨੂੰ ਵੀ ਉਜਾਗਰ ਕਰਦੀ ਹੈ। ਸੋ ਬਿਨਾ ਕਿਸੇ ਦੇਰੀ ਦੇ ਅਜਿਹਾ ਕਾਨੂੰਨ ਬਣਨਾ ਚਾਹੀਦਾ ਹੈ ਜਿੱਥੇ ਵੋਟ ਖਰੀਦਣ ਵਾਲੇ ਨੂੰ ਵੀ ਅਪਰਾਧੀ ਗਿਣਿਆ ਜਾਵੇ। ਜੇ ਉਹ ਵੋਟ ਖਰੀਦਦਾ ਫੜਿਆ ਜਾਂਦਾ ਹੈ ਜਾਂ ਕੋਈ ਸਬੂਤ ਮਿਲਦਾ ਹੈ ਤਾਂ ਉਸ ਤੋਂ ਸਦਾ ਲਈ ਉਮੀਦਵਾਰ ਦਾ ਹੱਕ ਖੋਹ ਲਿਆ ਜਾਵੇ। ਵੋਟਰਾਂ ਨੂੰ ਵੀ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਚੋਣਾਂ ਕੋਈ ਡਰਾਮਾ ਨਹੀਂ ਹਨ, ਇਸ ਉੱਤੇ ਲੱਖਾਂ ਕਰੋੜਾਂ ਰੁਪਏ ਖਰਚ ਹੁੰਦੇ ਹਨ, ਜੋ ਕਿਸੇ ਨਾ ਕਿਸੇ ਟੈਕਸ ਦੇ ਰੂਪ ਵਿੱਚ ਅਸੀਂ ਸਰਕਾਰਾਂ ਨੂੰ ਅਦਾ ਕਰਦੇ ਹਾਂ। ਇਹਨਾਂ ਚੋਣਾਂ ਨਾਲ ਸਾਡਾ ਅਤੇ ਸਾਡੇ ਬੱਚਿਆਂ ਦਾ ਭਵਿੱਖ ਜੁੜਿਆ ਹੁੰਦਾ ਹੈ।

ਇਸੇ ਤਰ੍ਹਾਂ ਇੱਕ-ਦੂਸਰੀ ਪਾਰਟੀ ਦੀ ਮਿੱਟੀ ਪੁੱਟਣ ਵਾਲੇ ਉਮੀਦਵਾਰਾਂ ਨੂੰ ਅਜਿਹੀਆਂ ਹਰਕਤਾਂ ਬੰਦ ਕਰਕੇ ਰਾਜ ਦੇ ਵਿਕਾਸ ਦੀ ਗੱਲ ਕਰਨੀ ਚਾਹੀਦੀ ਹੈ। ਚੋਣ ਕਮਿਸ਼ਨਰ ਵੱਲੋਂ ਝੂਠੇ ਮੈਨੀਫੈਸਟੋ ਦੇ ਆਧਾਰ ਉੱਤੇ ਵੋਟਾਂ ਲੈਣ ਵਾਲਿਆਂ ਉੱਪਰ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਉਦਾਹਰਣ ਦੇ ਤੌਰ 'ਤੇ ਜਦ ਕੋਈ ਮੁਲਾਜ਼ਮ ਆਪਣੇ ਪੇਸ਼ੇ ਨਾਲ ਇਨਸਾਫ਼ ਨਹੀਂ ਕਰਦਾ ਤਾਂ ਉਸ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ। ਸੋ ਜੇ ਕੋਈ ਉਮੀਦਵਾਰ ਜਨਤਾ ਨੂੰ ਬੇਤੁਕੇ ਲਾਰੇ ਲਗਾਉਂਦਾ ਹੈ ਤਾਂ ਉਸ ਨੂੰ ਸੀਟ ਤੋਂ ਮੁਅੱਤਲ ਕਰਦਿਆਂ ਉਸ ਉੱਪਰ ਚਾਰ ਸੌ ਵੀਹ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ।




# ਲੋਕ ਸਭਾ ਚੋਣਾਂ : ਪੰਜਾਬੀਆਂ ਦੇ ਵਿਸ਼ੇਸ਼ ਮੁੱਦੇ ਤੇ ਰਾਜਨੀਤਕ ਪਾਰਟੀਆਂ

**ਰਜਿੰਦਰ ਸਿੰਘ**

ਲੋਕ ਸਭਾ ਚੋਣਾਂ ਪੰਜਾਬ ਵਿਚ ਧਾਰਮਿਕ ਤੇ ਰਾਸ਼ਟਰਵਾਦੀ ਮੁੱਦਿਆਂ 'ਤੇ ਲੜੀਆਂ ਜਾ ਰਹੀਆਂ ਹਨ। ਬਾਦਲ ਦਲ ਨੇ ਭਾਜਪਾ ਵਾਲਾ ਏਜੰਡਾ ਅਪਨਾ ਲਿਆ ਹੈ। ਕਾਂਗਰਸ ਦਾ ਏਜੰਡਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੱਕ ਸੀਮਤ ਹੈ। ਇਹ ਵੱਖਰੀ ਗੱਲ ਹੈ ਕਿ ਇਹ ਆਪਣਾ ਚੋਣ ਮੈਨੀਫੈਸਟੋ ਕੀ ਜਾਰੀ ਕਰਦੇ ਹਨ ? ਪੰਜਾਬ ਵਿਚ ਵੱਡਾ ਏਜੰਡਾ ਬੇਰੁਜ਼ਗਾਰੀ, ਨਸ਼ੇ ਤੇ ਪੰਜਾਬੀ ਨੌਜਵਾਨਾਂ ਦਾ ਪ੍ਰਵਾਸ ਹੈ। ਪੰਜਾਬ ਵਿੱਚ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੂਬੇ ਦੀ ਸਿਆਸਤ ਵਿੱਚ ਸਿਆਸੀ ਭੂਚਾਲ ਲਿਆਉਣ ਵਾਲਾ ਨਸ਼ਿਆਂ ਦਾ ਮੁੱਦਾ ਅੱਜ ਵੀ ਵੱਡੇ ਮੁੱਦਿਆਂ ਵਿੱਚ ਸ਼ਾਮਿਲ ਹੈ। ਭਾਵੇਂ ਸਿਆਸੀ ਪਾਰਟੀਆਂ ਇਸ ਨੂੰ ਹਾਟ ਮੁੱਦਾ ਨਹੀਂ ਬਣਾ ਰਹੀਆਂ, ਪਰ ਅੱਜ ਵੀ ਨਸ਼ਿਆਂ ਕਾਰਨ ਪੰਜਾਬ ਵਿਚ ਮੌਤਾਂ ਹੋ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਫਰਵਰੀ-2019 ਵਿੱਚ ਵਿਧਾਨ ਸਭਾ ਅੰਦਰ ਦਿੱਤੀ ਜਾਣਕਾਰੀ



ਅਨੁਸਾਰ ਸਾਲ 2018-19 ਦੇ ਵਿੱਤੀ ਸਾਲ ਦੌਰਾਨ ਸੂਬੇ ਦੇ 56 ਨੌਜਵਾਨ ਨਸ਼ੇ ਦੀ ਓਵਰਡੋਜ਼ ਨਾਲ ਆਪਣੇ ਜੀਵਨ ਤੋਂ ਹੱਥ ਧੋ ਬੈਠੇ ਸਨ। ਇਹ ਇਸ ਕਰਕੇ ਹੋਰ ਗੰਭੀਰ ਹੈ ਕਿਉਂਕਿ 2017-18 ਓਵਰਡੋਜ਼ ਨਾਲ ਮਰਨ ਦਾ ਸਰਕਾਰੀ ਅੰਕੜਾ 11 ਸੀ। ਸਾਲ 2018-19 ਦੌਰਾਨ ਨਸ਼ੇ ਦੀ ਓਵਰਡੋਜ਼ ਨਾਲ ਅੰਮ੍ਰਿਤਸਰ ਵਿੱਚ ਸਭ ਤੋਂ ਵੱਧ 11 ਮੌਤਾਂ ਅਤੇ ਇਸ ਤੋਂ ਬਾਅਦ ਤਰਨ ਤਾਰਨ ਵਿਚ ਨੌਂ ਮੌਤਾਂ ਹੋਈਆਂ। ਮਾਝੇ ਦੇ ਇਨ੍ਹਾਂ ਦੋਵੇਂ ਜ਼ਿਲ੍ਹਿਆਂ ਵਿੱਚ ਮੌਤਾਂ ਦੀ ਗਿਣਤੀ ਪੰਜਾਹ ਫ਼ੀਸਦ ਹੈ।

2014 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਨਸ਼ੇ ਦੇ ਮੁੱਦੇ ਨੂੰ ਸਭ ਤੋਂ ਵੱਡੇ ਮੁੱਦੇ ਦੇ ਤੌਰ ਉੱਤੇ ਉਭਾਰਿਆ ਸੀ ਜਦੋਂ ਆਮ ਆਦਮੀ ਪਾਰਟੀ ਚਾਰ ਸੀਟਾਂ ਜਿੱਤ ਗਈ ਸੀ। ਉਦੋਂ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ ਇੱਕਦਮ ਸਖ਼ਤੀ ਕਰਨ ਦਾ ਹੁਕਮ ਦੇ ਦਿੱਤਾ ਅਤੇ ਪੁਲਸੀਆ ਕਹਿਰ ਸਾਧਾਰਨ ਨਸ਼ੇੜੀਆਂ ਉੱਤੇ ਟੁੱਟ ਪਿਆ। ਰੋਜ਼ਾਨਾ 29 ਕੇਸ ਦਰਜ ਕੀਤੇ ਜਾਂਦੇ ਰਹੇ। ਬਾਅਦ ਵਿਚ ਅਕਾਲੀ-ਭਾਜਪਾ ਨੇ ਸਟੈਂਡ ਹੀ ਤਬਦੀਲ ਕਰ ਲਿਆ ਕਿ ਪੰਜਾਬ ਵਿੱਚ ਨਸ਼ਾ ਕੋਈ ਵੱਡੀ ਸਮੱਸਿਆ ਨਹੀਂ ਬਲਕਿ ਵਿਰੋਧੀਆਂ ਬਾਦਲ ਸਰਕਾਰ ਨੂੰ ਜਾਣ-ਬੁੱਝ ਕੇ ਬਦਨਾਮ ਕਰ ਰਹੀਆਂ ਹਨ। ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਦੀ ਰੈਲੀ ਦੌਰਾਨ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਚਾਰ ਹਫ਼ਤਿਆਂ ਅੰਦਰ ਪੰਜਾਬ ਵਿਚੋਂ ਨਸ਼ਾ ਖ਼ਤਮ ਕਰ ਦੇਣ ਦਾ ਐਲਾਨ ਕਰ ਦਿੱਤਾ। ਪਰ ਨਸ਼ੇ ਅਜੇ ਤੱਕ ਨਹੀਂ ਮੁੱਕੇ। ਮੌਤਾਂ ਜਿਉਂ ਦੀ ਤਿਉਂ ਜਾਰੀ ਹਨ। ਸਰਕਾਰ ਦੇ ਝੂਠੇ ਲਾਰੇ ਹਨ ਕਿ ਨਸ਼ੇ ਦੀ ਚੇਨ ਤੋੜ ਦਿੱਤੀ ਗਈ ਹੈ। ਹਾਲਾਂਕਿ ਨਸ਼ਿਆਂ ਉੱਤੇ ਕੈਪਟਨ ਸਰਕਾਰ ਨੇ ਕੋਈ ਗੰਭੀਰ ਅਧਿਐਨ ਨਹੀਂ ਕਰਵਾਇਆ ਅਤੇ ਨਾ ਹੀ ਇਸ ਨੂੰ ਸਦੀਵੀਂ ਤੌਰ 'ਤੇ ਰੋਕਣ ਦੀ ਕੋਈ ਕਾਰਵਾਈ ਕੀਤੀ ਹੈ। ਪੰਜਾਬ ਵਿਚ ਪਾਕਿਸਤਾਨ ਵਿਰੁੱਧ ਕੋਈ ਰਾਸ਼ਟਰਵਾਦੀ ਏਜੰਡਾ ਨਹੀਂ ਹੈ, ਜਦ ਕਿ ਪੂਰੇ ਭਾਰਤ ਵਿਚ ਜੰਮੂ-ਕਸ਼ਮੀਰ ਦੇ ਸ਼ਹਿਰ ਪੁਲਵਾਮਾ ਵਿਚ ਸੀਆਰਪੀਐਫ ਦੇ 40 ਜਵਾਨਾਂ ਦੀ ਹੱਤਿਆ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਕੀਤੇ ਸਰਜੀਕਲ ਅਟੈਕ ਨਾਲ ਦੇਸ਼ ਭਰ ਵਿੱਚ ਪੈਦਾ ਕੀਤੇ ਜਾ ਰਿਹਾ ਜੰਗੀ ਉਨਮਾਦ ਭਾਰਤੀਆਂ ਉੱਪਰ ਜਨੂੰਨ ਵਾਂਗ ਚੜ੍ਹਿਆ ਹੋਇਆ ਹੈ। ਹਰ ਪਾਸੇ ਮੋਦੀ ਦਾ ਜਾਦੂ ਛਾਇਆ ਹੋਇਆ ਹੈ। ਪਰ ਇਸ ਦੇ ਉਲਟ ਪੰਜਾਬੀਆਂ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਮੁੱਦੇ 'ਤੇ ਇਕਮੁੱਠ ਹਨ। ਬਹੁਤੇ ਪੰਜਾਬੀ ਇਹ ਮਹਿਸੂਸ ਵੀ ਕਰ ਰਹੇ ਹਨ ਕਿ ਦੋਵੇਂ ਗੁਆਂਢੀ ਮੁਲਕਾਂ ਦੇ ਸਬੰਧ ਸੁਧਰਨ ਨਾਲ ਆਰਥਿਕ ਵਿਕਾਸ ਦੀ ਗਤੀ ਵੀ ਤੇਜ਼ ਹੋਵੇਗੀ। ਇਹੀ ਕਾਰਨ ਹੈ ਕਿ ਭਾਜਪਾ ਨੂੰ ਤੇ ਅਕਾਲੀਆਂ ਨੂੰ ਇਸ ਰਾਸ਼ਟਰਵਾਦੀ ਮੁੱਦੇ ਕਾਰਨ ਸਿਆਸੀ ਲਾਭ ਨਹੀਂ ਮਿਲੇਗਾ। ਪੰਜਾਬ ਵਿਚ ਜ਼ਮੀਨਦੋਜ ਖਤਮ ਹੋ ਰਿਹਾ ਪਾਣੀ ਵੀ ਵਿਸ਼ੇਸ਼ ਮੁੱਦਾ ਬਣਿਆ ਹੋਇਆ ਹੈ। ਕਿਹਾ ਜਾ ਰਿਹਾ ਹੈ ਕਿ 80% ਜ਼ਮੀਨਦੋਜ ਪਾਣੀ ਖਤਮ ਹੋ ਚੁੱਕਾ ਹੈ ਤੇ ਬਾਕੀ ਪਾਣੀ ਨੂੰ ਬਚਾਉਣਾ ਅਤਿਅੰਤ ਜ਼ਰੂਰੀ ਹੈ। ਖੇਤੀ ਅਤੇ ਸਨਅਤ ਲਈ ਸਿਰਫ ਦਰਿਆਈ ਪਾਣੀ ਦੀ ਵਰਤੋਂ ਹੋਣੀ ਚਾਹੀਦੀ ਹੈ ਅਤੇ ਧਰਤੀ ਹੇਠਲਾ ਕੀਮਤੀ ਪਾਣੀ ਸਿਰਫ ਪੀਣ ਲਈ ਰੱਖਣਾ ਚਾਹੀਦਾ ਹੈ। 22ਵੀਂ ਸਦੀ ਚੜਨ ਤੱਕ ਧਰਤੀ ਹੇਠਲਾ ਪਾਣੀ ਪੰਜਾਬ ਬਚਾਅ ਲਏ ਤਾਂ ਪੰਜਾਬ ਦੁਨੀਆ ਦਾ ਸਭ ਤੋਂ ਅਮੀਰ ਖ਼ਿੱਤਾ ਬਣ ਸਕਦਾ ਹੈ। ਕਿਸਾਨੀ ਸੰਕਟ, ਸਿਹਤ ਤੇ ਸਿੱਖਿਆ ਪੰਜਾਬ ਲਈ ਵੱਡੇ ਮੁੱਦੇ ਹਨ। ਪੰਜਾਬ ਅੰਦਰ ਵਾਤਾਵਰਨਕ ਖ਼ਰਾਬੀ, ਪਾਣੀ ਦਾ ਲਗਾਤਾਰ ਡੂੰਘਾ ਅਤੇ ਪ੍ਰਦੂਸ਼ਿਤ ਹੁੰਦੇ ਜਾਣਾ, ਮਿੱਟੀ ਦੇ ਜ਼ਹਿਰੀਲਾ ਹੋਣ ਕਰਕੇ ਕੈਂਸਰ ਅਤੇ ਕਾਲੇ ਪੀਲੀਏ ਵਰਗੇ ਭਿਆਨਕ ਰੋਗ ਪੈਰ ਪਾਸਾਰ ਰਹੇ ਹਨ। ਪੇਂਡੂ ਖੇਤਰ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਦਾ ਲਗਪਗ ਤੀਹ ਫ਼ੀਸਦ ਹਿੱਸਾ ਬਿਮਾਰੀਆਂ ਉੱਤੇ ਵਧੇ ਖ਼ਰਚੇ ਕਰਕੇ ਹੈ। ਇਸੇ ਕਰਕੇ ਆਤਮ-ਹੱਤਿਆਵਾਂ ਦਾ ਦੌਰ ਜਾਰੀ ਹੈ। ਪੰਜਾਬ ਵਿੱਚ ਸਿਹਤ ਦਾ ਬੁਨਿਆਦੀ ਢਾਂਚਾ ਬਹੁਤ ਮਾੜਾ ਹੈ। ਪਰ ਇਹ ਸਿਆਸੀ ਪਾਰਟੀਆਂ ਦਾ ਅਹਿਮ ਏਜੰਡਾ ਨਹੀਂ ਬਣ ਰਿਹਾ। ਸਿੱਖਿਆ ਦੇ ਵਪਾਰੀਕਰਨ ਅਤੇ ਨਿੱਜੀਕਰਨ ਦੇ ਦੌਰ ਨੇ ਸਿੱਖਿਆ ਦੇ ਬਰਾਬਰੀ ਦੇ ਅਸੂਲ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ ਤੇ ਗਰੀਬਾਂ ਲਈ ਪੜ੍ਹਾਈ ਹੁਣ ਮੁਕਦੀ ਜਾ ਰਹੀ ਹੈ। ਬੇਰੁਜ਼ਗਾਰੀ ਕਾਰਨ ਪੰਜਾਬ ਦੀ ਯੂਥ ਪ੍ਰਵਾਸ ਕਰ ਰਹੀ ਹੈ ਤੇ ਪੰਜਾਬ ਦਾ ਪੈਸਾ ਵਿਦੇਸ਼ਾਂ ਵਿਚ ਜਾ ਰਿਹਾ ਹੈ। ਇਸ ਨਾਲ ਪੰਜਾਬ ਨੂੰ ਵੱਡਾ ਝਟਕਾ ਲੱਗੇਗਾ, ਪਰ ਇਹ ਮੁੱਦਾ ਹੁਣ ਤੱਕ ਕਿਸੇ ਪਾਰਟੀ ਦੇ ਏਜੰਡੇ ਦਾ ਹਿੱਸਾ ਨਹੀਂ ਬਣਿਆ। ਇਹ ਗੱਲ ਸੱਚ ਹੈ ਕਿ ਜਿੰਨਾ ਚਿਰ ਤੱਕ ਪੰਜਾਬੀ ਆਪ ਸੁਚੇਤ ਨਹੀਂ ਹੁੰਦੇ, ਓਨਾ ਚਿਰ ਤੱਕ ਰਾਜਨੀਤਕ ਪਾਰਟੀਆਂ ਇਹਨਾਂ ਅਹਿਮ ਮੁੱਦਿਆਂ ਨੂੰ ਨਹੀਂ ਉਠਾਉਣਗੀਆਂ ਜੋ ਪੰਜਾਬ ਦਾ ਅਹਿਮ ਜੀਵਨ ਹਨ।

# ਭਾਰਤੀ ਆਗੂਆਂ ਦੀ ਜੀਭ ਹੋਈ ਬੇਲਗਾਮ




- **ਸੁਖਬੀਰ ਨੇ ਕੈਪਟਨ ਨੂੰ ਦੱਸਿਆ ਸ਼ਰਾਬੀ**
- **ਮੋਦੀ ਨੇ ਅਡਵਾਨੀ ਨੂੰ ਪੰਚ ਮਾਰਿਆ : ਰਾਹੁਲ**
- **ਪੈਸੇ ਦੇ ਕੇ ਸਿੱਧੂ ਤੋਂ ਕੁਝ ਵੀ ਬੁਲਵਾ ਲਓ : ਮਲਿਕ**
- **ਕਾਂਗਰਸੀ ਨੇਤਾ ਵੱਲੋਂ ਮੋਦੀ ਤੇ ਸ਼ਾਹ ਦੀ ਤੁਲਨਾ ਰੰਗਾ ਬਿੱਲਾ ਨਾਲ**
- **ਗੱਠਜੋੜ ਨੂੰ ਵੋਟ ਦਾ ਮਤਲਬ ਪਾਕਿ ਨੂੰ ਵੋਟ ਦੇਣਾ : ਵਰੁਣ ਗਾਂਧੀ**
- **ਰਾਜੀਵ ਦੇਸ਼ ਦੇ ਸਭ ਤੋਂ ਵੱਡੇ ਮੌਬ ਲਿੰਚਰ : ਸਿਰਸਾ**

**ਜਲੰਧਰ /ਬਿਊਰੋ ਨਿਊਜ਼ :** ਭਾਰਤ ਦੇ ਲੀਡਰ ਇਹਨਾਂ ਲੋਕ ਸਭਾ ਚੋਣਾਂ ਦੌਰਾਨ ਕੱਚੀ ਦੇ ਨਿਆਣਿਆਂ ਵਾਂਗ ਬਿਆਨ ਜਾਰੀ ਕਰ ਰਹੇ ਹਨ, ਜਿਸ ਦੀ ਕੋਈ ਤੁਕ ਨਹੀਂ ਤੇ ਨਾ ਹੀ ਜਨਤਾ ਨੂੰ ਕੋਈ ਫਾਇਦਾ ਹੈ। ਕਿਸੇ ਵੀ ਪਾਰਟੀ ਕੋਲ ਲੋਕ ਹਿੱਤ ਏਜੰਡਾ ਨਹੀਂ, ਸਾਰੇ ਹੀ ਗਾਲ੍ਹਾਂ ਤੱਕ ਸੀਮਤ ਹਨ। ਭਾਰਤ ਦੇ ਲੋਕ ਕਿਹੋ ਜਿਹਾ ਰਾਸ਼ਟਰ ਨਿਰਮਾਣ ਕਰਨ ਜਾ ਰਹੇ ਹਨ, ਇਹ ਉਹਨਾਂ ਦੇ ਲੀਡਰਾਂ ਦੇ ਬਿਆਨਾਂ ਤੋਂ ਪਤਾ ਲੱਗ ਜਾਂਦਾ ਹੈ। ਇਹ ਅੱਗੇ ਜਾ ਕੇ ਕੀ ਕਰਨਗੇ, ਇਹ ਇਹਨਾਂ ਦੀ ਸੋਚ ਤੋਂ ਅੰਦਾਜ਼ਾ ਹੋ ਜਾਂਦਾ ਹੈ। ਇਹ ਸਿਲਸਿਲਾ ਹੁਣ ਤੱਕ ਜਾਰੀ ਹੈ, ਪਰ ਚੋਣ ਕਮਿਸ਼ਨ ਕੋਈ ਠੋਸ ਕਾਰਵਾਈ ਨਹੀਂ ਕਰ ਰਿਹਾ। ਉਹ ਸਿਰਫ ਭਾਰੂ ਸਿਆਸਤਦਾਨਾਂ ਦਾ ਕਲਰਕ ਬਣਿਆ ਹੋਇਆ ਹੈ। ਕੁਝ ਇਹੋ ਜਿਹੇ ਬਿਆਨਾਂ ਦੀਆਂ ਉਦਾਹਰਣਾਂ ਇਸ ਤਰ੍ਹਾਂ ਹਨ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿੱਜੀ ਹਮਲਾ ਕਰਦਿਆਂ ਉਨ੍ਹਾਂ ਨੂੰ 'ਸ਼ਰਾਬੀ' ਤਕ ਕਹਿ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤਾਂ ਦਾਰੂ ਪੀ ਕੇ ਪਿਆ ਰਹਿੰਦਾ ਹੈ। ਪੰਜਾਬ ਦੇ ਵਿਕਾਸ ਕਾਰਜ ਸੁਆਹ ਕਰਨੇ ਨੇ। ਇਸ ਨਾਲੋਂ ਚੰਗਾ ਉਹ ਅਫੀਮ ਹੀ ਖਾ ਲਿਆ ਕਰੇ। ਘੱਟੋ ਘੱਟ ਪੰਜਾਬ ਦੇ ਕੰਮ ਤਾਂ ਕਰਿਆ ਕਰੇਗਾ। ਉਨ੍ਹਾਂ ਕੈਪਟਨ ਸਰਕਾਰ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ 'ਤੇ ਵੀ ਵੱਡੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਕੈਪਟਨ ਨੇ ਗੁਟਕਾ ਸਾਹਿਬ ਦੀ ਝੂਠੀ ਸਹੁੰ ਖਾਧੀ ਤੇ ਨਾ ਹੀ ਕਿਸਾਨਾਂ ਨੂੰ ਗੰਨੇ ਦਾ ਬਕਾਇਆ ਦਿੱਤਾ। ਸੁਖਬੀਰ ਨੇ ਤਵਾ ਲਾਉਂਦਿਆਂ ਕਿਹਾ ਕਿ ਹੁਣ ਕੈਪਟਨ ਕਹਿੰਦਾ ਕਿ ਮੈਂ ਚੋਣ ਨਹੀਂ ਲੜਨੀ, ਫੜ ਲਓ ਪੂਛ।

ਨਵਜੋਤ ਸਿੱਧੂ (ਕਾਂਗਰਸ) ਨੇ ਕਿਹਾ, "2014 ਵਿਚ ਭਾਜਪਾ ਦੀ ਸਮ੍ਰਿਤੀ ਇਰਾਨੀ ਬੀਏ. ਪੜ੍ਹੀ ਸੀ, 2019 ਵਿਚ ਉਹ 12ਵੀਂ ਪਾਸ ਹੋ ਗਈ ਤਾਂ ਕੀ 2024 ਤੋਂ ਪਹਿਲਾਂ ਕੇਜੀ. ਵਿਚ ਪਹੁੰਚ ਜਾਏਗੀ ?"

ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਨਵਜੋਤ ਸਿੰਘ ਸਿੱਧੂ ਦੀ ਤੁਲਨਾ 'ਭੰਡ' ਨਾਲ ਕਰਦਿਆਂ ਕਿਹਾ ਕਿ "ਪੈਸੇ ਦੇ ਕੇ ਸਿੱਧੂ ਤੋਂ ਕੁਝ ਵੀ ਬੁਲਵਾ ਲਓ, ਕਿਸੇ ਵਿਰੁੱਧ ਹੀ ਠਹਾਕੇ ਲਗਵਾ ਲਓ। ਉਹਨਾਂ ਦੀਆਂ ਸੈਂਸਲੈਸ ਟਿੱਪਣੀਆਂ ਲਈ ਉਹਨਾਂ ਦੇ ਦਿਮਾਗ ਦਾ ਹਸਪਤਾਲ ਵਿਚ ਇਲਾਜ ਕਰਵਾਉਣ ਦੀ ਲੋੜ ਹੈ।"

ਇਸੇ ਦਿਨ ਮਾਕਪਾ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਕਿਹਾ, "ਹਿੰਸਕ ਘਟਨਾਵਾਂ ਨਾਲ ਭਰੇ ਪਏ ਰਾਮਾਇਣ ਅਤੇ ਮਹਾਭਾਰਤ ਵਰਗੇ ਗ੍ਰੰਥਾਂ ਤੋਂ ਸਿੱਧ ਹੁੰਦਾ ਹੈ ਕਿ ਹਿੰਦੂ ਵੀ ਹਿੰਸਕ ਹੋ ਸਕਦੇ ਹਨ।"

ਕਾਂਗਰਸੀ ਨੇਤਾ ਪਵਨ ਕਾਜਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀ ਤੁਲਨਾ ਬਲਾਤਕਾਰ ਅਤੇ ਕਤਲ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਕਰਨ ਵਾਲੇ ਬਦਨਾਮ ਅਪਰਾਧੀਆਂ ਰੰਗਾ ਅਤੇ ਬਿੱਲਾ ਨਾਲ ਕੀਤੀ।

ਅਮਿਤ ਸ਼ਾਹ ਨੇ ਕਿਹਾ, "ਜਿਵੇਂ ਹੀ ਦੇਸ਼ ਵਿਚ ਗਰਮੀ ਵਧਣ ਲੱਗਦੀ ਹੈ, ਰਾਹੁਲ ਗਾਂਧੀ ਵਿਦੇਸ਼ ਚਲੇ ਜਾਂਦੇ ਹਨ ਅਤੇ ਇੰਨੀ ਗੁਪਤ ਜਗ੍ਹਾ 'ਤੇ ਛੁੱਟੀਆਂ ਬਿਤਾਉਂਦੇ ਹਨ ਕਿ ਉਹਨਾਂ ਦੀ ਮਾਂ ਵੀ ਲੱਭਦੀ ਰਹਿ ਜਾਂਦੀ ਹੈ।"

ਸੁਲਤਾਨਪੁਰ ਵਿਚ ਵਰੁਣ ਗਾਂਧੀ ਬੋਲੇ, "ਗੱਠਜੋੜ ਨੂੰ ਵੋਟ ਦੇਣ ਦਾ ਮਤਲਬ ਹੈ ਪਾਕਿਸਤਾਨ ਨੂੰ ਵੋਟ ਦੇਣਾ।"

ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ (ਕਾਂਗਰਸ) ਨੇ ਕਿਹਾ ਕਿ "ਪ੍ਰੱਗਿਆ ਸਿੰਘ ਠਾਕੁਰ ਮੋਟਰਸਾਈਕਲ ਚਲਾਉਂਦੀ, ਜੀਨਸ ਅਤੇ ਟੀ-ਸ਼ਰਟ ਪਹਿਨਦੀ ਸੀ ਅਤੇ ਹੁਣ ਉਸ ਨੂੰ ਭਗਵਾ ਚੋਲਾ ਧਾਰਨ ਕਰ ਲੈਣ ਕਰਕੇ ਸਾਧਵੀ ਨਹੀਂ ਕਿਹਾ ਜਾ ਸਕਦਾ।"

ਰਾਹੁਲ ਗਾਂਧੀ ਨੇ ਭਿਵਾਨੀ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਾਕਸਰ ਦੱਸਿਆ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਨਰਿੰਦਰ ਮੋਦੀ ਨੂੰ ਬੇਰੁਜ਼ਗਾਰੀ, ਕਿਸਾਨਾਂ ਦੀ ਸਮੱਸਿਆ ਤੇ ਭ੍ਰਿਸ਼ਟਾਚਾਰ ਨਾਲ ਲੜਨ ਸੀ ਪਰ ਉਸ ਦੇ ਬਦਲੇ ਉਹ ਮੁੜੇ ਤੇ ਆਪਣੇ ਕੋਚ ਲਾਲ ਕ੍ਰਿਸ਼ਨ ਅਡਵਾਨੀ ਜੀ ਅਤੇ ਆਪਣੀ ਟੀਮ ਦੇ ਗਡਕਰੀ ਤੇ ਜੇਤਲੀ ਨੂੰ ਵੀ 'ਮੁੱਕਾ' ਮਾਰ ਦਿੱਤਾ। ਇਸ ਤੋਂ ਬਾਅਦ ਬਾਕਸਰ ਮੋਦੀ ਭੀੜ ਵਿਚ ਗਏ ਅਤੇ ਛੋਟੇ ਵਪਾਰੀਆਂ ਤੇ ਕਿਸਾਨਾਂ ਨੂੰ ਪੰਚ ਮਾਰਿਆ। ਸ਼੍ਰੋਮਣੀ ਅਕਾਲੀ ਦਲ ਅਕਾਲੀ ਦਲ ਦੇ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਭਾਰਤ ਦਾ ਸਭ ਤੋਂ ਵੱਡਾ ਮੌਬ ਲਿੰਚਰ ਦੱਸਿਆ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਦੁਨੀਆ ਦੇ ਇਕਲੌਤੇ ਪ੍ਰਧਾਨ ਮੰਤਰੀ ਰਹੇ ਜਿਸ ਨੇ ਸਿੱਖ ਕੌਮ ਖ਼ਿਲਾਫ਼ ਸੰਗਠਿਤ ਮੌਬ ਲਿਚਿੰਗ ਕਰਵਾਈ। ਇਸ ਦੇ ਨਾਲ ਹੀ ਉਨ੍ਹਾਂ ਸਿੱਖ ਕਤਲੇਆਮ ਵਿਚ ਸ਼ਾਮਲ ਲੋਕਾਂ ਨੂੰ ਬਚਾਇਆ ਵੀ। ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਇਹ ਸਪੱਸ਼ਟ ਕਰਨ ਕਿ ਉਹ ਇਹ ਕਿਉਂ ਨਹੀਂ ਸਵੀਕਾਰ ਕਰਦੇ ਕਿ 1984 ਦੇ ਸਿੱਖ ਵਿਰੋਧੀ ਕਤਲੇਆਮ ਲਈ ਉਨ੍ਹਾਂ ਦੀ ਪਾਰਟੀ ਦੋਸ਼ੀ ਹੈ। ਸਿਰਫ 3-4 ਦਿਨਾਂ ਅੰਦਰ ਮੀਡੀਆ ਵਿਚ ਆਉਣ ਵਾਲੇ ਇਹਨਾਂ ਬਿਆਨਾਂ ਤੋਂ ਸਪੱਸ਼ਟ ਹੈ ਕਿ ਕਿਸ ਤਰ੍ਹਾਂ ਸਾਡੇ ਨੇਤਾ ਬਿਨਾਂ ਸੋਚੇ ਵਿਚਾਰੇ ਟਿੱਪਣੀਆਂ ਕਰਕੇ ਦੂਜੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਲ-ਨਾਲ ਸਮਾਜ ਵਿਚ ਕੁੜੱਤਣ ਵਧਾਉਣ ਵਾਲੇ ਬੇਲੋੜੇ ਵਿਵਾਦ ਵੀ ਪੈਦਾ ਕਰ ਰਹੇ ਹਨ।

## ਕੈਪਟਨ ਨਸ਼ਿਆਂ ਬਾਰੇ ਸਹੁੰ ਤੋਂ ਮੁਕਰਿਆ

### *ਅਖੇ ਮੈਂ ਸਿਰਫ ਨਸ਼ਿਆਂ ਦਾ ਲੱਕ ਤੋੜਨ ਦੀ ਸਹੁੰ ਖਾਧੀ ਸੀ, ਉਹ ਤੋੜ ਦਿੱਤੈ*

ਵਿਰੋਧੀ ਧਿਰਾਂ ਵੱਲੋਂ ਨਸ਼ਿਆਂ ਦੀ ਝੂਠੀ ਸਹੁੰ ਬਾਰੇ ਸਵਾਲ ਦੇ ਜਵਾਬ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਚਾਰ ਹਫ਼ਤਿਆਂ ਵਿਚ ਨਸ਼ਿਆਂ ਦਾ ਲੱਕ ਤੋੜਨ ਦੀ ਗੱਲ ਆਖੀ ਸੀ ਤੇ ਉਹ ਤੋੜ ਦਿੱਤਾ ਹੈ। ਨਸ਼ਾ ਤਸਕਰੀ ਦੇ ਮਾਮਲੇ ਵਿਚ 26000 ਮੁਲਜ਼ਮਾਂ ਨੂੰ ਜੇਲ੍ਹ ਵਿਚ ਡੱਕਿਆ ਹੈ। ਸਖਤੀ ਕਾਰਨ ਨਸ਼ਿਆਂ ਦੀ ਕੀਮਤ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
01 ਮਈ 2019 ਤੋਂ 07 ਮਈ 2019

## ਭਾਰਤ 'ਚ ਸਿੱਖਾਂ ਨੂੰ ਨਿਆਂ ਨਹੀਂ ਮਿਲਣਾ

**-ਮਨਜੀਤ ਸਿੰਘ ਟਿਵਾਣਾ**

ਭਾਰਤੀ ਰਾਜ-ਪ੍ਰਬੰਧ ਵਿਚ ਅੱਜ ਇਕ ਸਵਾਲ ਬਹੁਤ ਹੀ ਸੰਜੀਦਗੀ ਨਾਲ ਪੁੱਛਿਆ ਜਾ ਰਿਹਾ ਹੈ ਕਿ ਕੀ ਇਸ ਦੇਸ਼ ਦਾ ਨਿਆਂ ਪ੍ਰਬੰਧ ਆਪਣੇ ਆਖਰੀ ਸਾਹ ਗਿਣ ਰਿਹਾ ਹੈ ? ਉਂਞ ਇਹ ਸਵਾਲ ਭਾਰਤ ਵਿਚ ਮੌਜੂਦਾ ਸਮੇਂ ਹਾਵੀ ਹੋ ਰਹੀ ਭਗਵਾਂ ਰਾਜਨੀਤੀ ਉਤੇ ਰਾਜਸੀ ਹਮਲਾ ਕਰਨ ਲਈ ਹੀ ਵਧੇਰੇ ਕਰ ਕੇ ਮੁਖਰ ਹੈ। ਹਕੀਕਤ ਵੀ ਜ਼ਰੂਰ ਹੀ ਅਜਿਹੀ ਬਣੀ ਹੋਈ ਹੈ। ਉਂਞ ਇਹ ਸਵਾਲ ਤਾਂ ਨਵੰਬਰ- 1984 ਦੇ ਸਿੱਖ ਕਤਲੇਆਮ ਤੋਂ ਬਾਅਦ ਹੀ ਹਰ ਸਿੱਖ ਤੇ ਮਾਨਵਤਾ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਜ਼ੁਬਾਨ ਉਤੇ ਚੜਿਆ ਆ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਹੁਣ ਵਾਂਗ ਕਦੇ ਇਹ ਦੇਸ਼ ਦੇ ਹਿੰਦੂਵਾਦੀ ਜਾਂ ਕਥਿਤ ਧਰਮ ਨਿਰਪੱਖ ਮੀਡੀਆ ਵਿਚ ਬਹਿਸ ਦਾ ਕੇਂਦਰ ਨਹੀਂ ਬਣ ਸਕਿਆ। ਨਿੱਜੀ ਤੌਰ ਉਤੇ ਕੁਝ ਸੁਹਿਰਦ ਪੱਤਰਕਾਰ ਭਾਰਤੀ ਨਿਆਂ-ਪ੍ਰਬੰਧ ਦੇ ਸਿੱਖਾਂ ਪ੍ਰਤੀ ਅਜਿਹੇ ਦੋਗਲੇ ਕਿਰਦਾਰ ਬਾਰੇ ਜ਼ਰੂਰ ਅਵਾਜ਼ ਉਠਾਉਂਦੇ ਰਹੇ ਹਨ। ਹੁਣ ਤਕ ਵੀ ਸਿਆਸੀ, ਨਿਆਂਇਕ ਤੇ ਮੀਡੀਆ ਦਾ ਬਹੁਤਾ ਤਬਕਾ ਸਿੱਖਾਂ ਦੇ ਕਤਲੇਆਮ ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਰੀ-ਐਕਸ਼ਨ ਵੱਜੋਂ ਹੀ ਦੇਖਦਾ ਤੇ ਪੇਸ਼ ਕਰਦਾ ਆ ਰਿਹਾ ਹੈ। ਤੱਥ ਇਹ ਹਨ ਕਿ ਇਹ ਕਤਲੇਆਮ ਪੂਰੀ ਯੋਜਨਾਬੰਦੀ ਨਾਲ, ਕਾਂਗਰਸ ਪਾਰਟੀ ਦੀ ਸੱਤਾ ਵਾਲੇ ਰਾਜਾਂ ਵਿਚ ਅਤੇ ਸੰਘੀਆਂ ਦੀ ਸਰਗਰਮ ਸ਼ਮੂਲੀਅਤ ਨਾਲ ਕੀਤਾ ਗਿਆ ਸੀ। ਅਸੀਂ ਚਰਚਾ ਕਈ ਦਹਾਕਿਆਂ ਤੋਂ ਭਾਰਤੀ ਨਿਆਂ-ਪ੍ਰਬੰਧ ਵਿਚ ਸਿੱਖਾਂ ਨਾਲ ਹੋ ਰਹੇ ਪੱਖਪਾਤੀ ਤੇ ਦੋਗਲੇ ਵਿਵਹਾਰ ਦੀ ਕਰ ਰਹੇ ਹਾਂ, ਜਿਸ ਦੀ ਪ੍ਰਤੱਖ ਮਿਸਾਲ ਹੁਣੇ-ਹੁਣੇ ਇਕ ਵਾਰ ਮੁੜ ਸਾਡੇ ਸਾਹਮਣੇ ਪੇਸ਼ ਹੋਈ ਹੈ।

ਭਾਰਤੀ ਸੁਪਰੀਮ ਕੋਰਟ ਨੇ ਨਵੰਬਰ-1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਸਬੂਤਾਂ ਦੀ ਅਣਹੋਂਦ ਵਿਚ ਮੁਲਜ਼ਮਾਂ ਨੂੰ ਬਰੀ ਕੀਤਾ ਹੈ। ਦਿੱਲੀ ਵਿਚ ਤ੍ਰਿਲੋਕਪੁਰੀ ਉਹ ਇਲਾਕਾ ਹੈ, ਜਿੱਥੇ ਸਿੱਖਾਂ ਦਾ ਸਭ ਤੋਂ ਵੱਧ ਕਤਲੇਆਮ ਅਤੇ ਸਾੜਫੂਕ ਹੋਈ ਸੀ। ਉਸ ਸਮੇਂ ਕੁਝ ਕੁ ਦਲੇਰ ਪੱਤਰਕਾਰਾਂ ਤੇ ਅਖਬਾਰਾਂ ਨੇ ਇਸ ਖੇਤਰ ਵਿਚ ਹਜ਼ਾਰਾਂ ਸਿੱਖਾਂ ਦੀਆਂ ਸਾੜੀਆਂ ਗਈਆਂ ਲਾਸ਼ਾਂ ਦੀਆਂ ਖਬਰਾਂ ਫੋਟੋਆਂ ਸਮੇਤ ਛਾਪੀਆਂ ਸਨ। ਬਹੁਤ ਸੰਘਰਸ਼ ਤੇ ਕੋਸ਼ਿਸ਼ਾਂ ਤੋਂ ਬਾਅਦ ਆਖਿਰ ਦਿੱਲੀ ਪੁਲਿਸ ਨੇ 110 ਵਿਅਕਤੀਆਂ ਵਿਰੁੱਧ, ਸਿਰਫ਼ ਸਾੜ ਫੂਕ ਤੇ ਧਾਰਾ 144 ਦੀ ਉਲੰਘਣਾ ਕਰਨ ਦਾ ਮਾਮਲਾ ਦਰਜ ਕੀਤਾ ਸੀ। ਸੰਨ 1996 ਵਿਚ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ 88 ਦੋਸ਼ੀਆਂ ਨੂੰ 5-5 ਸਾਲ ਦੀ ਕੈਦ ਸੁਣਾਈ ਸੀ। ਬਾਅਦ ਵਿਚ ਦਿੱਲੀ ਹਾਈਕੋਰਟ ਨੇ ਵੀ 28 ਨਵੰਬਰ 2018 ਨੂੰ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਉਪਰੰਤ 15 ਦੋਸ਼ੀਆਂ ਨੇ ਸੁਪਰੀਮ ਕੋਰਟ ਵਿਚ ਰਿੱਟ ਪਾ ਦਿੱਤੀ। ਹੁਣ ਸੁਪਰੀਮ ਕੋਰਟ ਨੇ ਰਿੱਟ ਪਾਉਣ ਵਾਲੇ ਸਾਰਿਆਂ ਨੂੰ ਬਰੀ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਲਿਖਿਆ ਹੈ ਕਿ ਦੋਸ਼ੀਆਂ ਨੂੰ ਗੁਨਾਹ ਕਰਦਿਆਂ ਕਿਸੇ ਨੇ ਨਹੀਂ ਦੇਖਿਆ ਅਤੇ ਨਾ ਹੀ ਕਿਸੇ ਨੇ ਸ਼ਨਾਖਤ ਕੀਤੀ ਹੈ। ਕੋਈ ਦੱਸ ਸਕਦਾ ਹੈ ਕਿ ਫਿਰ ਪੁਲਿਸ, ਅਦਾਲਤਾਂ ਤੇ ਸਰਕਾਰਾਂ ਦੇ ਹੁੰਦਿਆਂ ਐਨਾ ਭਿਆਨਕ ਕਤਲੇਆਮ ਆਖ਼ਰ ਕੌਣ ਕਰ ਗਿਆ ?

ਪੂਰੀ ਦੁਨੀਆ ਜਾਣਦੀ ਹੈ ਕਿ ਨਵੰਬਰ-1984 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਹੋਰ ਰਾਜਾਂ 'ਚ ਸਿੱਖਾਂ ਦਾ ਯੋਜਨਾਬੱਧ ਤਰੀਕੇ ਨਾਲ ਵਹਿਸ਼ੀਆਨਾ ਕਤਲੇਆਮ ਹੋਇਆ ਸੀ। ਇਹ ਖੂਨ-ਖਰਾਬਾ ਇਸੇ ਮਾਨਯੋਗ ਅਦਾਲਤ ਦੇ ਸਾਹਮਣੇ ਹੀ ਚਾਰ ਦਿਨ ਤਕ ਹੁੰਦਾ ਰਿਹਾ ਸੀ, ਉਦੋਂ ਇਹੋ ਅਦਾਲਤ ਇਸ ਸਰਕਾਰੀ ਜਬਰ ਨੂੰ ਸਾਹਮਣੇ ਹੁੰਦਾ ਦੇਖ ਕੇ ਮੂੰਹ ਵਿਚੋਂ ਇਕ ਸ਼ਬਦ ਤਕ ਨਾ ਬੋਲੀ, ਪੀੜਤਾਂ ਦੀਆਂ ਲੱਖਾਂ ਅਰਜ਼ੋਈਆਂ ਨੂੰ ਸੁਣ ਕੇ ਵੀ ਨਾ ਪਸੀਜੀ ਪਰ ਹੁਣ ਪੈਂਤੀ ਸਾਲ ਬਾਅਦ ਅਚਾਨਕ ਇਸੇ ਅਦਾਲਤ ਨੂੰ ਸਬੂਤਾਂ ਦੀ ਤਲਬ ਜਾਗੀ ਹੈ।

ਦਰਅਸਲ ਹਿੰਦੁਸਤਾਨ ਦਾ ਬਿਪਰਵਾਦੀ ਸੋਚ ਵਿਚ ਗ੍ਰਸਿਆ ਸਮੁੱਚਾ ਰਾਜ-ਪ੍ਰਬੰਧ ਖੁਦ ਉਕਤ ਵਹਿਸ਼ੀ ਖੇਡ ਦਾ ਕਰਤਾ-ਧਰਤਾ, ਰੈਫਰੀ ਅਤੇ ਪਲੇਅਰ ਹੈ। ਹਿੰਦੁਸਤਾਨੀ ਨਿਆਂ-ਪ੍ਰਬੰਧ ਵੀ ਇਸੇ ਬਿਪਰ-ਇੰਪਾਇਰ ਦਾ ਹਿੱਸਾ ਹੈ। ਛੋਟੇ-ਛੋਟੇ ਕੇਸਾਂ ਵਿਚ ਆਪਣੇ ਆਪ ਜਾਂ ਮੀਡੀਆ ਦੀਆਂ ਖ਼ਬਰਾਂ ਉਤੇ ਨੋਟਿਸ ਲੈਣ ਵਾਲੀ ਭਾਰਤੀ ਨਿਆਂਪਾਲਿਕਾ, ਸਿੱਖਾਂ ਦੇ ਦਿਨ-ਦਿਹਾੜੇ ਹੋਏ ਕਤਲੇਆਮ ਵੇਲੇ ਤਾਂ ਗੂੰਗੀ-ਬੋਲੀ ਤੇ ਅੰਨੀ ਹੋ ਗਈ ਸੀ, ਹੁਣ ਉਲਟਾ ਸਿੱਖਾਂ ਕੋਲੋਂ ਹੀ ਸਬੂਤ ਮੰਗਦੀ ਹੈ। ਇਹ ਅਦਾਲਤਾਂ ਘੱਟ ਗਿਣਤੀਆਂ ਨੂੰ ਫਾਹੇ ਟੰਗਣ ਵਰਗੀ ਸਭ ਤੋਂ ਵੱਡੀ ਸਜ਼ਾ ਦੇਣ ਵੇਲੇ ਤਾਂ ਸਬੂਤ ਨਹੀਂ ਮੰਗਦੀਆਂ। ਇੰਦਰਾ ਗਾਂਧੀ ਦੀ ਹੱਤਿਆ ਦੇ ਮਾਮਲੇ ਵਿਚ ਕੇਹਰ ਸਿੰਘ ਨੂੰ ਫਾਂਸੀ ਕਿਹੜੇ ਸਬੂਤ ਨਾਲ ਦਿੱਤੀ ਗਈ ਸੀ ? ਕੀ ਇਸ ਦਾ ਮਤਲਬ ਇਹ ਨਹੀਂ ਹੈ ਕਿ ਜੇ ਕਿਸੇ ਸਿੱਖ, ਮੁਸਲਮਾਨ, ਇਸਾਈ ਜਾਂ ਦਲਿਤ ਨੂੰ ਫਾਂਸੀ ਟੰਗਣਾ ਹੈ ਜਾਂ ਉਮਰ ਕੈਦ ਕਰਨੀ ਹੈ ਤਾਂ ਕਿਸੇ ਸਬੂਤ ਦੀ ਕੋਈ ਲੋੜ ਨਹੀਂ ਹੁੰਦੀ, ਸਿਰਫ ਪੁਲਸੀਆ ਕਾਰਵਾਈ ਤੇ ਸਰਕਾਰੀ ਗਵਾਹ ਹੀ ਕਾਫੀ ਹਨ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਜਗਤਾਰ ਸਿੰਘ ਹਵਾਰਾ ਤੇ ਹਾਲ ਹੀ ਵਿਚ ਨਵਾਂਸ਼ਹਿਰ ਦੀ ਜ਼ਿਲਾ ਅਦਾਲਤ ਵੱਲੋਂ ਸਿੱਖ ਨੌਜਵਾਨਾਂ ਨੂੰ ਕਿਤਾਬਾਂ ਤੇ ਖਾਲਿਸਤਾਨ ਪੱਖੀ ਲਿਟਰੇਚਰ ਫੜੇ ਜਾਣ ਦੀ ਪੁਲਸੀਆ ਕਹਾਣੀ ਦੇ ਅਧਾਰ ਉਤੇ ਹੀ ਉਮਰ ਕੈਦ ਵਰਗੀ ਸਖਤ ਸਜ਼ਾ ਦੇਣ ਦੀਆਂ ਮਿਸਾਲਾਂ ਸਾਹਮਣੇ ਹਨ।

ਪਹਿਲਾਂ ਤਾਂ ਵੀਹ-ਵੀਹ ਸਾਲ ਸਿੱਖਾਂ ਨੂੰ ਇਨਸਾਫ ਵਾਸਤੇ ਪੁਲਿਸ ਕੋਲ ਐਫਆਈਆਰਜ਼ ਲਿਖਵਾਉਣ ਲਈ ਹੀ ਸੰਘਰਸ਼ ਕਰਨਾ ਪੈਂਦਾ ਹੈ। ਕਿਤੇ ਜਾ ਕੇ ਅਦਾਲਤੀ ਹੁਕਮਾਂ ਉਤੇ ਸ਼ਿਕਾਇਤਾਂ ਦਰਜ ਹੁੰਦੀਆਂ ਹਨ ਤੇ ਕੇਸ ਖੁੱਲਦੇ ਹਨ। ਆਖਿਰ ਪੈਂਤੀ ਸਾਲ ਬਾਅਦ ਜਦੋਂ ਕਿਤੇ ਸਿੱਖਾਂ ਨੂੰ ਮਾੜਾ-ਮੋਟਾ ਇਨਸਾਫ਼ ਦੇਣ ਦੀ ਨੌਬਤ ਆਉਂਦੀ ਵੀ ਹੈ, ਤਾਂ ਅਦਾਲਤ ਨੂੰ ਚਸ਼ਮਦੀਦ ਗਵਾਹ ਅਤੇ ਸਬੂਤਾਂ ਦੀ ਦੁਬਾਰਾ ਲੋੜ ਪੈ ਜਾਂਦੀ ਹੈ। ਕੀ ਹੇਠਲੀਆਂ ਅਦਾਲਤਾਂ ਨੇ ਬਿਨਾ ਸਬੂਤਾਂ ਦੇ ਹੀ ਫੈਸਲੇ ਸੁਣਾ ਦਿੱਤੇ ਸਨ। ਇਕ ਤਰਾਂ ਨਾਲ ਇਥੇ ਵੀ ਸਿੱਖਾਂ ਨਾਲ ਇਕ ਹੋਰ ਖੇਡ ਹੀ ਖੇਡੀ ਜਾ ਰਹੀ ਹੈ। ਕਦੇ ਅਦਾਲਤਾਂ ਸੱਜਣ ਕੁਮਾਰ ਨੂੰ ਸਜ਼ਾ ਸੁਣਾਉਣ ਵੇਲੇ ਸਿੱਖ ਕਤਲੇਆਮ ਦੀ ਭਾਰਤ-ਪਾਕਿ ਵੰਡ ਵੇਲੇ ਦੇ ਕਤਲੇਆਮ ਨਾਲ ਤੁਲਨਾ ਕਰਦੀਆਂ ਹਨ ਤੇ ਕਦੇ ਪੂਰੇ ਦੇਸ਼ ਦੀਆਂ ਅੱਖਾਂ ਮੂਹਰੇ ਵਾਪਰੇ ਕਤਲੇਆਮ ਵਿਚ ਪੀੜਤਾਂ ਤੋਂ ਹੀ ਸਬੂਤ ਮੰਗਦੀਆਂ ਹਨ। ਇਸ ਸਭ ਦਾ ਮਤਲਬ ਇਹੋ ਹੈ ਕਿ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ, ਸਿੱਖ-ਕਤਲੇਆਮ ਦੇ ਕੇਸਾਂ ਨੂੰ ਹੋਰ ਕੁਝ ਸਾਲ ਲਟਕਾ ਦਿੱਤਾ ਜਾਵੇ, ਤਾਂ ਕਿ ਥੋੜੇ-ਬਹੁਤੇ ਜਿਹੜੇ ਗਵਾਹ ਜਾਂ ਸਬੂਤ ਸਿੱਖ ਲਈ ਫਿਰਦੇ ਹਨ, ਉਨਾਂ ਦਾ ਵੀ ਜੂੜ ਵੱਢਿਆ ਜਾ ਸਕੇ। ਅਦਾਲਤ ਦੇ ਇਸ ਫੈਸਲੇ ਨੇ ਇਕ ਵਾਰ ਮੁੜ ਸਾਬਤ ਕਰ ਦਿੱਤਾ ਹੈ ਕਿ ਹਿੰਦੁਸਤਾਨ ਵਿਚ ਘੱਟ ਗਿਣਤੀਆਂ ਲਈ ਨਿਆਂ ਦੇ ਦਰਵਾਜ਼ੇ ਬੰਦ ਸਨ ਤੇ ਬੰਦ ਹੀ ਰਹਿਣਗੇ।

*ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਿਤ*

# ਦਲ ਖਾਲਸਾ ਦਾ ਭਾਰਤੀ ਚੋਣਾਂ ਦੇ ਮੱਦੇਨਜ਼ਰ ਨੀਤੀ-ਪੱਤਰ

**ਦਲ ਖ਼ਾਲਸਾ ਜਮਹੂਰੀਅਤ ਅਤੇ ਜਮਹੂਰੀ ਕਦਰਾਂ-ਕੀਮਤਾਂ ਦੇ ਖਿਲਾਫ ਨਹੀਂ ਹੈ, ਪਰ ਸਾਡੇ ਕੋਲ ਭਾਰਤੀ ਨਿਜ਼ਾਮ ਹੇਠ ਹੁੰਦੀਆਂ ਚੋਣਾਂ ਤੋਂ ਦੂਰ ਰਹਿਣ ਤੋਂ ਇਲਾਵਾ ਹੋਰ ਕੋਈ ਵਿਕਲਪ ਵੀ ਨਹੀਂ, ਕਿਉਂਕਿ ਕੈਨੇਡਾ ਅਤੇ ਯੂਕੇ. ਵਾਂਗ ਭਾਰਤ ਅੰਦਰ ਉਸ ਤਰਾਂ ਦਾ ਸੁਲਝਿਆ ਲੋਕਤੰਤਰਿਕ ਢਾਂਚਾ ਅਤੇ ਸੰਵਿਧਾਨਕ ਸਹੂਲਤਾਂ ਨਹੀਂ ਹਨ, ਜੋ ਚੋਣਾਂ ਵਿੱਚ ਸਵੈ-ਨਿਰਣੇ ਦੇ ਅਧਿਕਾਰ ਦੇ ਏਜੰਡੇ ਨਾਲ ਹਿੱਸਾ ਲੈਣ ਦਾ ਮਾਹੌਲ ਅਤੇ ਅਧਿਕਾਰ ਦੇਵੇ। ਵੱਖ ਹੋਣ ਦੀ ਗੱਲ ਤਾਂ ਦੂਰ, ਭਾਰਤੀ ਸਟੇਟ ਤਾਂ ਸਵੈ-ਨਿਰਣੈ ਦਾ ਹੱਕ ਦੇਣ ਤੋਂ ਹੀ ਮੁਨਕਰ ਹੈ। ਏਨਾ ਹੀ ਨਹੀਂ ਦੇਸ਼ ਅੰਦਰ ਫੈਡਰਲ ਢਾਂਚੇ ਦੀ ਮੰਗ ਵੀ ਬੇਈਮਾਨ ਸਿਆਸਤਦਾਨਾਂ ਅਤੇ ਸੰਵਿਧਾਨਕ ਉਲਝਣਾਂ ਦੀ ਘੁੰਮਣਘੇਰੀ ਵਿਚ ਫਸੀ ਹੈ।**




**ਹਰਪਾਲ ਸਿੰਘ ਚੀਮਾ**
(ਪ੍ਰਧਾਨ, ਦਲ ਖਾਲਸਾ)

ਦਲ ਖਾਲਸਾ ਇੱਕ ਇਤਿਹਾਸਕ ਲਹਿਰ ਹੈ ਜਿਸ ਦੀਆਂ ਜੜ੍ਹਾਂ 18ਵੀ ਸਦੀ ਵਿੱਚ ਪਈਆਂ ਹਨ। ਇਸ ਦਾ ਮੌਜੂਦਾ ਸਰੂਪ, ਸਿੱਖ ਪ੍ਰਭੂਸੱਤਾ ਨੂੰ ਮੁੜ ਹਾਸਿਲ ਕਰਨ ਦੇ ਨਿਸ਼ਾਨੇ ਨਾਲ 13 ਅਗਸਤ 1978 ਨੂੰ ਹੋਂਦ ਵਿੱਚ ਆਇਆ। ਉਸ ਦਿਨ ਤੋਂ ਦਲ ਖਾਲਸਾ ਪੰਥ ਅਤੇ ਪੰਜਾਬ ਦੇ ਹੱਕ-ਹਕੂਕ ਅਤੇ ਆਜ਼ਾਦੀ ਲਈ ਸੰਘਰਸ਼ੀਲ ਹੈ।

ਦਲ ਖਾਲਸਾ ਨੂੰ ਚੇਤੇ ਹੈ ਕਿ 1849 ਵਿੱਚ ਬ੍ਰਿਟਿਸ਼ ਸਾਮਰਾਜ ਨੇ ਸਿੱਖ ਰਾਸ਼ਟਰ 'ਪੰਜਾਬ' ਨੂੰ ਆਪਣੇ ਕਬਜੇ ਹੇਠ ਲਿਆ ਸੀ ਜਿਸ ਨੂੰ ਬ੍ਰਿਟਿਸ਼ ਨੇ ਭਾਰਤ ਛੱਡਣ ਮੌਕੇ ਥਾਲੀ ਵਿੱਚ ਪਰੋਸ ਕੇ ਭਾਰਤ ਦੇ ਹਵਾਲੇ ਕਰ ਦਿੱਤਾ। ਹਾਲਾਂਕਿ ਇਤਿਹਾਸ ਨੇ ਸਿੱਖਾਂ ਦੀ ਝੋਲੀ ਰਾਜ-ਭਾਗ ਤੋਂ ਵਾਂਝੀ ਕਰ ਦਿੱਤੀ ਪਰ ਸਿੱਖਾਂ ਅੰਦਰ ਆਪਣਾ ਖੁਸਿਆ ਰਾਜ-ਭਾਗ ਹਾਸਿਲ ਕਰਨ ਦੀ ਤਾਂਘ ਧੁਰ ਅੰਦਰ ਅੱਜ ਵੀ ਜਿਊਂਦੀ ਹੈ।

ਦਲ ਖਾਲਸਾ ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਦੇ ਸਿਧਾਂਤ ਨੂੰ ਸਮਰਪਿਤ ਅਤੇ ਖਾਲਿਸਤਾਨ ਦੀ ਸੋਚ ਅਤੇ ਵਿਚਾਰਧਾਰਾ ਨੂੰ ਪ੍ਰਣਾਇਆ ਹੈ ।

ਦਲ ਖਾਲਸਾ ਲੋਚਦਾ ਹੈ ਕਿ ਕੈਨੇਡਾ ਦੇ ਸੂਬੇ ਕਿਊਬਿਕ ਅਤੇ ਇੰਗਲੈਂਡ ਦੇ ਸਕਾਟਲੈਂਡ ਵਾਂਗ ਭਾਰਤ ਅੰਦਰ ਵੀ ਅਜਿਹੀ ਹੀ ਵਿਵਸਥਾ ਹੋਵੇ ਤਾਂ ਜੋ ਸੰਘਰਸ਼ੀਲ ਕੌਮਾਂ ਅਤੇ ਲੋਕ ਸਵੈ-ਨਿਰਣੇ ਦੇ ਹੱਕ ਦੇ ਏਜੰਡੇ ਤਹਿਤ ਚੋਣਾਂ ਵਿੱਚ ਹਿੱਸਾ ਲੈ ਸਕਣ।

ਦਲ ਖਾਲਸਾ ਕਸ਼ਮੀਰ ਅੰਦਰ ਹੁਰੀਅਤ ਕਾਨਫਰੰਸ ਦੇ ਚੋਣ ਬਾਈਕਾਟ ਅਤੇ ਨਾਗਾਲੈਂਡ ਦੇ ਨੈਸ਼ਨਲ ਸੋਸ਼ੀਲਿਸਟ ਕੌਂਸਲ ਆਫ ਨਾਗਾਲੈਂਡ (ਮੋਵਿਯਾ ਗਰੁੱਪ ) ਦੇ ਚੋਣਾਂ ਤੋਂ ਦੂਰ ਰਹਿਣ ਦੇ ਫੈਸਲੇ ਦਾ ਸਮਰਥਨ ਕਰਦਾ ਹੈ ਅਤੇ ਇਹਨਾਂ ਜਥੇਬੰਦੀਆਂ ਪ੍ਰਤੀ ਸਿਧਾਂਤਕ ਨੇੜਤਾ ਦੀ ਭਾਵਨਾ ਰੱਖਦਾ ਹੈ।

ਦਲ ਖਾਲਸਾ ਦਾ ਮੰਨਣਾ ਹੈ ਕਿ ਭਾਰਤੀ ਲੋਕਤੰਤਰੀ ਵਿਵਸਥਾ ਅਜਿਹੀ ਨਹੀਂ ਕਿ ਮੌਜੂਦਾ ਚੋਣ ਪ੍ਰਣਾਲੀ ਰਾਹੀਂ ਪ੍ਰਭੂਸੱਤਾ ਅਤੇ ਆਜ਼ਾਦ ਪੰਜਾਬ ਦੇ ਟੀਚੇ ਨੂੰ ਸਰ ਕੀਤਾ ਜਾ ਸਕੇ। ਦਲ ਖਾਲਸਾ ਦਾ ਮਿਸ਼ਨ ਸਰਕਾਰ ਦੀ ਚੰਗੀ ਜਾਂ— ਮਾੜੀ ਕਾਰਗੁਜਾਰੀ ਦਾ ਨਹੀਂ— ਜੋ ਕਿ ਹਾਕਮ ਬਦਲਣ ਜਾ— ਚੇਹਰੇ ਬਦਲਣ ਨਾਲ ਹੀ ਹੱਲ ਹੋ ਜਾਵੇਗਾ। ਸਵੈ-ਨਿਰਣੇ ਦੇ ਹੱਕ ਤੋਂ ਬਿਨਾਂ ਚੋਣਾਂ ਬੇ-ਮਾਇਨੇ ਹਨ।

ਸਿੱਖ ਕੌਮੀ ਇਛਾਵਾਂ ਨੂੰ ਚੋਣਾਂ ਉਤੋਂ ਨਹੀਂ ਵਾਰਿਆ ਜਾ ਸਕਦਾ ਜਿਥੇ ਪੈਸਾ, ਸ਼ਰਾਬ, ਭੁੱਕੀ ਅਤੇ ਜੋਰ-ਜਬਰ ਅਹਿਮ ਰੋਲ ਅਦਾ ਕਰਦੇ ਹਨ।

ਦਲ ਖਾਲਸਾ ਚੋਣਾਂ ਮੌਕੇ ਭਾਰਤੀ ਸਟੇਟ ਵਲੋਂ ਸੰਵਿਧਾਨ ਅਤੇ ਦੇਸ਼ ਦੀ ਅਖੰਡਤਾ ਦੀ ਸਹੁੰ ਚੁੱਕਣ ਨੂੰ ਲਾਜਮੀ ਕਰਾਰ ਦੇਣ ਦੀ ਕਾਰਵਾਈ ਨੂੰ ਉਮੀਦਵਾਰਾਂ ਉਤੇ ਜਬਰੀ ਥੋਪੀ ਗਈ ਦੇਸ਼ਭਗਤੀ ਅਤੇ ਉਹਨਾਂ ਦਾ ਨਿਰਾਦਰ ਸਮਝਦਾ ਹੈ। ਦਲ ਖਾਲਸਾ ਮੰਨਦਾ ਹੈ ਕਿ ਵਿਧਾਨ ਸਭਾ ਜਾਂ ਲੋਕ ਸਭਾ ਦੀ ਮੈਂਬਰੀ ਪੰਜਾਬ ਦੀ ਆਜ਼ਾਦੀ ਦਾ ਬਦਲ ਨਹੀਂ ਹੋ ਸਕਦੀ।

ਦਲ ਖ਼ਾਲਸਾ ਜਮਹੂਰੀਅਤ ਅਤੇ ਜਮਹੂਰੀ ਕਦਰਾਂ-ਕੀਮਤਾਂ ਦੇ ਖਿਲਾਫ ਨਹੀਂ ਹੈ, ਪਰ ਸਾਡੇ ਕੋਲ ਭਾਰਤੀ ਨਿਜ਼ਾਮ ਹੇਠ ਹੁੰਦੀਆਂ ਚੋਣਾਂ ਤੋਂ ਦੂਰ ਰਹਿਣ ਤੋਂ ਇਲਾਵਾ ਹੋਰ ਕੋਈ ਵਿਕਲਪ ਵੀ ਨਹੀਂ, ਕਿਉਂਕਿ ਕੈਨੇਡਾ ਅਤੇ ਯੂਕੇ. ਵਾਂਗ ਭਾਰਤ ਅੰਦਰ ਉਸ ਤਰਾਂ ਦਾ ਸੁਲਝਿਆ ਲੋਕਤੰਤਰਿਕ ਢਾਂਚਾ ਅਤੇ ਸੰਵਿਧਾਨਕ ਸਹੂਲਤਾਂ ਨਹੀਂ ਹਨ, ਜੋ ਚੋਣਾਂ ਵਿੱਚ ਸਵੈ-ਨਿਰਣੇ ਦੇ ਅਧਿਕਾਰ ਦੇ ਏਜੰਡੇ ਨਾਲ ਹਿੱਸਾ ਲੈਣ ਦਾ ਮਾਹੌਲ ਅਤੇ ਅਧਿਕਾਰ ਦੇਵੇ। ਵੱਖ ਹੋਣ ਦੀ ਗੱਲ ਤਾਂ ਦੂਰ, ਭਾਰਤੀ ਸਟੇਟ ਤਾਂ ਸਵੈ-ਨਿਰਣੈ ਦਾ ਹੱਕ ਦੇਣ ਤੋਂ ਹੀ ਮੁਨਕਰ ਹੈ। ਏਨਾ ਹੀ ਨਹੀਂ ਦੇਸ਼ ਅੰਦਰ ਫੈਡਰਲ ਢਾਂਚੇ ਦੀ ਮੰਗ ਵੀ ਬੇਈਮਾਨ ਸਿਆਸਤਦਾਨਾਂ ਅਤੇ ਸੰਵਿਧਾਨਕ ਉਲਝਣਾਂ ਦੀ ਘੁੰਮਣਘੇਰੀ ਵਿਚ ਫਸੀ ਹੈ।

ਪਿਛਲੇ ਸੱਤਰ ਸਾਲਾਂ ਤੋਂ ਸਿੱਖ ਅਕਾਲੀ ਦਲ ਰਾਹੀਂ ਪੂਰੇ ਜੋਰ ਸ਼ੋਰ ਨਾਲ ਚੋਣਾਂ ਵਿੱਚ ਹਿੱਸਾ ਲੈਂਦੇ ਆ ਰਹੇ ਹਨ। 1947 ਤੋਂ ਲੈ ਕੇ ਹੁਣ ਤੱਕ ਅਤੇ ਖਾਸ ਕਰਕੇ 1984 ਤੋਂ ਬਾਅਦ ਸਿੱਖਾਂ ਨੇ ਕਈ ਵਾਰ ਪੰਜਾਬ ਅੰਦਰ ਅਕਾਲੀ ਸਰਕਾਰ ਬਣਾਈ, ਭਾਰਤੀ ਪਾਰਲੀਮੈਂਟ ਵਿੱਚ ਅਕਾਲੀ ਨੁਮਾਇੰਦੇ ਭੇਜੇ ਪਰ ਸਿੱਖਾਂ ਦੇ ਕੌਮੀ ਹਾਲਾਤ ਅਤੇ ਰੁਤਬੇ ਵਿੱਚ ਕੋਈ ਵੀ ਹਾਂ ਪੱਖੀ ਬਦਲਾਅ ਨਹੀਂ ਹੋਇਆ ਅਤੇ ਨਾ ਹੀ ਪੰਜਾਬ ਦਾ ਕੋਈ ਮਸਲਾ ਹੱਲ ਹੀ ਹੋਇਆ ਹੈ। ਚੋਣਾਂ ਰਾਹੀਂ ਸੱਤਾ ਵਿੱਚ ਆਉਣ ਦੇ ਲਾਲਚ ਕਾਰਨ ਅਕਾਲੀ ਦਲ ਨੇ ਸਿਧਾਂਤਾਂ ਦਾ ਪੱਲਾ ਵੀ ਛੱਡ ਦਿੱਤਾ, ਆਪਣਾ ਅਸਲ ਕਿਰਦਾਰ ਵੀ ਤਿਆਗ ਦਿੱਤਾ ਅਤੇ ਆਪਣੇ-ਆਪ ਨੂੰ ਭਾਰਤੀਅਤਾ ਵਿੱਚ ਜ਼ਜ਼ਬ ਕਰ ਲਿਆ।

ਅੱਜ ਵੀ ਪੰਜਾਬ ਕੋਲ ਆਪਣੀ ਰਾਜਧਾਨੀ ਨਹੀਂ ਹੈ, ਦਰਿਆਈ ਪਾਣੀਆਂ ਦਾ ਮਾਲਕੀ ਹੱਕ ਪੰਜਾਬ ਨੂੰ ਨਹੀਂ ਮਿਲਿਆ, ਪਰਵਾਸੀਆਂ ਦੀ ਆਮਦ ਕਾਰਨ ਪੰਜਾਬੀ ਭਾਸ਼ਾ ਅਤੇ ਸਿੱਖ ਸੱਭਿਆਚਾਰ ਖ਼ਤਰੇ ਵਿੱਚ ਹੈ, ਸਿੱਖਾਂ ਦੀ ਵੱਖਰੀ ਹੋਂਦ ਨੂੰ ਸੰਵਿਧਾਨਕ ਮਾਨਤਾ ਨਹੀਂ ਮਿਲੀ, ਅੱਜ ਵੀ ਸਿੱਖਾਂ ਨੂੰ ਆਪਣੇ ਸੰਵਿਧਾਨਕ ਕਾਰ-ਵਿਹਾਰ ਹਿੰਦੂ ਕਾਨੂੰਨਾਂ ਤਹਿਤ ਕਰਨੇ ਪੈਂਦੇ ਹਨ।

ਸਿੱਖਾਂ ਲਈ ਇਹ ਸਵਾਲ ਹਮੇਸ਼ਾ ਬਣਿਆ ਰਹੇਗਾ ਕਿ ਉਹਨਾਂ ਨੇ ਭਾਰਤੀ ਨਿਜ਼ਾਮ ਅਧੀਨ ਹੁੰਦੀਆਂ ਚੋਣਾਂ ਲੜਕੇ ਕੀ ਹਾਸਲ ਕੀਤਾ ? ਕੀ ਪੰਜਾਬ ਸਮੱਸਿਆ ਦਾ ਹੱਲ ਹੋ ਗਿਆ ਹੈ ? ਕੀ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਮੰਨ ਲਈਆਂ ਗਈਆਂ ਹਨ? ਕੀ ਨਵੰਬਰ '84 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਮਿਲ ਗਿਆ ਹੈ ? ਕੀ ਕਾਨੂੰਨ ਨੂੰ ਛਿੱਕੇ ਟੰਗ ਕੇ ਫਰਜੀ ਪੁਲਿਸ ਮੁਕਾਬਲੇ ਕਰਨ ਵਾਲੇ ਦਾਗੀ ਅਤੇ ਦੋਸ਼ੀ ਪੁਲਿਸ ਵਾਲਿਆਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਮਿਲ ਗਈਆਂ ਹਨ ? ਜੇਕਰ ਅਜਿਹਾ ਕੁਝ ਨਹੀਂ ਹੋਇਆ ਤਾਂ ਫਿਰ ਚੋਣਾਂ ਰਾਂਹੀ ਆਪਣੇ ਨੁਮਾਇੰਦੇ ਲੋਕ ਸਭਾ ਵਿੱਚ ਭੇਜਣ ਦੀ ਕੀ ਤੁੱਕ ਸੀ ਅਤੇ ਹੈ ? ਆਜ਼ਾਦੀ ਲਈ ਸੰਘਰਸ਼ ਕਰ ਰਹੀਆਂ ਕੌਮਾਂ ਨੂੰ ਭਾਰਤੀ ਵੋਟ ਪ੍ਰਣਾਲੀ ਰਾਹੀਂ ਕੁਝ ਵੀ ਹਾਸਲ ਨਹੀਂ ਹੋ ਸਕਦਾ। ਸਾਡੀ ਜਾਚੇ ਸਿੱਖ ਚੋਣਾਂ ਵਿੱਚ ਹਿੱਸਾ ਲੈ ਕੇ ਭਾਰਤੀ ਲੋਕਤੰਤਰ ਦੇ ਥੰਮ ਪਾਰਲੀਆਮੈਂਟ ਨੂੰ ਮਜ਼ਬੂਤੀ ਬਖਸ਼ਦੇ ਹਨ ਜੋ ਕਾਲੇ ਕਾਨੂੰਨ ਬਣਾ ਕੇ, ਕੇਂਦਰ ਸਰਕਾਰ ਅਤੇ ਸੁਰੱਖਿਆ ਫੋਰਸਾਂ ਨੂੰ ਅੰਨੀਆਂ ਤਾਕਤਾਂ ਬਖਸ਼ ਕੇ ਆਜ਼ਾਦੀ ਮੰਗਣ ਵਾਲੀਆਂ ਕੌਮਾਂ ਅਤੇ ਲੋਕਾਂ ਦੀ ਆਵਾਜ਼ ਅਤੇ ਇਛਾਵਾਂ ਨੂੰ ਦਬਾਉਣ ਦਾ ਮਾਧਿਅਮ ਬਣਦੀ ਹੈ। ਪੰਜਾਬ ਸਮੱਸਿਆ ਜਿਸ ਕਾਰਨ ਅਨੇਕਾਂ ਕੁਰਬਾਨੀਆਂ ਹੋਈਆਂ, ਉਹ ਅੱਜ ਵੀ ਸਮੱਸਿਆ ਹੈ।

ਖਾਲਿਸਤਾਨ ਦੀ ਸਿਰਜਣਾ ਹਿੱਤ 20 ਹਜ਼ਾਰ ਤੋਂ ਵੱਧ ਕੀਮਤੀ ਜਾਨਾਂ ਗਈਆਂ ਹਨ। ਉਨ੍ਹਾਂ ਨੂੰ ਚੰਗੀਆਂ ਸੁੱਖ ਸਹੂਲਤਾਂ, ਖੂਬਸੂਰਤ ਮਾਲ, ਚੌੜੀਆਂ ਸੜਕਾਂ ਜਾਂ 24 ਘੰਟੇ ਬਿਜਲੀ ਦੇ ਨਾਮ ਹੇਠ ਹੋਏ ਵਿਕਾਸ ਲਈ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ। ਆਰਥਿਕ ਵਿਕਾਸ ਜਰੂਰੀ ਹੈ ਪਰ ਇਸ ਤੋਂ ਵੀ ਜਰੂਰੀ ਹੈ ਆਜ਼ਾਦੀ ਅਤੇ ਸਵੈਮਾਨ ਵਾਲੀ ਜ਼ਿੰਦਗੀ। ਸੁਪਨਾ ਪੰਜਾਬ ਨੂੰ ਕੈਲੀਫੋਰਨੀਆ ਬਣਾਉਣਾ ਨਹੀਂ ਬਲਕਿ ਪ੍ਰਭੂਸੱਤਾ ਸੰਪੰਨ ਸਟੇਟ ਬਣਾਉਣਾ ਹੈ। ਸਿੱਖਾਂ ਦੀ ਸਮੱਸਿਆ ਸਰਕਾਰ ਦੀ ਚੰਗੀ ਜਾਂ ਮਾੜੀ ਕਾਰਗੁਜ਼ਾਰੀ ਦਾ ਨਹੀਂ ਹੈ ਜੋ ਚੰਦ ਚਿਹਰੇ ਬਦਲਣ ਨਾਲ ਹੱਲ ਹੋ ਜਾਵੇਗੀ।

ਸਿੱਖਾਂ ਦਾ ਮਸਲਾ ਉਹਨਾਂ ਵਾਅਦਿਆਂ ਨੂੰ ਪੂਰਾ ਕਰਨ ਬਾਰੇ ਹੈ ਜਿਨ੍ਹਾਂ ਤੋਂ ਭਾਰਤੀ ਲੀਡਰਸ਼ਿਪ ਮੁੱਕਰ ਚੁੱਕੀ ਹੈ। ਜਦੋਂ ਸਿੱਖ ਹੱਕਾਂ ਅਤੇ ਇੱਛਾਵਾਂ ਦੀ ਗੱਲ ਆਉਂਦੀ ਹੈ ਤਾਂ ਭਾਰਤੀ ਮੁੱਖ ਧਾਰਾ ਵਿੱਚ ਵਿਚਰਨ ਵਾਲੀਆਂ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਬੇਸ਼ੱਕ ਉਹ ਕਾਂਗਰਸ, ਭਾਜਪਾ/ਅਕਾਲੀ ਗਠਜੋੜ ਜਾਂ ਆਪ ਹੋਵੇ, ਪੰਜਾਬ ਸਮੱਸਿਆ ਹੱਲ ਕਰਨ ਦੀ ਬਜਾਏ ਸਿੱਖਾਂ ਦੀ ਹੱਕ ਹਕੂਕ ਵਾਲੀ ਆਵਾਜ਼ ਨੂੰ ਦਬਾਉਣ ਲਈ ਇੱਕਜੁੱਟ ਹੋ ਜਾਂਦੀਆਂ ਹਨ। ਸਿੱਖਾਂ ਲਈ ਪਿਛਲੇ ਸੱਤ ਦਹਾਕਿਆਂ ਦਾ ਦਿੱਲੀ ਦਰਬਾਰ ਦੇ ਗਲਬੇ ਅੰਦਰ ਰਹਿਣ ਦਾ ਤਜਰਬਾ ਇਹ ਸਪੱਸ਼ਟ ਕਰਦਾ ਹੈ ਕਿ ਭਾਰਤੀ ਚੋਣ ਪ੍ਰਣਾਲੀ ਇੱਕ ਖ਼ੂਬਸੂਰਤ ਭੁਲੇਖਾ ਹੈ ਜੋ ਹਕੀਕਤ ਵਿੱਚ ਸੰਘਰਸ਼ਸ਼ੀਲ ਘੱਟ-ਗਿਣਤੀਆਂ ਤੇ ਨਸਲੀ ਕੌਮਾਂ ਨੂੰ ਭਾਰਤੀ ਮੁੱਖਧਾਰਾ ਵਿੱਚ ਹੋਰ ਜਜ਼ਬ ਕਰਦਾ ਹੈ।

**ਦਲ ਖਾਲਸਾ ਦਾ ਐਲਾਨ :**

ਦਲ ਖ਼ਾਲਸਾ ਨੇ ਭਾਰਤੀ ਨਿਜ਼ਾਮ ਅਧੀਨ ਹੋਣ ਵਾਲੀਆਂ ਚੋਣਾਂ ਤੋਂ ਦੂਰ ਰਹਿਣ ਦਾ ਫੈਸਲਾ

ਬਾਕੀ ਸਫ਼ਾ 32 'ਤੇ

# ਪ੍ਰੱਗਿਆ ਠਾਕੁਰ ਦਾ ਅਜੀਬ ਸਰਾਪ ਤੇ ਭਾਜਪਾ ਦੀ ਸਿਆਸਤ

**ਸਵਾਮੀ ਅਗਨੀਵੇਸ਼**





ਮਈ 2013 ਵਿਚ ਮੈਂ ਭੋਪਾਲ ਜੇਲ੍ਹ ਵਿਚ ਸਾਧਵੀ ਪ੍ਰੱਗਿਆ ਨੂੰ ਮਿਲਿਆ ਸੀ। ਅਜਿਹਾ ਮੈਂ ਇਸ ਲਈ ਕੀਤਾ ਕਿਉਂਕਿ ਮੈਨੂੰ ਦੱਸਿਆ ਗਿਆ ਸੀ ਕਿ ਉਹ ਘਾਤਕ ਬੀਮਾਰੀ ਤੋਂ ਪੀੜਤ ਹੈ ਤੇ ਉਸ ਨੂੰ ਸਹੀ ਡਾਕਟਰੀ ਸਹਾਇਤਾ ਨਹੀਂ ਦਿੱਤੀ ਜਾ ਰਹੀ। ਮੈਨੂੰ ਇਹ ਵੀ ਦੱਸਿਆ ਗਿਆ ਸੀ ਕਿ ਉਸ ਦੇ ਸਮਰੱਥਕਾਂ ਤੇ ਸਰਪ੍ਰਸਤਾਂ ਨੇ ਉਸ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ। ਇਸ ਮੁਲਾਕਾਤ ਕਾਰਨ ਮੈਨੂੰ ਕਾਫੀ ਉਲਝਣਾਂ ਦਾ ਸਾਹਮਣਾ ਕਰਨਾ ਪਿਆ। ਪ੍ਰੱਗਿਆ ਨੇ ਮੇਰੇ 'ਤੇ ਯੂ. ਪੀ. ਏ.ਸਰਕਾਰ, ਖਾਸ ਕਰਕੇ ਤੱਤਕਾਲੀ ਗ੍ਰਹਿ ਮੰਤਰੀ ਪੀ. ਚਿਦਾਂਬਰਮ ਨਾਲ ਮਿਲੀਭੁਗਤ ਹੋਣ ਦਾ ਦੋਸ਼ ਲਾਇਆ ਤੇ ਨਾਲ ਹੀ ਇਹ ਵੀ ਕਿ ਮੈਂ ਸਰਕਾਰ ਵਲੋਂ ਸਾਧਵੀ 'ਤੇ ਦਬਾਅ ਪਾਇਆ ਹੈ। ਮੈਂ ਸਾਧਵੀ ਪ੍ਰੱਗਿਆ ਨੂੰ ਜੇਲ ਸੁਪਰਡੈਂਟ ਦੇ ਦਫਤਰ ਵਿਚ ਮਿਲਿਆ ਸੀ ਤੇ ਸਾਡੀ ਗੱਲਬਾਤ ਦੌਰਾਨ ਸੁਪਰੈਂਡਟ ਸਮੇਤ ਉਥੇ ਹੋਰ ਲੋਕ ਵੀ ਮੌਜੂਦ ਸਨ। ਮੈਂ ਉਸ ਨੂੰ ਇਨਸਾਨੀਅਤ ਦੇ ਨਾਤੇ ਮਿਲਿਆ ਸੀ। ਮੈਂ ਆਪਣੀ ਨਿੱਜੀ ਸ਼ਰਮਿੰਦਗੀ ਬਾਰੇ ਚੁੱਪ ਰਹਿਣ ਲਈ ਆਜ਼ਾਦ ਹਾਂ, ਪਰ ਸ਼ਹੀਦ ਹੇਮੰਤ ਕਰਕਰੇ ਦੀ ਸ਼ਹਾਦਤ ਦਾ ਅਪਮਾਨ ਕੀਤੇ ਜਾਣ 'ਤੇ ਮੈਂ ਚੁੱਪ ਨਹੀਂ ਰਹਿ ਸਕਦਾ। ਮੈਂ ਇਕ ਸਵਾਮੀ ਹਾਂ। ਇਕ ਸਵਾਮੀ ਦਾ ਮੁੱਖ ਫਰਜ਼ ਧਾਰਮਿਕ ਸ੍ਰੇਸ਼ਠਤਾ ਹੁੰਦਾ ਹੈ। ਉਹ ਪੂਰੀ ਦੁਨੀਆਂ ਦਾ ਨਾਗਰਿਕ ਹੁੰਦਾ ਹੈ, ਜਿਵੇਂ ਕਿ 'ਵਸੁਧੈਵ ਕਟੁੰਬਕਮ' ਦੇ ਨਜ਼ਰੀਏ ਤੋਂ ਸਪੱਸ਼ਟ ਹੁੰਦਾ ਹੈ। ਇਕ 'ਸਾਧਵੀ' ਦੇ ਅਧਿਆਤਮਕ ਅਨੁਸ਼ਾਸ਼ਨ 'ਤੇ ਵੀ ਇਹੋ ਗੱਲ ਲਾਗੂ ਹੁੰਦੀ ਹੈ। ਇਕ ਔਰਤ, ਜੋ ਪੱਖਪਾਤੀ ਹੋਵੇ, ਹਿੰਸਾ ਵਿਚ ਯਕੀਨ ਰੱਖਦੀ ਹੋਵੇ, ਸਮਾਜ ਦੇ ਇਕ ਵਰਗ ਪ੍ਰਤੀ ਨਫ਼ਰਤ ਫੈਲਾਉਂਦੀ ਹੋਵੇ ਅਤੇ ਸੱਚ ਪ੍ਰਤੀ ਸਮਰਪਿਤ ਨਾ ਹੋਵੇ, ਉਹ ਕਿਸੇ ਵੀ ਤਰ੍ਹਾਂ ਸਾਧਵੀ ਨਹੀਂ ਹੋ ਸਕਦੀ। ਮੇਰੀ ਚਿੰਤਾ ਪ੍ਰੱਗਿਆ ਨੂੰ ਲੈ ਕੇ ਨਹੀਂ, ਸਗੋਂ ਮੋਦੀ-ਸ਼ਾਹ ਦੇ ਏਜੰਡੇ ਨੂੰ ਲੈ ਕੇ ਹੈ। ਉਹਨਾਂ ਨੇ ਸਭ ਤੋਂ ਪਹਿਲਾਂ ਰਣਨੀਤਕ ਤੌਰ 'ਤੇ ਅਹਿਮ ਯੂਪੀ ਵਿਚ ਯੋਗੀ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਬਣਾ ਕੇ ਪਹਿਲਾ ਪ੍ਰੀਖਣ ਕੀਤਾ। ਉਸ ਤੋਂ ਬਾਅਦ ਉਹਨਾਂ ਨੇ ਗੁਜਰਾਤ, ਹਿੰਦੂਤਵ ਸਿਆਸਤ ਵਰਗੇ ਸੂਬਾ-ਦਰ-ਸੂਬਾ ਅਜਿਹੇ ਪ੍ਰਯੋਗ ਕੀਤੇ। ਸਾਡੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਕਿਸੇ ਧਾਰਮਿਕ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਕਿਸੇ ਸੂਬੇ ਦਾ ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਜੇਕਰ ਯੋਗੀ ਵਾਂਗ ਧਾਰਮਿਕ ਅਹੁਦੇ 'ਤੇ ਬੈਠਾ ਕੋਈ ਵਿਅਕਤੀ ਕਿਸੇ ਸੂਬੇ ਦਾ ਸੀ ਈ ਓ ਬਣਦਾ ਹੈ ਤਾਂ ਜਨ-ਪ੍ਰਤੀਨਿਧਤਾ ਕਾਨੂੰਨ, ਜਿਸ ਵਿਚ ਇਹ ਕਿਹਾ ਗਿਆ ਹੈ ਕਿ ਧਾਰਮਿਕ ਆਧਾਰ 'ਤੇ ਵੋਟਾਂ ਨਹੀਂ ਵੰਡੀਆਂ ਜਾਣਗੀਆਂ, ਅਰਥਹੀਣ ਹੋ ਜਾਂਦਾ ਹੈ। ਇਹ ਲੋਕਤੰਤਰ ਨੂੰ ਠੇਸ ਪਹੁੰਚਾਉਣ ਵਾਲਾ ਹੈ।

**ਪ੍ਰੱਗਿਆ ਨੂੰ ਲਿਆਉਣ ਦਾ ਮਕਸਦ**

ਮੋਦੀ-ਸ਼ਾਹ ਵਲੋਂ ਪ੍ਰੱਗਿਆ ਠਾਕੁਰ ਨੂੰ ਮੱਧ ਪ੍ਰਦੇਸ਼ ਵਿਚ ਇਸੇ ਤਰ੍ਹਾਂ ਦਾ ਮਾਹੌਲ ਬਣਾਉਣ ਲਈ ਚੁਣਿਆ ਗਿਆ। ਇਸ ਦੇ ਲਈ ਸ਼ਿਵਰਾਜ ਚੌਹਾਨ ਨੇ ਆਪਣੇ ਕਾਰਜਕਾਲ ਦੌਰਾਨ 5 ਹਿੰਦੂ ਸਵਾਮੀਆਂ ਨੂੰ ਸੂਬਾ ਪ੍ਰਸ਼ਾਸ਼ਨ ਵਿਚ ਨਿਯੁਕਤ ਕਰਕੇ ਪਹਿਲਾਂ ਹੀ ਜ਼ਮੀਨ ਤਿਆਰ ਕਰ ਦਿੱਤੀ ਸੀ ਪਰ ਉਹਨਾਂ ਦੇ ਇਸ ਕਦਮ ਨਾਲ ਉਦੋਂ ਕੁਝ ਚਿੰਤਾ ਪੈਦਾ ਹੋਈ ਸੀ। ਭਾਰਤ ਵਿਚ ਕੋਈ ਵੀ ਇਸ ਗੱਲ 'ਤੇ ਭਰੋਸਾ ਨਹੀਂ ਕਰੇਗਾ ਕਿ ਪ੍ਰੱਗਿਆ ਠਾਕੁਰ ਵਰਗੀ 'ਅੰਡਰਟ੍ਰਾਇਲ' ਨੂੰ ਸੰਭਾਵੀ ਕਾਨੂੰਨ ਨਿਰਮਾਤਾ ਵਜੋਂ ਪੇਸ਼ ਕਰਨ ਨਾਲ 'ਗੁੱਡ ਗਵਰਨੈਂਸ' ਆਵੇਗੀ। ਇਹ ਹਿੰਦੂ ਰਾਸ਼ਟਰ ਦੀ ਸਥਾਪਨਾ ਵੱਲ ਇਕ ਕਦਮ ਹੈ। ਪ੍ਰੱਗਿਆ ਵਲੋਂ ਸ਼ਹੀਦ ਕਰਕਰੇ ਬਾਰੇ ਦਿੱਤੇ ਗਏ ਬਿਆਨ ਨੂੰ ਇਸ ਰੋਸ਼ਨੀ ਵਿਚ ਦੇਖਿਆ ਜਾਣਾ ਚਾਹੀਦਾ ਹੈ। ਅਸਲ ਵਿਚ ਪ੍ਰੱਗਿਆ ਦੋ ਤਰ੍ਹਾਂ ਦੀਆਂ ਤਾਕਤਾਂ ਨੂੰ ਭਿੜਾਉਣ ਦਾ ਕੰਮ ਕਰ ਰਹੀ ਹੈ, ਇਕ ਸ਼ਾਸ਼ਨ ਦੀ ਤੇ ਦੂਜੀ ਧਰਮ ਦੀ। ਹੇਮੰਤ ਕਰਕਰੇ ਨੇ ਸਾਧਵੀ ਵਿਰੁੱਧ ਸੂਬੇ ਦੀ ਸੱਤਾ ਤਹਿਤ ਕਾਰਵਾਈ ਕੀਤੀ, ਜੋ ਕਿ ਲੋਕਤੰਤਰ ਹੈ। ਸਾਧਵੀ ਦੀਆਂ ਅਜਿਹੀਆਂ ਟਿੱਪਣੀਆਂ ਨੂੰ ਅਪ੍ਰੱਪਕ ਕਹਿਣਾ ਵੀ ਗੈਰ ਤਜਰਬੇਕਾਰੀ ਹੋਵੇਗਾ। ਇਸ ਟਿੱਪਣੀ ਦਾ ਮਕਸਦ ਲੋਕਾਂ ਦੇ ਦਿਲੋ-ਦਿਮਾਗ 'ਤੇ ਪ੍ਰਭਾਵ ਪਾਉਣਾ ਹੈ। ਚੋਣਾਂ ਵਿਚ ਪ੍ਰੱਗਿਆ ਦਾ ਵਿਰੋਧੀ ਵੀ ਇਕ ਧਰਮ ਨਿਰਪੱਖ ਵਿਅਕਤੀ ਹੈ। ਉਹ ਸਿਆਸੀ ਤੇ ਪ੍ਰਸ਼ਾਸ਼ਨਿਕ ਤਜਰਬੇ ਦੇ ਮਾਮਲੇ ਵਿਚ ਪ੍ਰੱਗਿਆ ਨਾਲੋਂ ਕਿਤੇ ਅੱਗੇ ਹੈ, ਜਿਵੇਂ ਕਿ ਹੇਮੰਤ ਕਰਕਰੇ ਸੂਬੇ ਦੇ ਅਧਿਕਾਰੀ ਵਜੋਂ ਉਸ ਨਾਲੋਂ ਕਿਤੇ ਸ੍ਰੇਸ਼ਠ ਸੀ। ਮੈਰਿਟ ਦੇ ਆਧਾਰ 'ਤੇ ਪ੍ਰੱਗਿਆ ਦਿਗਵਿਜੇ ਦੇ ਸਾਹਮਣੇ ਕਿਤੇ ਨਹੀਂ ਠਹਿਰਦੀ। ਉਹ ਸਿਰਫ ਇਕ ਮਾਮਲੇ ਵਿਚ ਹੀ ਦਿਗਵਿਜੇ ਨਾਲੋਂ ਅੱਗੇ ਹੈ ਤੇ ਉਹ ਹੈ ਅਧਿਆਤਮਕ ਸ਼ਕਤੀਆਂ ਦਾ ਮਾਮਲਾ, ਜਿਨ੍ਹਾਂ ਦੀ ਲੋਕਾਂ ਵਿਚ ਬਹੁਤ ਮਾਨਤਾ ਹੈ। ਭਾਜਪਾ ਲਈ ਪ੍ਰੱਗਿਆ ਠਾਕੁਰ ਦੀ ਟਿੱਪਣੀ ਇਕ ਆਪਾ-ਵਿਰੋਧ ਵਾਂਗ ਸੀ ਕਿਉਂਕਿ ਉਹ ਖੁਦ ਨੂੰ ਰਾਸ਼ਟਰਵਾਦ ਤੇ ਪਾਕਿ ਵਿਰੋਧੀ ਭਾਵਨਾਵਾਂ ਦੀ ਇੱਕੋ-ਇਕ ਪ੍ਰਤੀਨਿਧ ਮੰਨਦੀ ਹੈ। ਇਸ ਲਈ ਪ੍ਰੱਗਿਆ ਦੇ ਬਿਆਨ ਵਿਚ ਸੁਧਾਰ ਕਰਨਾ ਜ਼ਰੂਰੀ ਹੋ ਗਿਆ। ਪ੍ਰੱਗਿਆ ਨੇ ਆਪਣਾ ਘਟੀਆ ਬਿਆਨ ਇਸ ਲਈ ਵਾਪਸ ਨਹੀਂ ਲਿਆ, ਕਿਉਂਕਿ ਗ਼ੈਰ ਰਾਸ਼ਟਰਵਾਦੀ ਸੀ, ਸਗੋਂ ਇਸ ਲਈ ਵਾਪਿਸ ਨਹੀਂ ਲਿਆ, ਕਿਉਂਕਿ ਇਸ ਨਾਲ ਪਾਕਿਸਤਾਨ ਨੂੰ ਹੱਸਣ ਦਾ ਮੌਕਾ ਮਿਲਿਆ।

# ਆਦਰਸ਼ ਚੋਣ ਜ਼ਾਬਤੇ ਉੱਤੇ ਉਠਦੇ ਸਵਾਲ

**ਗੁਰਮੀਤ ਪਲਾਹੀ**

ਭਾਰਤੀ ਲੋਕਤੰਤਰ ਵਿੱਚ ਲੋਕ ਸਭਾ ਦੀਆਂ ਸਤਾਰਵੀਆਂ ਚੋਣਾਂ ਹੋ ਰਹੀਆਂ ਹਨ। ਇਹਨਾਂ ਚੋਣਾਂ ਵਿੱਚ ਪ੍ਰਚਾਰ ਦੇ ਦਰਮਿਆਨ ਘਟੀਆ ਦੂਸ਼ਣਬਾਜ਼ੀ ਹੋ ਰਹੀ ਹੈ। ਚੋਣ ਕਮਿਸ਼ਨ ਕਿਸੇ ਨੇਤਾ ਨੂੰ 48 ਘੰਟਿਆਂ ਲਈ ਤੇ ਕਿਸੇ ਨੂੰ ਬਹੱਤਰ ਘੰਟਿਆਂ ਲਈ ਚੋਣ ਪ੍ਰਚਾਰ ਕਰਨ ਤੋਂ ਵਰਜ ਦਿੰਦਾ ਹੈ, ਕਦੇ ਉਸ ਵਲੋਂ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਜਾਂਦਾ ਹੈ, ਪਰ ਨੇਤਾਵਾਂ ਵਿਰੁੱਧ ਕੋਈ ਵੀ ਸਖ਼ਤ ਕਾਰਵਾਈ ਕਰਨ ਤੋਂ ਚੋਣ ਕਮਿਸ਼ਨ ਕੰਨੀ ਕਤਰਾਉਂਦਾ ਹੈ। ਪਿਛਲੇ ਦਿਨੀ ਚੋਣ ਕਮਿਸ਼ਨ ਨੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਅਲੀ ਤੇ ਬਜਰੰਗ ਬਲੀ ਵਾਲੇ ਬਿਆਨ ਤੋਂ ਬਾਅਦ ਬਾਬਰ ਕੀ ਔਲਾਦ ਵਾਲੇ ਬਿਆਨ ਉਤੇ ਨੋਟਿਸ ਜਾਰੀ ਕੀਤਾ ਹੈ। ਯੋਗੀ ਨੇ ਸੰਭਲ ਵਿੱਚ 19 ਅਪ੍ਰੈਲ ਦੀ ਰੈਲੀ ਵਿੱਚ ਕਿਹਾ ਸੀ ਕਿ ਤੁਸੀਂ ਦੇਸ਼ ਦੀ ਸੱਤਾ ਦਹਿਸ਼ਤਗਰਦਾਂ ਹਵਾਲੇ ਕਰ ਦਿਓਗੇ, ਜਿਹੜੇ ਖ਼ੁਦ ਨੂੰ ਬਾਬਰ ਦੀ ਔਲਾਦ ਕਹਿੰਦੇ ਹਨ ਤੇ ਜਿਹੜੇ ਬਜਰੰਗ ਬਲੀ ਦਾ ਵਿਰੋਧ ਕਰਦੇ ਹਨ। ਕੀ ਇਹੋ ਜਿਹੇ ਬਿਆਨਾਂ ਉਤੇ ਚੋਣ ਕਮਿਸ਼ਨ ਵਲੋਂ ਸਖ਼ਤ ਕਾਰਵਾਈ ਦੀ ਲੋੜ ਨਹੀਂ ਸੀ?

ਜੇਕਰ ਸਹੀ ਤੌਰ ਤੇ ਵੇਖਿਆ ਜਾਵੇ ਤਾਂ ਕਿਸੇ ਵੀ ਦੇਖ-ਭਾਲ ਕਰ ਰਹੀ ਸਰਕਾਰ ਨੂੰ ਅਗਲੀਆਂ ਚੋਣਾਂ ਵਿੱਚ ਸਰਕਾਰੀ ਸੰਸਥਾਵਾਂ ਜਾਂ ਪ੍ਰਚਾਰ ਏਜੰਸੀਆਂ ਰਾਹੀਂ ਪ੍ਰਚਾਰ ਕਰਨ ਦਾ ਨੈਤਿਕ ਅਧਿਕਾਰ ਨਹੀਂ ਹੈ। ਮੁੱਢਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਸਮੇਤ ਕਿਸੇ ਵੀ ਦਲ ਨੂੰ ਆਪਣੇ ਪ੍ਰਚਾਰ ਦੀਆਂ ਖ਼ਬਰਾਂ ਜਾਂ ਸੂਚਨਾਵਾਂ ਪ੍ਰਸਾਰਤ ਕਰਨ ਦੀ ਆਗਿਆ ਨਹੀਂ ਸੀ। ਉਹਨਾਂ ਚੋਣਾਂ ਵਿਚ ਸਿਰਫ਼ ਭਾਰਤੀ ਕਮਿਊਨਿਸਟ ਪਾਰਟੀ ਨੂੰ ਰੇਡੀਓ ਉਤੇ ਪ੍ਰਚਾਰ ਦੀ ਸਹੂਲਤ ਮਿਲੀ ਸੀ। ਇਹ ਸੁਵਿਧਾ ਉਸਨੂੰ ਸੋਵੀਅਤ ਸੰਘ ਦੇ ਮਾਸਕੋ ਰੇਡੀਓ ਵਲੋਂ ਮਿਲੀ ਸੀ। ਜਦੋਂ ਦੋ ਚੋਣਾਂ ਹੋ ਗਈਆਂ, ਸਿਆਸੀ ਦਲਾਂ ਵਿਚ ਕੁੜੱਤਣ ਵਧ ਗਈ ਤਾਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਪਹਿਲ ਕਦਮੀ ਉਤੇ ਸਾਰੀਆਂ ਪਾਰਟੀਆਂ ਨੇ ਆਦਰਸ਼ ਚੋਣ ਜ਼ਾਬਤਾ ਬਣਾਇਆ। ਇਹ ਚੋਣ ਜ਼ਾਬਤਾ 1962 ਦੀਆਂ ਕੇਰਲ ਵਿਧਾਨ ਸਭਾ ਚੋਣਾਂ ਸਮੇਂ ਲਾਗੂ ਕੀਤਾ ਗਿਆ।

ਜਦੋਂ 1962 ਦੀਆਂ ਲੋਕ ਸਭਾ ਚੋਣਾਂ ਹੋਈਆਂ ਤਾਂ ਚੋਣ ਕਮਿਸ਼ਨ ਨੇ ਸਾਰੀਆਂ ਪਾਰਟੀਆਂ ਵਲੋਂ ਬਣਾਏ ਚੋਣ ਜ਼ਾਬਤਾ ਨੂੰ ਅੱਧ-ਪਚੱਧਾ ਲਾਗੂ ਕੀਤਾ ਪਰ 1967 ਦੀਆਂ ਚੋਣਾਂ ਵਿਚ ਪਹਿਲੀ ਵੇਰ ਚੋਣ ਜ਼ਾਬਤਾ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ। 1979 ਦੀਆਂ ਮੱਧਕਾਲੀ ਚੋਣਾਂ ਵਿਚ ਜਦੋਂ ਐਸ ਐਲ ਸ਼ਕਧਰ ਚੋਣ ਆਯੋਗ ਦੇ ਚੇਅਰਮੈਨ ਸਨ, ਤਾਂ ਉਹਨਾਂ ਨੇ ਸਿਆਸੀ ਦਲਾਂ ਲਈ ਬਣਾਏ ਚੋਣ ਜ਼ਾਬਤੇ ਵਿੱਚ ਹੋਰ ਮੱਦਾਂ ਵਧਾਈਆਂ ਤੇ ਲਾਗੂ ਕੀਤੀਆਂ। ਟੀ ਐਨ ਸੈਸ਼ਨ ਦੇ ਕਾਰਜਕਾਲ ਸਮੇਂ ਇਸ ਚੋਣ ਜ਼ਾਬਤੇ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਗਿਆ ਤੇ ਸਖ਼ਤ ਬਣਾਇਆ ਗਿਆ ਅਤੇ ਕਿਹਾ ਗਿਆ ਕਿ ਉਮੀਦਵਾਰ ਦੀ ਨਿੱਜੀ ਜ਼ਿੰਦਗੀ ਉਤੇ ਕੋਈ ਹਮਲਾ ਨਾ ਕੀਤਾ ਜਾਵੇ। ਫਿਰਕੂ ਆਧਾਰ ਉਤੇ ਭਾਵਨਾਵਾਂ ਭੜਕਾ ਕੇ ਵੋਟ ਨਾ ਮੰਗੇ ਜਾਣ। ਹਾਕਮ ਧਿਰ ਦੇ ਸਰਕਾਰੀ ਪ੍ਰੋਗਰਾਮ, ਨਵੀਆਂ ਨੀਤੀਆਂ ਤੇ ਫੈਸਲਿਆਂ ਦੇ ਐਲਾਨ ਉਤੇ ਰੋਕ ਲਗਾਈ ਗਈ। ਪ੍ਰਧਾਨ ਮੰਤਰੀ ਤੇ ਮੰਤਰੀਆਂ ਦੇ ਦੌਰੇ ਸਮੇਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਲਈ ਦਿਸ਼ਾ, ਨਿਰਦੇਸ਼ ਦਿੱਤੇ ਗਏ। ਪਰ 17 ਵੀਆਂ ਲੋਕ ਸਭਾ ਚੋਣਾਂ ਵਿਚ ਸਿਆਸੀ ਪਾਰਟੀਆਂ ਵਲੋਂ ਆਪੂ-ਅਪਨਾਏ ਗਏ ਆਦਰਸ਼ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਧਨ, ਬਲ ਦੀ ਵਰਤੋਂ ਤਾਂ ਹੋ ਹੀ ਰਹੀ ਹੈ, ਕੂੜ ਚੋਣ ਪ੍ਰਚਾਰ ਵੀ ਸਿਰੇ 'ਤੇ ਹੈ। ਹਾਕਮ ਧਿਰ ਵਲੋਂ ਵੀ ਸੰਜਮ ਨਹੀਂ ਵਰਤਿਆ ਜਾ ਰਿਹਾ, ਸਗੋਂ ਸਰਕਾਰੀ ਨੀਤੀਆਂ ਦੇ ਪ੍ਰਚਾਰ ਪ੍ਰਤੀ ਵੀ ਖੁੱਲ੍ਹ-ਖੇਲ ਵਰਤੀ ਜਾ ਰਹੀ ਹੈ ਤੇ ਘੱਟ ਵਿਰੋਧੀ ਧਿਰ ਵੀ ਨਹੀਂ ਕਰ ਰਹੀ। ਇਸ ਦਾ ਮੂਲ ਕਾਰਨ ਇਹ ਹੈ ਕਿ ਆਦਰਸ਼ ਚੋਣ ਜ਼ਾਬਤਾ ਸਿਆਸੀ ਪਾਰਟੀਆਂ ਨੇ ਆਪ ਬਣਾਇਆ ਹੈ, ਆਪੇ ਹੀ ਇਸ ਨੂੰ ਤੋੜ ਰਹੀਆਂ ਹਨ, ਕਿਉਂਕਿ ਜੇਕਰ ਕਿਸੇ ਦਲ ਜਾਂ ਉਮੀਦਵਾਰ ਵਲੋਂ ਚੋਣ ਜ਼ਾਬਤਾ ਤੋੜਨ ਦੀ ਹਾਲਤ ਵਿੱਚ ਕੋਈ ਕਨੂੰਨੀ ਕਾਰਵਾਈ ਨਹੀਂ ਹੋ ਸਕਦੀ। ਇਸ ਕਰਕੇ ਪਾਰਟੀਆਂ ਤੇ ਉਮੀਦਵਾਰ ਧੜੱਲੇ ਨਾਲ ਚੋਣ ਜ਼ਾਬਤਾ ਤੋੜਨ ਦੇ ਰਾਹ ਪੈ ਗਏ ਹਨ। ਭਾਵੇਂ ਕਿ ਸਮੇਂ ਸਮੇਂ 'ਤੇ ਸੁਪਰੀਮ ਕੋਰਟ ਨੇ ਆਦਰਸ਼ ਚੋਣ ਜ਼ਾਬਤੇ ਨੂੰ ਮਾਨਤਾ ਦਿੱਤੀ ਹੈ, ਪਰ ਦੇਸ਼ ਵਿੱਚ ਆਦਰਸ਼ ਚੋਣ ਜ਼ਾਬਤੇ ਨੂੰ ਲਾਗੂ ਕਰਨ ਸਬੰਧੀ ਕੋਈ ਵੀ ਕਾਨੂੰਨ ਨਹੀਂ ਹੈ ਅਤੇ ਨਾ ਹੀ ਸਜ਼ਾ ਦਾ ਕੋਈ ਪ੍ਰਬੰਧ ਹੈ।

ਸਾਡੇ ਜੀਵਨ ਨਾਲ ਜੁੜੇ ਮਹੱਤਵਪੂਰਨ ਮੁੱਦੇ ਤੇ ਪੀੜਤ ਜਨਤਾ ਦੇ ਕਲਿਆਣ, ਬੇਰੁਜ਼ਗਾਰੀ ਸਮਾਜ ਦੇ ਕਮਜ਼ੋਰ ਵਰਗ, ਸੰਕਟਗ੍ਰਸਤ ਖੇਤੀ ਖੇਤਰ ਵੱਲ ਧਿਆਨ ਕਰਨ ਦੀ ਬਜਾਏ ਸਾਡੇ ਨੇਤਾ ਤੇ ਸਿਆਸੀ ਪਾਰਟੀਆਂ ਚੋਣਾਂ ਵਿਚ ਬੇਅੰਤ ਮਾਇਆ ਲੁਟਾ ਰਹੀਆਂ ਹਨ ਅਤੇ ਮੀਡੀਆ ਦਾ ਧਿਆਨ ਗੈਰ-ਮੁੱਦਿਆਂ ਵੱਲ ਖਿੱਚ ਰਹੀਆਂ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਹਰ ਪਾਰਟੀ ਆਪਣਾ ਚੋਣ ਮਨੋਰਥ ਪੱਤਰ ਲੋਕਾਂ ਲਈ ਜਾਰੀ ਕਰਦੀ ਹੈ, ਪਰ ਇਹਨਾਂ ਉਤੇ ਚਰਚਾ ਜਾਂ ਬਹਿਸ ਚੋਣ ਪ੍ਰਚਾਰ ਸਮੇਂ ਬਿਲਕੁਲ ਵੀ ਨਹੀਂ ਹੁੰਦੀ। ਕੀ ਇਹ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਕਿ ਲੋਕਾਂ ਦਾ ਧਰਮ ਦੇ ਨਾਮ ਉਤੇ ਧਰੁਵੀਕਰਨ ਜਾਵੇ। ਦੇਸ਼ ਦੀ ਫੌਜ ਦੇ ਕਾਰਨਾਮਿਆਂ ਨੂੰ ਸਰਕਾਰ ਦੀ ਵੱਡੀ ਪ੍ਰਾਪਤੀ ਵਜੋਂ ਚੋਣਾਂ ਵਿੱਚ ਪ੍ਰਚਾਰਨਾ ਕੀ ਉਚਿਤ ਹੈ? ਕੀ ਰਾਸ਼ਟਰਵਾਦ ਦੇ ਨਾਮ ਉਤੇ ਵਿਰੋਧੀਆਂ ਨੂੰ ਭੰਡਣਾ ਤੇ ਵਿਰੋਧੀ ਵਿਚਾਰਾਂ ਨੂੰ "ਦੇਸ਼ ਵਿਰੋਧੀ" ਗਰਦਾਨਣਾ ਅਤੇ ਇਸ ਸਬੰਧ ਚੋਣ ਪ੍ਰਚਾਰ ਕਰਨਾ ਕੀ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ?

ਸਵਾਲ ਇਹ ਹੈ ਕਿ ਚੋਣਾਂ ਵਿੱਚ ਸੰਜਮ ਛੱਡ ਕੇ ਕੀਤੇ ਜਾ ਰਹੇ ਪ੍ਰਚਾਰ ਦੇ ਵਹਿਣ ਨੂੰ ਕਿਵੇਂ ਰੋਕਿਆ ਜਾਵੇ? ਜਦੋਂ ਸੁਪਰੀਮ ਕੋਰਟ, ਚੋਣ ਕਮਿਸ਼ਨ ਤੋਂ ਆਦਰਸ਼ ਚੋਣ ਜ਼ਾਬਤਾ ਟੁੱਟਣ ਸਬੰਧੀ ਆਈਆਂ ਸ਼ਿਕਾਇਤਾਂ ਉਤੇ ਕੁਝ ਨਾ ਕਰਨ ਲਈ ਜਵਾਬ-ਤਲਬੀ ਕਰਦਾ ਹੈ ਤਾਂ ਚੋਣ ਕਮਿਸ਼ਨ ਆਪਣੀ ਬੇਚਾਰਗੀ ਦਾ ਰੋਣਾ ਰੋਂਦਾ ਹੈ। ਚੋਣ ਆਯੋਗ ਨੂੰ ਸੁਪਰੀਮ ਕੋਰਟ ਜਦੋਂ ਝਾੜ ਪਾਉਂਦੀ ਹੈ, ਤਾਂ ਉਹ ਥੋੜ੍ਹੀ ਬਹੁਤੀ ਕਾਰਵਾਈ ਕਰਦਾ ਨਜ਼ਰ ਆਉਂਦਾ ਹੈ।

ਜਦੋਂ-ਜਦੋਂ ਚੋਣ ਕਮਿਸ਼ਨ, ਚੋਣਾਂ ਸਮੇਂ ਚੁੱਪ-ਚਾਪ ਤਮਾਸ਼ਾ ਵੇਖਣ ਵਾਲੀ ਢਿੱਲੀ ਪਹੁੰਚ ਨਾਲ ਕੰਮ ਕਰੇਗਾ, ਤਦੋਂ-ਤਦੋਂ ਚੋਣਾਂ ਦੀ ਨਿਰਪੱਖਤਾ 'ਤੇ ਸਵਾਲ ਉੱਠਦੇ ਰਹਿਣਗੇ, ਜਿਹੜੇ ਕਿ ਅੱਜ ਵੀ ਉੱਠ ਰਹੇ ਹਨ।




## ਰਾਮਦੇਵ ਨੇ ਯੇਚੁਰੀ ਵਿਰੁੱਧ ਮਾਮਲਾ ਕਰਵਾਇਆ ਦਰਜ

**ਹਰਿਦੁਆਰ/ਏਟੀ ਨਿਊਜ਼ :** ਸੀਪੀਐਮ ਨੇਤਾ ਸੀਤਾਰਾਮ ਯੇਚੁਰੀ ਦੇ ਵਿਵਾਦਿਤ ਬਿਆਨ ਤੋਂ ਬਾਅਦ ਹਰਿਦੁਆਰ ਵਿੱਚ ਉਨ੍ਹਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਯੋਗ ਗੁਰੂ ਬਾਬਾ ਰਾਮਦੇਵ ਦੀ ਸ਼ਿਕਾਇਤ ਉੱਤੇ ਹਰਿਦੁਆਰ ਪੁਲਿਸ ਨੇ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿੱਚ ਮੁਕੱਦਮਾ ਦਰਜ ਕੀਤਾ ਹੈ। ਬਾਬਾ ਰਾਮਦੇਵ ਸਣੇ ਸਾਧੂ ਸਮਾਜ ਨੇ ਯੇਚੁਰੀ ਦੇ ਬਿਆਨ ਉੱਤੇ ਇਤਰਾਜ਼ ਦਰਜ ਕਰਵਾਉਂਦੇ ਹੋਏ ਐਸਐਸਪੀ ਨੂੰ ਸ਼ਿਕਾਇਤ ਦਿੱਤੀ ਸੀ। ਇਸ ਤੋਂ ਪਹਿਲਾਂ ਹੋਈ ਸਾਧੂ ਸਮਾਜ ਦੀ ਬੈਠਕ ਵਿੱਚ ਭਾਰਤ ਮਾਤਾ ਮੰਦਰ ਦੇ ਸੰਸਥਾਪਕ ਸਵਾਮੀ ਸਤਿਆਮਿਤਰਾਨੰਦ ਗਿਰੀ ਅਤੇ ਬਾਬਾ ਰਾਮਦੇਵ ਨੇ ਕਿਹਾ ਕਿ ਰਮਾਇਣ ਅਤੇ ਮਹਾਭਾਰਤ ਨੂੰ ਲੈ ਕੇ ਜੋ ਬਿਆਨ ਮਾਰਕਸਵਾਦੀ ਨੇਤਾ ਸੀਤਾਰਾਮ ਯੇਚੁਰੀ ਨੇ ਦਿੱਤਾ ਹੈ, ਉਸ ਲਈ ਉਨ੍ਹਾਂ ਨੂੰ ਪੂਰੇ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

**ਭੱਠਲ ਨੇ ਨੌਜਵਾਨ ਦੇ ਮਾਰਿਆ ਥੱਪੜ**

**ਸੰਗਰੂਰ/ਏਟੀ ਨਿਊਜ਼ :** ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਆਪਣੇ ਜੱਦੀ ਹਲਕੇ ਲਹਿਰਾਗਾਗਾ ਵਿੱਚ ਕਾਂਗਰਸ ਦੇ ਸੰਗਰੂਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਕੇਵਲ ਢਿੱਲੋਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਹੀ ਸੀ। ਜਦੋਂ ਉਹ ਬੁਸ਼ਹਿਰਾ ਪਿੰਡ ਵਿੱਚ ਪਹੁੰਚੀ ਤਾਂ ਇੱਕ ਨੌਜਵਾਨ ਨੇ ਉਨ੍ਹਾਂ ਨੂੰ ਸਵਾਲ ਕੀਤਾ ਤਾਂ ਭੱਠਲ ਭੜਕ ਗਈ ਤੇ ਨੌਜਵਾਨ ਨੂੰ ਥੱਪੜ ਜੜ ਦਿੱਤਾ। ਦਰਅਸਲ ਕੁਝ ਨੌਜਵਾਨ ਰਜਿੰਦਰ ਕੌਰ ਭੱਠਲ ਤੋਂ ਪੁੱਛ ਰਹੇ ਸਨ ਕਿ ਪਿਛਲੇ 25 ਸਾਲਾਂ ਤੋਂ ਉਨ੍ਹਾਂ ਆਪਣੇ ਹਲਕੇ ਵਿੱਚ ਕੀ ਕੰਮ ਕੀਤੇ ਹਨ। ਇਹ ਸੁਣਦਿਆਂ ਭੱਠਲ ਦਾ ਪਾਰਾ ਚੜ੍ਹ ਗਿਆ ਤਾਂ ਉਨ੍ਹਾਂ ਨੌਜਵਾਨ 'ਤੇ ਹੱਥ ਚੁੱਕ ਦਿੱਤਾ। ਇਸ ਦੌਰਾਨ ਰਜਿੰਦਰ ਕੌਰ ਭੱਠਲ ਖ਼ਿਲਾਫ਼ ਮੁਰਦਾਬਾਦ ਦੀ ਨਾਅਰੇਬਾਜ਼ੀ ਵੀ ਹੋ ਰਹੀ ਸੀ। ਉੱਧਰ ਸੰਗਰੂਰ ਤੋਂ ਮੌਜੂਦਾ ਸੰਸਦ ਮੈਂਬਰ ਭਗਵੰਤ ਮਾਨ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ।

# ਮੋਦੀ ਦੀ ਰਾਜਨੀਤੀ ਲੋਕਤੰਤਰ ਲਈ ਖਤਰਨਾਕ



- ਸਮਾਜ ਤੇ ਰਾਜਨੀਤੀ ਦੇ ਵਿਕਾਸ ਬਾਰੇ ਸੋਚਣ ਤੇ ਕਰਨ ਦੀ ਲੋੜ
- ਮਨੁੱਖਤਾਵਾਦੀ ਹੋਣਾ ਹੀ ਆਪਣੇ ਆਪ ਵਿਚ ਸਮੂਹਕਤਾ ਦਾ ਚਿੰਨ੍ਹ ਹੈ।
- ਬਦਲ ਰਹੇ ਜ਼ਮਾਨੇ ਨੂੰ ਸਮਝੋ, ਕਰਾਂਤੀ ਦੀ ਸੰਭਾਵਨਾ ਇਸ ਦੌਰ ਵਿਚ ਬਹੁਤ ਹੈ।

**ਕਨਹਈਆ ਕੁਮਾਰ**

ਸਾਨੂੰ ਬਦਲਵੀਂ ਸਿਆਸਤ ਬਾਰੇ ਸੋਚਣ ਦੀ ਜ਼ਰੂਰਤ ਹੈ। ਸਾਡੇ ਦੇਸ਼ ਵਿਚ ਸਿਆਸੀ ਬਦਲ ਨਹੀਂ ਹੈ ਪਰ ਬਦਲਵੀਂ ਸਿਆਸਤ ਬਾਰੇ ਸੋਚਣ ਦੀ ਲੋੜ ਹੈ। ਇਹ ਗੱਲ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਅੱਜ ਦੀ ਰਾਜਨੀਤਕ ਸਮੱਸਿਆ 'ਤੇ ਜੇਕਰ ਅਸੀਂ ਵਿਚਾਰ ਕਰਨਾ ਚਾਹੁੰਦੇ ਹਾਂ ਤਾਂ ਤੁਸੀਂ ਦੁਨੀਆ ਦੀ ਤੇ ਦੇਸ਼ ਦੀ ਅਰਥ ਵਿਵਸਥਾ ਅਤੇ ਸਮਾਜ ਨੂੰ ਸਮਝੇ ਬਿਨਾ ਇਸ ਸਮੱਸਿਆ ਨੂੰ ਨਹੀਂ ਸਮਝ ਸਕਦੇ। ਕਾਰਲ ਮਾਰਕਸ ਨੇ ਜੋ ਕਿਤਾਬ ਲਿਖੀ 'ਕੈਪੀਟਲ' ਮੈਨੂੰ ਨਹੀਂ ਲਗਦਾ ਕਿ ਮਾਰਕਸ ਦਾ ਨਾਂਅ ਲੈਣ ਵਾਲੇ ਮਾਰਕਸਵਾਦੀ ਵੀ ਉਸ ਕਿਤਾਬ ਨੂੰ ਪੜ੍ਹ ਸਕੇ ਹੋਣਗੇ ? ਉਸ ਦੇ ਵਿਚਾਰ ਐਨੇ ਜਟਿਲ ਹਨ ਕਿ ਉਸ ਨੂੰ ਪੜ੍ਹਨਾ ਅਤੇ ਸਮਝਣਾ ਐਨਾ ਅਸਾਨ ਨਹੀਂ ਹੈ। ਏਥੇ ਤਾਂ ਅਰਥ ਸ਼ਾਸ਼ਤਰ ਦਾ ਨਾਂ ਲੈਂਦਿਆਂ ਹੀ ਲੋਕਾਂ ਨੂੰ ਨੀਂਦ ਆਉਣ ਲੱਗ ਜਾਂਦੀ ਹੈ। ਸਾਨੂੰ ਅਸਾਨ ਗੱਲਾਂ ਪਸੰਦ ਹਨ। ਪੂਰੀ ਦੀ ਪੂਰੀ ਮਾਨਵ ਸਭਿਅਤਾ ਦਾ ਵਿਕਾਸ ਹੀ ਜਟਿਲ ਵਸਤੂਆਂ ਨੂੰ ਅਸਾਨ ਬਣਾਉਣ ਲਈ ਹੁੰਦਾ ਹੈ। ਹਰ ਸਮਾਜ ਆਪਣੀਆਂ ਜਟਿਲ ਪ੍ਰਸਥਿਤੀਆਂ ਵਿਚੋਂ ਨਿਕਲ ਕੇ ਅਸਾਨ ਪ੍ਰਸਥਿਤੀਆਂ ਵਿਚ ਜਾਣਾ ਚਾਹੁੰਦਾ ਹੈ। ਪਰ ਜਿਸ ਨੂੰ ਅਸੀਂ ਅਸਾਨ ਸਮਝਦੇ ਹਾਂ ਕੀ ਉਹ ਅਸਾਨ ਹੁੰਦੀਆਂ ਹਨ! ਨਹੀਂ ? ਜੇਕਰ ਅਸੀਂ ਦਵੰਦਆਤਮਕ ਤਰੀਕੇ ਨਾਲ ਸੋਚੀਏ ਤਾਂ ਜੋ ਜਟਿਲ ਹੈ, ਉਹ ਅਸਾਨ ਵੀ ਹੈ ਤੇ ਜੋ ਅਸਾਨ ਹੈ ਉਹ ਜਟਿਲ ਵੀ ਹੈ। ਉਸ ਦਾ ਇਕ ਪੱਖ ਜੇਕਰ ਉਸ ਨੂੰ ਅਸਾਨ ਬਣਾ ਰਿਹਾ ਹੈ ਤਾਂ ਦੂਜਾ ਪੱਖ ਉਸ ਦੀ ਜਟਿਲਤਾ ਨੂੰ ਸਾਹਮਣੇ ਲੈ ਕੇ ਆਉਂਦਾ ਹੈ।




ਜਿਵੇਂ ਹਰੀ ਕ੍ਰਾਂਤੀ ਨਾਲ ਭੁੱਖਮਰੀ ਦੀ ਸਮੱਸਿਆ ਤਾਂ ਖਤਮ ਹੋ ਗਈ ਪਰ ਕੈਂਸਰ ਦੀ ਸਮੱਸਿਆ ਸ਼ੁਰੂ ਹੋ ਗਈ। ਜੋ ਪਹਿਲਾਂ ਭੁੱਖ ਨਾਲ ਮਰ ਰਹੇ ਸਨ ਹੁਣ ਅੰਨ ਖਾ ਕੇ ਜੋ ਕੈਂਸਰ ਹੋ ਰਿਹਾ ਹੈ, ਉਸ ਨਾਲ ਮਰ ਰਹੇ ਹਨ। ਜੋ ਦਵੰਦ ਹੈ , ਉਸ ਦੀ ਪਹੁੰਚ ਨਾਲ ਜੇਕਰ ਅਸੀਂ ਦੁਨੀਆ ਨੂੰ ਵੇਖਣਾ ਸ਼ੁਰੂ ਕਰੀਏ ਤਾਂ ਮੈਨੂੰ ਨਹੀਂ ਲਗਦਾ ਕਿ ਸਾਨੂੰ ਨਿਰਾਸ਼ ਹੋਣ ਦੀ ਲੋੜ ਹੈ। ਨਾ-ਉਮੀਦੀ ਮੈਨੂੰ ਕਿਤੇ ਵੀ ਨਜ਼ਰ ਹੀ ਨਹੀਂ ਆਉਂਦੀ, ਉਹ ਇਸ ਲਈ ਕਿ ਸਾਡੇ ਲਿਖਣ, ਕਹਿਣ ਜਾਂ ਬੋਲਣ ਨਾਲ ਕੁਝ ਨਹੀਂ ਹੁੰਦਾ ਹੈ। ਸਾਡੇ ਵੱਲੋਂ ਕੋਈ ਕਾਰਜ ਕਰ ਦੇਣ ਨਾਲ ਸਾਰਾ ਕੁਝ ਹੋ ਜਾਵੇਗਾ, ਅਜਿਹਾ ਮੈਂ ਨਹੀਂ ਸੋਚਦਾ। ਪਰ ਇਕ ਗੱਲ ਹੋਰ ਹੈ, ਸਮਾਜ ਦਾ ਇਕ ਪੱਖ ਹੈ, ਵਿਗਿਆਨ ਦਾ ਇਕ ਪੱਖ ਹੈ ਕਿ ਜੇਕਰ ਤੁਸੀਂ ਗੇਂਦ ਨੂੰ ਰੋਕਣ ਲਈ ਬੱਲਾ ਲੈ ਕੇ ਖੜ੍ਹੇ ਹੋ ਤਾਂ ਜੇਕਰ ਤੁਸੀਂ ਬੱਲਾ ਨਹੀਂ ਚੁੱਕੋਗੇ ਤਾਂ ਗੇਂਦ ਤੁਹਾਡੇ ਕੋਲੋਂ ਦੀ ਨਿਕਲ ਜਾਵੇਗੀ। ਜੇਕਰ ਤੁਸੀਂ ਉਸ ਨੂੰ ਹਿੱਟ ਕਰੋਗੇ ਤਾਂ ਗੇਂਦ ਬਾਊਂਡਰੀ ਤੋਂ ਬਾਹਰ ਵੀ ਜਾ ਸਕਦੀ ਹੈ। ਇਸ ਲਈ ਸਮਾਜ ਵਿਚ ਮਨੁੱਖ ਦੀ ਭੂਮਿਕਾ ਨੂੰ ਮੈਂ ਨਜ਼ਰ ਅੰਦਾਜ਼ ਨਹੀਂ ਸਮਝਦਾ। ਮੈਂ ਇਕ ਵਿਅਕਤੀ ਦੀ ਗੱਲ ਨਹੀਂ ਕਰਦਾ, ਮੈਂ ਸਮੂਹ ਮਨੁੱਖਾਂ ਦੀ ਗੱਲ ਕਰ ਰਿਹਾ ਹਾਂ। ਮਨੁੱਖਤਾਵਾਦੀ ਹੋਣਾ ਹੀ ਆਪਣੇ ਆਪ ਵਿਚ ਸਮੂਹਕਤਾ ਦਾ ਚਿੰਨ੍ਹ ਹੈ। ਅੱਜ ਦੀ ਰਾਜਨੀਤੀ ਦਾ, ਸਮਾਜ ਦਾ, ਵਿਗਿਆਨ ਦਾ ਤੇ ਦਰਸ਼ਨ ਦਾ ਅੰਤਰ ਵਿਰੋਧ ਇਹੀ ਹੈ ਕਿ ਵਿਅਕਤੀ ਸਮੂਹ ਦੇ ਸਾਹਮਣੇ ਖੜ੍ਹਾ ਹੋ ਗਿਆ ਹੈ। ਸਮੂਹ ਵਿਅਕਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੈ ਜਾਂ ਵਿਅਕਤੀ ਸਮੂਹ ਦੇ ਖ਼ਿਲਾਫ਼ ਹੈ, ਇਸ ਦਾ ਨਿਰਣਾ ਕਰ ਸਕਣਾ ਮੁਸ਼ਕਲ ਹੈ। ਵਿਸ਼ਵੀਕਰਨ (ਗਲੋਬਲਾਈਜੇਸ਼ਨ) ਦੀ ਦੁਨੀਆ ਨੂੰ ਲੋੜ ਹੈ ਜਾਂ ਵਿਸ਼ਵੀਕਰਨ ਕਾਰਨ ਅੱਜ ਵਿਅਕਤੀ ਇਸ ਵਿਚ ਫ਼ਸ ਰਿਹਾ ਹੈ। ਤੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਮੁੱਚਤਾ ਵਿਚ ਸਮਝੇ ਬਿਨਾ ਬਦਲਵੀਂ ਸਿਆਸਤ ਨਹੀਂ ਦਿਖਾਈ ਦੇ ਰਹੀ। ਦੁਨੀਆ ਦੀ ਅਰਥ ਵਿਵਸਥਾ ਵਿਚ ਜੋ ਘਟਨਾਵਾਂ ਵਾਪਰ ਰਹੀਆਂ ਹਨ, ਉਨ੍ਹਾਂ 'ਤੇ ਮੈਂ ਚਾਨਣਾ ਪਾਉਣਾ ਚਾਹੁੰਦਾ ਹਾਂ। ਭਾਵੇਂ ਕਿ ਮੈਂ ਅਰਥ ਸ਼ਾਸ਼ਤਰ ਦਾ ਵਿਦਿਆਰਥੀ ਨਹੀਂ ਹਾਂ ਪਰ ਲੋੜ ਕਾਰਨ ਮੈਂ ਅਰਥ ਸ਼ਾਸ਼ਤਰ ਪੜ੍ਹਨ ਲੱਗਾ ਹਾਂ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜੋ ਹਰੀ ਕ੍ਰਾਂਤੀ ਵਿਚ ਵਿਕਾਸ ਹੋਇਆ ਹੈ, ਉਸ ਨੂੰ ਤੁਸੀਂ ਤਿੰਨ ਭਾਗਾਂ ਵਿਚ ਸਮਝ ਸਕਦੇ ਹੋ। ਜਦੋਂ ਅਸੀਂ ਉਦਯੋਗਿਕ ਕ੍ਰਾਂਤੀ ਦੀ ਗੱਲ ਕਰਦੇ ਹਾਂ ਤਾਂ ਉਸ ਇਤਿਹਾਸਕ ਘਟਨਾ ਤੋਂ ਬਾਅਦ ਬਹੁਤ ਸਾਰੀ ਤਬਦੀਲੀ ਹੋਈ ਸੀ। ਸਭ ਤੋਂ ਪਹਿਲਾਂ ਕਿ ਜੇ ਉਦਯੋਗਿਕ ਕ੍ਰਾਂਤੀ ਨਹੀਂ ਹੋਈ ਹੁੰਦੀ ਤਾਂ ਧਰੁੱਵੀਕਰਨ ਨਹੀਂ ਹੋਣਾ ਸੀ। ਧਰੁੱਵੀਕਰਨ ਨਾ ਹੋਇਆ ਹੁੰਦਾ ਤਾਂ ਭਾਰਤ ਵਿਚ ਅੱਜ ਜੋ ਰਾਸ਼ਟਰਵਾਦ ਦਾ ਉਪਦੇਸ਼ ਦਿੱਤਾ ਜਾ ਰਿਹਾ ਹੈ, ਉਹ ਪੈਦਾ ਹੀ ਨਹੀਂ ਸੀ ਹੋਣਾ। ਰਾਸ਼ਟਰ ਜਿਸ ਢਾਂਚੇ ਵਿਚ ਹੈ, ਉਹ ਢਾਂਚਾ ਹੀ ਨਹੀਂ ਬਣ ਸਕਣਾ ਸੀ। ਦੁਨੀਆ ਜਿਸ ਤਰ੍ਹਾਂ ਪੂੰਜੀਵਾਦੀ ਵਾਲੀ ਬਣਤਰ ਵਿਚੋਂ ਲੰਘੀ ਹੈ, ਜੇਕਰ ਪਹਿਲੀ ਸੰਸਾਰ ਜੰਗ ਨਾ ਹੁੰਦੀ, ਦੂਜੀ ਸੰਸਾਰ ਜੰਗ ਨਾ ਹੁੰਦੀ। ਨਾਗਾਸਾਕੀ ਤੇ ਹੀਰੋਸ਼ੀਮਾ ਵਿਚ ਪਰਮਾਣੂ ਬੰਬ ਨਾ ਡਿੱਗਦੇ। ਬਸਤੀਵਾਦੀ ਵਿਰੋਧੀ ਮੁਹਿੰਮ ਨਾ ਚੱਲਦੀ। ਸਮਾਨਤਾ ਦਾ ਵਿਚਾਰ ਨਾ ਆਉਂਦਾ, ਨਿਆਂ ਅਤੇ ਆਜ਼ਾਦੀ ਦਾ ਵਿਚਾਰ ਨਾ ਆਉਂਦਾ। ਮਸਲਾ ਇਹ ਹੈ ਕਿ ਜੇਕਰ ਅੱਜ ਲੋਕਤੰਤਰ ਖਤਰੇ ਵਿਚ ਹੈ, ਧਰਮ ਨਿਰਪੱਖਤਾ ਖ਼ਤਰੇ ਵਿਚ ਹੈ ਤਾਂ ਰਾਸ਼ਟਰਵਾਦ ਵੀ ਖਤਰੇ ਵਿਚ ਹੈ, ਅਜਿਹਾ ਕਿਵੇਂ ਮੰਨਿਆ ਜਾ ਸਕਦਾ ਹੈ। ਗਲੋਬਲਾਈਜੇਸ਼ਨ ਦੇ ਹੁੰਦਿਆਂ ਨੈਸ਼ਨਲ ਸਟੇਟ ਬਚਿਆ ਰਹਿ ਜਾਵੇਗਾ ? ਰਾਸ਼ਟਰਵਾਦ ਬਚਿਆ ਰਹਿ ਜਾਵੇਗਾ ? ਇਸ ਲਈ ਇਹ ਕਹਿਣ ਵਾਲੇ ਲੋਕ ਆਪਣੇ ਹੀ ਅੰਤਰ ਵਿਰੋਧ ਵਿਚ ਫਸ ਜਾਂਦੇ ਹਨ। ਉਹ ਦੁਨੀਆ ਨੂੰ ਇਹ ਕਹਿੰਦੇ ਹਨ ਕਿ ਅਸੀਂ ਭਾਰਤ ਨੂੰ ਵਿਕਸਤ ਦੇਸ਼ ਬਣਾਵਾਂਗੇ। ਕਿਵੇਂ ਬਣਾਉਣਗੇ ? ਕਿਸਾਨਾਂ ਦੀਆਂ ਆਤਮ ਹੱਤਿਆਵਾਂ ਕਰਵਾ ਕੇ ? ਇਸ ਦੇਸ਼ ਦੀ ਇੰਡਸਟ੍ਰੀ ਬੰਦ ਕਰਕੇ ? ਇਸ ਦੇਸ਼ ਦੇ ਲੋਕ ਹਿਜ਼ਰਤ ਕਰਦੇ ਰਹਿਣ। ਬਿਹਾਰ ਦੇ ਲੋਕ ਹਿਜ਼ਰਤ ਕਰਕੇ ਪੰਜਾਬ ਆਉਣ ਤੇ ਪੰਜਾਬ ਦੇ ਵਿਦਿਆਰਥੀ ਹਿਜ਼ਰਤ ਕਰਕੇ ਕਨੇਡਾ, ਆਸਟ੍ਰੇਲੀਆ ਜਾਣ ? ਕੀ ਇਸ ਤਰ੍ਹਾਂ ਭਾਰਤ ਵਿਕਸਤ ਬਣੇਗਾ ? ਇਕੌਨਮੀ ਵਿਚ ਜਿਸ ਤਰ੍ਹਾਂ ਦੀਆਂ ਗੱਲਾਂ ਆ ਰਹੀਆਂ ਹਨ, ਉਸ ਵਿਚ ਦੁਨੀਆ ਦੀ ਇਸ ਗੱਲ ਨੂੰ ਸਮਝ ਲਓ, ਚਾਹੇ ਤੁਸੀਂ ਟਰੇਡ ਯੂਨੀਅਨ ਅੰਦੋਲਨ ਦੀ ਗੱਲ ਕਰ ਲਓ; ਰੂਸੀ ਇਨਕਲਾਬ ਦੀ ਗੱਲ ਕਰ ਲਓ; ਲਿਬਰਲ ਮੂਵਮੈਂਟ ਦੀ ਗੱਲ ਕਰ ਲਓ; ਤੁਸੀਂ ਆਈਡੈਂਟਟੀ ਪੌਲੀਟਿਕਸ ਦੀ ਗੱਲ ਕਰ ਲਓ; ਲੈਫਟ ਮੂਵਮੈਂਟ ਦੀ ਗੱਲ ਕਰ ਲਓ; ਅੰਬੇਡਕਰ ਮੂਵਮੈਂਟ ਦੀ ਗੱਲ ਕਰ ਲਓ, ਇਨ੍ਹਾਂ ਸਾਰਿਆਂ ਦਾ ਸਬੰਧ ਉਦਯੋਗਿਕ ਕ੍ਰਾਂਤੀ ਨਾਲ ਜੁੜਿਆ ਹੋਇਆ ਹੈ। ਉਦਯੋਗਿਕ ਕ੍ਰਾਂਤੀ ਵਿਚ ਅਜਿਹਾ ਕੀ ਪਿਆ ਹੈ ਕਿ ਅੱਜ ਜੋ ਆਰਥਕ ਬਦਲਾਵ ਆ ਰਹੇ ਹਨ, ਉਸ ਨੂੰ ਉਦਯੋਦਿਕ ਬਦਲਾਵ ਤੋਂ ਅਲੱਗ ਮੰਨਾਗੇ। ਉਤਪਾਦਨ ਕਲਪਨਾ ਤੋਂ ਵੱਡੀ ਮਾਤਰਾ ਵਿਚ ਹੋਣ ਲੱਗਾ ਹੈ। ਜਦੋਂ ਉਤਪਾਦਨ ਵਧੇਗਾ ਤਾਂ ਸੁਭਾਵਕ ਹੈ ਕਿ ਉਨ੍ਹਾਂ ਨੂੰ ਵੇਚਣ ਲਈ ਬਾਜ਼ਾਰ ਦੀ ਲੋੜ ਪਵੇਗੀ। ਪਹਿਲਾਂ ਜਦੋਂ ਤੁਸੀਂ ਹੱਥ ਨਾਲ ਘਾਹ ਕੱਟਦੇ ਸੀ; ਫਿਰ ਮਸ਼ੀਨ ਨਾਲ ਕੱਟਣ ਲੱਗੇ। ਫਿਰ ਮਸ਼ੀਨ ਨੂੰ ਹੱਥ ਨਾਲ ਚਲਾਉਣ ਲੱਗੇ। ਫਿਰ ਘਾਹ ਕੱਟਣ ਵਾਲੀ ਮਸ਼ੀਨ ਨੂੰ ਇਕ ਹੋਰ ਮਸ਼ੀਨ ਚਲਾਉਣ ਲੱਗ ਪਈ। ਜਦੋਂ ਇਕ ਵਾਰ ਮਸ਼ੀਨ ਚੱਲ ਪਵੇਗੀ ਤਾਂ ਬਹੁਤ ਸਾਰੇ ਘਾਹ ਦੀ ਲੋੜ ਪਵੇਗੀ; ਨਹੀਂ ਤਾਂ ਖ਼ਾਲੀ ਮਸ਼ੀਨ ਚੱਲੇਗੀ। ਸੋ ਮਸ਼ੀਨ ਦੀ ਲੋੜ ਪੂਰੀ ਕਰਨ ਲਈ ਬਹੁਤ ਸਾਰੇ ਕੱਚੇ ਮਾਲ ਦੀ ਲੋੜ ਪੈਣ ਲੱਗ ਪਈ। ਬਹੁਤ ਸਾਰੇ ਕੱਚੇ ਮਾਲ ਦੀ ਵੀ ਲੋੜ ਪੈਣ ਲੱਗੀ ਤੇ ਤਿਆਰ ਹੋਏ ਮਾਲ ਨੂੰ ਵੇਚਣ ਲਈ ਬਾਜ਼ਾਰ ਦੀ ਵੀ ਲੋੜ ਹੈ। ਇਹ ਵਰਤਾਰਾ ਉਦਯੋਗਿਕ ਕ੍ਰਾਂਤੀ ਵਿਚ ਹੋਇਆ। ਇਥੇ ਸੰਸਕ੍ਰਿਤੀ ਅਤੇ ਧਰਮ ਸਾਰਾ ਕੁਝ ਨਹੀਂ ਹੁੰਦਾ। ਸੰਸਕ੍ਰਿਤੀ ਅਤੇ ਧਰਮ ਨੂੰ ਇਸ ਬਦਲਾਅ ਨਾਲ ਕਦਮ ਮਿਲਾ ਕੇ ਚੱਲਣਾ ਪੈਂਦਾ ਹੈ, ਨਹੀਂ ਤਾਂ ਉਹ ਖਤਮ ਹੋ ਜਾਵੇਗਾ। ਇਸਾਈ ਤੇ ਕ੍ਰਿਸ਼ਚੈਨਟੀ ਦਾ ਜੋ ਡਿਸਕੋਰਸ ਹੈ, ਉਸ ਵਿਚ ਇਹ ਆਇਆ ਕਿ ਸਮੁੰਦਰੀ ਯਾਤਰਾ ਕਰਨਾ ਪਾਪ

ਨਹੀਂ ਹੈ, ਇਸ ਲਈ ਮੋਦੀ ਜੀ ਦਾ ਪਾਕਿਸਤਾਨ ਜਾਣਾ ਪਾਪ ਨਹੀਂ ਹੈ, ਕਿਉਂਕਿ ਇਹ ਬਾਜ਼ਾਰ ਦੀ ਲੋੜ ਹੈ। ਇਕ ਪਾਸੇ ਤੁਸੀਂ ਕਹੋਗੇ ਕਿ ਅਸੀਂ ਹਿੰਦੂ ਰਾਸ਼ਟਰ ਬਣਾਵਾਂਗੇ, ਦੂਜੇ ਪਾਸੇ ਤੁਹਾਨੂੰ ਪਤਾ ਹੈ ਕਿ ਇਹ ਨਹੀਂ ਬਣ ਸਕਣਾ। ਬਾਜ਼ਾਰ ਉਦੋਂ ਤਕ ਹੀ ਤੁਹਾਨੂੰ ਬਦਮਿਜਾਜ਼ੀ ਕਰਨ ਦੀ ਇਜਾਜ਼ਤ ਦਿੰਦਾ ਹੈ ਜਦੋਂ ਤਕ ਉਹ ਸੰਕਟ ਵਿਚ ਹੈ। ਜਿਸ ਦਿਨ ਉਸ ਦੇ ਸਬੰਧ ਬਣ ਜਾਣਗੇ ਤਾਂ ਕਹੇਗਾ ਕਿ ਬਕਵਾਸ ਬੰਦ ਕਰੋ ਤੇ ਜਾਓ ਪਾਕਿਸਤਾਨ ਨਾਲ ਵਪਾਰਕ ਸਬੰਧ ਬਣਾਓ। ਅਸੀਂ ਉਥੇ ਜਾ ਕੇ ਵੀ ਆਪਣਾ ਉਤਪਾਦਕ ਮਾਲ ਵੇਚਣਾ ਹੈ। ਇਹ ਬਹੁਤ ਸਿੱਧੀ ਜਿਹੀ ਧਾਰਨਾ ਹੈ। ਇਸ ਨੂੰ ਸਮਝਣ ਦੀ ਲੋੜ ਹੈ।

ਪਹਿਲਾਂ ਸਿਆਸਤ ਵਿਚ ਯਥਾਰਥ ਤੋਂ ਧਾਰਨਾ ਬਣਦੀ ਸੀ। ਹੁਣ ਸਿਆਸਤ ਵਿਚ ਧਾਰਨਾ ਤੋਂ ਸੋਸ਼ਲ ਯਥਾਰਥਵਾਦ ਬਣਦਾ ਹੈ। ਕਿੰਨੇ ਕੁ ਲੋਕ ਗਏ ਹਨ ਮੁਸਲਮਾਨ ਦੇ ਘਰ ਵਿਚ ? ਪਰ ਇਕ ਧਾਰਨਾ ਐਨੀ ਵਾਰ ਦੁਹਰਾਈ ਗਈ ਕਿ ਇਕ ਸਿਆਣੇ ਮਨੁੱਖ ਨੂੰ ਵੀ ਇਹ ਲੱਗਣ ਲੱਗ ਪਿਆ ਕਿ ਮੁਸਲਮਾਨ ਕੱਟੜ ਹੁੰਦੇ ਹਨ। ਮੁਸਲਮਾਨ ਅੱਤਵਾਦੀ ਹੁੰਦੇ ਹਨ। ਮੁਸਲਮਾਨ ਦੇ ਘਰ ਦਾ ਖਾਣਾ ਨਹੀਂ ਖਾਣਾ ਚਾਹੀਦਾ। ਤੁਸੀਂ ਕਿੰਨੇ ਕੁ ਬਿਹਾਰ ਗਏ ਹੋ, ਬਸ ਮਨਾਂ ਵਿਚ ਇਹ ਗੱਲ ਬਿਠਾ ਦਿੱਤੀ ਗਈ ਕਿ ਬਿਹਾਰੀ ਲੋਕ ਮੂਰਖ ਹੁੰਦਾ ਹੈ, ਪੜ੍ਹਦਾ ਲਿਖਦਾ ਨਹੀਂ ਹੈ; ਮਜ਼ਦੂਰੀ ਕਰਦਾ ਹੈ। ਇਸ ਲਈ ਦਿੱਲੀ ਵਿਚ ਬਿਹਾਰੀ ਸ਼ਬਦ ਹੀ ਗਾਲ੍ਹ ਬਣ ਗਿਆ ਹੈ। ਹੁਣ ਕਿਸੇ ਪੰਜਾਬ ਦੇ ਲੋਕ ਨੂੰ ਪੰਜਾਬੀ ਕਹੋ ਤਾਂ ਉਸ ਨੂੰ ਮਾਣ ਹੋਵੇਗਾ ਪਰ ਬਿਹਾਰੀ ਨੂੰ ਜੇ ਬਿਹਾਰੀ ਕਹੋ ਤਾਂ ਉਹ ਨੂੰ ਲਗਦਾ ਹੈ ਕਿ ਮੈਨੂੰ ਗਾਲ੍ਹ ਕੱਢ ਰਿਹਾ ਹੈ। ਇਹ ਅਸਲੀਅਤ ਹੈ ਜਾਂ ਧਾਰਨਾ ਹੈ। ਸੋ ਸੁਪਰ ਸਟਰੱਕਚਰ ਵੀ ਸਟਰੱਕਚਰ ਨੂੰ ਪ੍ਰਭਾਵਤ ਕਰਦਾ ਹੈ। ਮੇਰੀ ਗੱਲ ਨੂੰ ਤੁਸੀਂ ਕੱਟ ਵੀ ਸਕਦੇ ਹੋ ਤੇ ਇਸ ਨੂੰ ਹੋਰ ਵਿਸਥਾਰ ਵੀ ਦੇ ਸਕਦੇ ਹੋ। ਮੈਂ ਕੋਈ ਫਿਲਾਸਫ਼ਰ ਨਹੀਂ ਹਾਂ।

ਉਦਯੋਗਿਕ ਕ੍ਰਾਂਤੀ ਦੌਰਾਨ ਜਿੰਨੇ ਵੀ ਸਿਆਸੀ ਵਿਚਾਰ ਬਣੇ ਸਨ, ਜਿੰਨੀਆਂ ਵੀ ਸਿਆਸੀ ਸਮਝਦਾਰੀਆਂ ਬਣੀਆਂ ਸਨ; ਮਲਟੀ ਪਾਰਟੀ, ਡੈਮੋਕ੍ਰੇਸੀ, ਫਰੀਡਮ, ਇਕਵੈਲਟੀ, ਸੈਕੂਲਰਇਜ਼ਮ, ਮਲਟੀ ਕਲਚਰਇਜ਼ਮ, ਇਹ ਸਾਰੀਆਂ ਵਸਤੂਆਂ ਇਕੋ ਸਮੇਂ ਸੰਕਟ ਵਿਚ ਆਈਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਅਸੀਂ ਹੁਣ ਪੋਸਟ ਉਦਯੋਗਿਕ ਸਮੇਂ ਵਿਚੋਂ ਲੰਘ ਰਹੇ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਪੋਸਟ ਉਦਯੋਗਿਕ ਸਮੇਂ ਵਿਚ ਹਾਂ ਤਾਂ ਇਸ ਲਈ ਨਵੇਂ ਤਰੀਕੇ ਦੇ ਸੋਸ਼ਲ ਐਥਿਕਸ, ਸੋਸ਼ਲ ਮੋਰੈਲਿਟੀ, ਸੋਸ਼ਲ ਸਟਰੱਕਚਰ ਤੇ ਸੋਸ਼ਲ ਐਥਿਕਸ ਦਾ ਵਿਕਾਸ ਹੋਵੇਗਾ। ਸੰਕਟ ਦਾ ਕਾਲ ਇਹ ਹੈ ਕਿ ਪੁਰਾਣਾ ਟੁੱਟਿਆ ਨਹੀਂ, ਨਵਾਂ ਬਣਿਆ ਨਹੀਂ। ਇਸ ਲਈ ਅਸੀਂ ਵਿਚਕਾਰ ਫਸ ਗਏ ਹਾਂ।

**ਹੁਣ ਮੈਂ ਨਿੱਕੀਆਂ ਨਿੱਕੀਆਂ ਮੁਸ਼ਕਲਾਂ ਦੀ ਪਛਾਣ ਕਰਾਂਗਾ;** ਜਿਵੇਂ ਕਿ ਅੱਜ ਦੇ ਸਮੇਂ ਵਿਚ ਸਾਂਝੇ ਪਰਿਵਾਰ ਬਚੇ ਨਹੀਂ ਹਨ ਕਿਉਂਕਿ ਖੇਤੀ ਨਾਲ ਸਬੰਧਤ ਸਮਾਜ ਨਹੀਂ ਹੈ। ਖੇਤੀ ਵਿਚ ਸਿੱਧੀ ਸਰੀਰਕ ਲੇਬਰ ਬਹੁਤ ਘੱਟ ਹੁੰਦੀ ਜਾ ਰਹੀ ਹੈ। ਮਸ਼ੀਨਾਂ ਨਾਲ ਖੇਤੀ ਹੋ ਰਹੀ ਹੈ। ਹਰੀ ਕ੍ਰਾਂਤੀ ਕਾਰਨ ਅਸੀਂ ਖ਼ੁਸ਼ ਵੀ ਬਹੁਤ ਹੋਏ ਹਾਂ। ਸੋ ਸੁਭਾਵਕ ਰੂਪ ਵਿਚ ਨਿੱਜਤਾ ਸਮਾਜ ਵਿਚ ਵਧੇਗੀ। ਖੇਤੀ ਸੈਕਟਰ ਤੇ ਫੈਕਟਰੀਆਂ ਵਿਚ ਇਕ ਸਮਾਂ ਸੀ ਜਦੋਂ ਮਜ਼ਦੂਰ ਢਾਈ-ਢਾਈ ਹਜ਼ਾਰਾਂ ਦੀ ਗਿਣਤੀ ਵਿਚ ਕੰਮ ਕਰਦੇ ਸਨ। ਹੁਣ ਢਾਈ ਲੋਕ ਵੀ ਇਕ ਫੈਕਟਰੀ ਵਿਚ ਕੰਮ ਨਹੀਂ ਕਰਦੇ! ਦੋ-ਚਾਰ ਮਜ਼ਦੂਰਾਂ ਨਾਲ ਸਾਰੀ ਦੀ ਸਾਰੀ ਫੈਕਟਰੀ ਚੱਲਦੀ ਪਈ ਹੈ। ਮਸ਼ੀਨ ਪਹਿਲਾਂ ਬਹੁਤ ਵੱਡੀ ਹੁੰਦੀ ਸੀ; ਸਮੇਂ ਨਾਲ ਛੋਟੀ, ਹੋਰ ਛੋਟੀ ਹੁੰਦੀ ਗਈ। ਆਈ. ਸੀ. ਦੇ ਆਉਣ ਨਾਲ ਮਸ਼ੀਨ ਐਨੀ ਛੋਟੀ ਹੋ ਗਈ ਕਿ ਹੁਣ ਮਸ਼ੀਨ ਤੁਹਾਡੀ ਜੇਬ੍ਹ ਵਿਚ ਆ ਜਾਂਦੀ ਹੈ। ਤੁਸੀਂ ਇਕ ਟੀਵੀ. ਆਪਣੀ ਜੇਬ੍ਹ ਵਿਚ ਲੈ ਕੇ ਘੁੰਮਦੇ ਹੋ ਕਿ ਨਹੀਂ। ਟ੍ਰਾਂਸਫਰ ਤੋਂ ਜਦੋਂ ਆਈਸੀ. 'ਤੇ ਗੱਲ ਪਹੁੰਚੀ ਤਾਂ ਮਸ਼ੀਨਾਂ ਦਾ ਅਕਾਰ ਲਗਾਤਾਰ ਛੋਟਾ ਹੁੰਦਾ ਗਿਆ। ਮਸ਼ੀਨ ਦਾ ਅਕਾਰ ਜਦੋਂ ਘਟੇਗਾ ਤਾਂ ਫਿਜ਼ੀਕਲ ਲੇਬਰ ਇੰਡਸਟ੍ਰੀ ਵਿਚੋਂ ਘਟਦੀ ਜਾਵੇਗੀਇੰਡਸਟ੍ਰੀਅਲ ਆਈਡੀਆ ਆਫ ਕੁਲੈਕਟਿਵ ਦਾ ਢਹਿ-ਢੇਰੀ ਹੋਣਾ ਸ਼ੁਰੂ ਹੋ ਜਾਵੇਗਾ। ਸੋ, ਇਹ ਡੈਮੋਲੇਸ਼ਨ ਫੈਕਟਰੀ ਅੰਦਰ ਹੋਣੀ ਸ਼ੁਰੂ ਹੋ ਗਈ ਜਿਸ ਨਾਲ ਟਰੇਡ ਯੂਨੀਅਨ ਵੀ ਕਮਜ਼ੋਰ ਹੋਣੀ ਸ਼ੁਰੂ ਹੋ ਗਈ। ਜਦੋਂ ਟਰੇਡ ਯੂਨੀਅਨ ਕਮਜ਼ੋਰ ਹੋ ਜਾਵੇਗੀ; ਕਿਸਾਨ ਅੰਦੋਲਨ ਕਮਜ਼ੋਰ ਹੋ ਜਾਵੇਗਾ ਤਾਂ ਸੁਭਾਵਕ ਹੈ, ਕਿ ਕਿਸਾਨ ਤੇ ਮਜ਼ਦੂਰ 'ਤੇ ਲਿਖੀ ਜਾਣ ਵਾਲੀ ਕਵਿਤਾ, ਕਹਾਣੀ ਤੇ ਨਾਵਲ ਵੀ ਕਮਜ਼ੋਰ ਹੋ ਜਾਵੇਗਾ। ਤੇ ਪ੍ਰਗਤੀਸ਼ੀਲ ਲੇਖਕ ਸੰਘ ਵੀ ਕਮਜ਼ੋਰ ਹੋ ਜਾਵੇਗਾ। ਤੁਸੀਂ ਵੇਖੋ ਕਿ ਫੈਕਟਰੀਆਂ ਵਿਚੋਂ ਮਜ਼ਦੂਰ ਗਾਇਬ; ਖੇਤਾਂ ਵਿਚੋਂ ਖੇਤੀ ਕਰਨ ਵਾਲੇ ਗਾਇਬ ਔਰ ਯੂਨੀਵਰਸਿਟੀਆਂ-ਕਾਲਜਾਂ ਵਿਚੋਂ ਵਿਦਿਆਰਥੀ ਗਾਇਬ ਹੋ ਗਏ। ਇਹ ਜੋ ਡਿਸਟੈਂਸ ਲਰਨਿੰਗ ਪ੍ਰੋਸੈਸ ਹੈ, ਇਹ ਕੀ ਹੈ। ਜਦੋਂ ਵਿਦਿਆਰਥੀ ਯੂਨੀਵਰਸਿਟੀ ਵਿਚ ਹੋਵੇਗਾ ਹੀ ਨਹੀਂ ਤਾਂ ਵਿਦਿਆਰਥੀ ਅੰਦੋਲਨ ਕਿਵੇਂ ਹੋਵੇਗਾ ?

ਦੁਨੀਆ ਦੇ ਜਿਸ ਆਰਥਕ ਮਾਡਲ ਨੂੰ ਉਦਯੋਗਿਕ ਕ੍ਰਾਂਤੀ ਨੇ ਪੈਦਾ ਕੀਤਾ, ਅੱਜ ਉਹ ਆਰਥਕ ਮਾਡਲ ਪੂਰੀ ਤਰ੍ਹਾਂ ਨਾਲ ਤਬਾਹ ਹੋ ਚੁੱਕਾ ਹੈ। ਇਕ ਸੰਕਟ 'ਚੋਂ ਨਿਕਲ ਕੇ, ਦੂਜੇ ਸੰਕਟ ਵਿਚ ਤੇ ਫਿਰ ਤੀਜੇ ਸੰਕਟ ਵਿਚ ਫਸ ਕੇ ਉਹ ਆਪਣਾ ਆਚਰਣ ਹੀ ਗਵਾ ਚੁੱਕਾ ਹੈ। ਅੱਜ ਦੇ ਦੌਰ ਵਿਚ ਕੋਈ ਉਦਯੋਗਪਤੀ ਵੀ ਨਹੀਂ ਮੰਨੇਗਾ ਕਿ ਅਸੀਂ ਉਦਯੋਗਿਕ ਯੁੱਗ ਵਿਚ ਰਹਿ ਰਹੇ ਹਾਂ। ਦਰਅਸਲ, ਅਸੀਂ ਪੋਸਟ ਇੰਡਸਟ੍ਰੀਅਲ ਸੰਸਾਰ ਵਿਚ ਰਹਿ ਰਹੇ ਹਾਂ।

ਹੱਥ 'ਤੇ ਹੱਥ ਰੱਖ ਕੇ ਨਾ ਬੈਠੋ। ਸਿਆਸੀ ਬਦਲ ਏਹੀ ਹੈ ਕਿ ਇਸ ਦੇਸ਼ ਦੇ ਲੋਕਾਂ ਦਾ ਪੇਟ ਭਰੇ ਤੇ ਆਜ਼ਾਦੀ ਨਾਲ ਉਹ ਰਹਿ ਸਕਣ। ਆਜ਼ਾਦੀ ਨਾਲ ਉਹ ਕੁਝ ਵੇਖ ਸਕਣ। ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਉਸ ਬਦਲ ਰਹੇ ਜ਼ਮਾਨੇ ਨੂੰ ਸਮਝੋ, ਕਰਾਂਤੀ ਦੀ ਸੰਭਾਵਨਾ ਇਸ ਦੌਰ ਵਿਚ ਬਹੁਤ ਹੈ। ਇਨ੍ਹਾਂ ਪਲਾਂ ਨੂੰ ਸਾਂਭਣ ਦੀ ਲੋੜ ਹੈ। ਸਮਾਂ ਬਦਲੇਗਾ ਤੇ ਇਸ ਵਿਚ ਅਸੀਂ ਜ਼ਰੂਰ ਜਿੱਤਾਂਗੇ। 'ਗੇਂਦ' ਬਹੁਤ ਤੇਜ਼ੀ ਨਾਲ ਤੁਹਾਡੇ ਵੱਲ ਆ ਰਹੀ ਹੈ ਤੇ ਆਪਣੇ 'ਬੱਲੇ' ਨਾਲ ਇਸ 'ਤੇ ਜ਼ੋਰ ਨਾਲ ਹਿੱਟ ਮਾਰੋ ਤੇ 'ਗੇਂਦ' ਨਿਸ਼ਚੇ ਹੀ ਬਾਉਂਡਰੀ ਤੋਂ ਬਾਹਰ ਜਾਵੇਗੀ।

ਇਹ ਮੰਨ ਕੇ ਚੱਲੋ ਕਿ ਵੱਡੇ ਪੱਧਰ 'ਤੇ ਉਦਪਾਦਨ ਦਾ ਦੌਰ ਚਲਾ ਗਿਆ ਹੈ। ਸਮਾਜ ਦੇ ਸਰਵਾਈਵਲ ਲਈ ਹੀ ਛੋਟੇ ਪੱਧਰ 'ਤੇ ਉਤਪਾਦਨ ਦੀ ਲੋੜ ਹੈ। ਪੰਜਾਬ ਦੇ ਲੋਕਾਂ ਨੂੰ, ਬਿਹਾਰ ਦੇ ਲੋਕਾਂ ਲਈ ਚਾਵਲ ਪੈਦਾ ਕਰਨ ਦੀ ਕੋਈ ਲੋੜ ਨਹੀਂ ਹੈ, ਬਿਹਾਰ ਦੇ ਲੋਕ ਖੁਦ ਆਪਣੀ ਜ਼ਰੂਰਤ ਜੋਗੇ ਚਾਵਲ ਪੈਦਾ ਕਰ ਲੈਣਗੇ। ਦੂਜਾ ਉਹ ਫਾਇਨਾਂਸ ਦੇ ਸੰਕਟ ਵਿਚ ਫਸ ਗਿਆ ਹੈ। ਉਹ ਲਾਗਤ ਨੂੰ ਹੀ ਕੰਟਰੋਲ ਨਹੀਂ ਕਰ ਪਾ ਰਿਹਾ। ਜਿਹੜੀ ਵਸਤੂ ਐਪਲ ਪੰਜਾਹ ਹਜ਼ਾਰ ਵਿਚ ਦੇ ਰਿਹਾ ਹੈ, ਉਹ ਪੰਜ ਹਜ਼ਾਰ ਵਿਚ ਮਿਲ ਰਹੀ ਹੈ। ਜੇਕਰ ਉਹ ਮੌਜੂਦਾ ਕਲਾਸ ਨੂੰ ਆਪਣਾ ਖਪਤਕਾਰ ਬਣਾਉਂਦਾ ਹੈ, ਦੂਜੇ ਲਈ ਮਾਰਕੀਟ ਬਣੀ ਰਹੇਗੀ, ਜਿਸ ਨੂੰ ਉਹ ਕੰਟਰੋਲ ਨਹੀਂ ਕਰ ਰਿਹਾ ਹੈ। ਖਪਤਕਾਰ ਖ਼ੁਦ ਹੀ ਉਤਪਾਦਕ ਬਣ ਰਿਹਾ ਹੈ। ਅਜੇ ਇਸ ਦਾ ਏਕਾਧਿਕਾਰ ਦੋ ਚੀਜ਼ਾਂ ਨਾਲ ਕੰਟਰੋਲ ਕੀਤਾ ਜਾਂਦਾ ਹੈ। ਇਕ ਹੈ ਊਰਜਾ, ਦੂਜੀ ਹੈ ਸਪਲਾਈ ਦੀ ਚੇਨ। ਊਰਜਾ ਦੀ ਗੱਲ ਇਹ ਹੈ ਕਿ ਜੇਕਰ ਗਰਿੱਡ ਵਿਚ ਬਿਜਲੀ ਪੈਦਾ ਨਹੀਂ ਹੋਵੇਗੀ ਤਾਂ ਸੋਲਰ ਐਨਰਜੀ ਆਵੇਗੀ। ਊਰਜਾ ਦੇ ਏਕਾਧਿਕਾਰ 'ਤੇ ਦੁਨੀਆ ਦੀ ਵੱਡੀ ਜੰਗ ਚੱਲ ਰਹੀ ਹੈ। ਉਸ ਵੱਡੀ ਊਰਜਾ ਦਾ ਹੀ ਹਿੱਸਾ ਹੈ ਕਿ ਭਾਰਤ ਤੈਅ ਨਹੀਂ ਕਰ ਪਾ ਰਿਹਾ ਕਿ ਅਸੀਂ ਕਿਸ ਧਿਰ ਵੱਲ ਖੜ੍ਹੇ ਹਾਂ।

ਹੁਣ ਮੈਂ ਸਿਆਸੀ ਬਦਲ 'ਤੇ ਆਉਣਾ ਚਾਹੁੰਦਾ ਹਾਂ। ਇਹ ਕਦੇ ਨਾ ਸੋਚੋ ਕਿ ਮੋਦੀ ਜੀ (ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਭਾਸ਼ਣ ਦੇ ਕੇ ਚੋਣਾਂ ਜਿੱਤ ਗਏ ਹਨ। ਭਾਸ਼ਣ ਦੇਣ ਵਾਲੇ ਲੋਕਾਂ ਦੀ ਕੀ ਘਾਟ ਹੈ ? ਅਮਿਤਾਬ ਬਚਨ ਵੇਖ ਲਓ ਕਿੰਨਾ ਚੰਗਾ ਭਾਸ਼ਣ ਕਰਦੇ ਹਨ। ਕੀ ਤੁਸੀਂ ਉਸ ਨੂੰ ਪ੍ਰਧਾਨ ਮੰਤਰੀ ਬਣਾ ਦੇਵੋਗੇ ? ਨਹੀਂ ਜਨਾਬ; ਓਪੀਨੀਅਨ ਨੂੰ ਮੈਨੂਪਲੇਟ ਕਰਕੇ ਕਿਵੇਂ ਪੇਸ਼ ਕੀਤਾ ਗਿਆ, ਏਆਈ. ਦੀ ਵਰਤੋਂ ਕਰਕੇ, ਡੈਟਾ ਨੂੰ ਫਰੈਕਚਰ ਕਰਕੇ, ਕਿਸ ਤਰ੍ਹਾਂ ਓਪੀਨੀਅਨ ਨੂੰ ਫਰੈਕਚਰ ਕੀਤਾ ਗਿਆ। ਕਿਸ ਤਰ੍ਹਾਂ ਧਾਰਨਾ ਨੂੰ ਸਥਾਪਤ ਕਰਕੇ ਅਸਲੀਅਤ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ। ਇਹ ਜਦੋਂ ਹੋ ਗਿਆ ਤਾਂ ਪਤਾ ਚੱਲਿਆ। ਇਹ ਕਿਵੇਂ ਹੋਇਆ ਕਿ ਮਨਮੋਹਨ ਸਿੰਘ (ਸਾਬਕਾ ਪ੍ਰਧਾਨ ਮੰਤਰੀ) ਮਾੜੇ ਹੋ ਗਏ ਤੇ ਮੋਦੀ ਜੀ ਚੰਗੇ ਬਣ ਗਏ। ਕੀ ਹੋਇਆ ਕਿ ਮਨਮੋਹਨ ਸਿੰਘ ਮਾੜੇ ਬਣ ਗਏ ? ਇਕ ਸਟੇਜ ਤੋਂ ਬਾਅਦ ਕਾਂਗਰਸ ਵੈਲਫੇਅਰ ਨੂੰ ਛੱਡ ਨਹੀਂ ਸਕਦੀ ਸੀ। ਉਸ ਵਿਚ ਬਹੁਤ ਪਾਪ ਹਨ, ਮੈਂ ਉਸ ਨੂੰ ਡਿਫੈਂਡ ਨਹੀਂ ਕਰਨ ਜਾ ਰਿਹਾ। ਫੇਰ ਜਿਸ ਵਿਰਾਸਤ ਕਾਰਨ ਕਾਂਗਰਸ ਅੱਜ ਜੋ ਹੈ, ਉਸ ਦਾ ਕੀ ਕਰਾਂਗੇ। ਗਾਂਧੀ ਨੂੰ ਮਾਰਨ ਦਾ ਦੋਸ਼ ਸੱਜੇ ਪੱਖੀਆਂ ਉੱਤੇ ਹੈ ਅਤੇ ਗਾਂਧੀ ਨੂੰ ਜਿਉਂਦਾ ਨਾ ਰੱਖਣ ਦਾ ਦੋਸ਼ ਕਾਂਗਰਸ ਉੱਤੇ ਹੈ। ਵਿਖਾਉਣ ਲਈ ਵੀ ਜੇਕਰ ਗਾਂਧੀ ਨੂੰ ਜਿਉਂਦਾ ਰੱਖਣਾ ਹੈ ਤਾਂ ਤੁਸੀਂ ਵੈਲਫੇਅਰਇਜ਼ਮ ਨੂੰ ਕਿਵੇਂ ਡਿਪਾਰਚਰ ਕਰ ਸਕਦੇ ਹੋ ? ਜੋ ਆਜ਼ਾਦੀ ਸੰਗਰਾਮ ਦੀ ਵਿਰਾਸਤ ਹੈ, ਉਸ ਨੂੰ ਕਿਵੇਂ ਪਾਰ ਕਰ ਸਕਦੇ ਹੋ ? ਇਸ ਲਈ ਦੇਰ ਨਾਲ ਹੀ ਸਹੀ, ਮਨਮੋਹਨ ਸਿੰਘ ਨੇ ਸਿੱਖਾਂ ਤੋਂ ਮਾਫੀ ਮੰਗ ਲਈ ਹੈ, ਮੋਦੀ ਜੀ ਮੁਸਲਮਾਨਾਂ ਤੋਂ ਕਦੀ ਵੀ ਮਾਫ਼ੀ ਨਹੀਂ ਮੰਗਣਗੇ।

ਜਦੋਂ ਅੰਨਾ ਹਜ਼ਾਰੇ ਦਾ ਅੰਦੋਲਨ ਹੋਇਆ ਸੀ ਤਾਂ ਲੋਕ ਕਹਿਣ ਲੱਗੇ ਸੀ ਕਿ ਜੇਪੀ. (ਜੈ ਪ੍ਰਕਾਸ਼ ਨਾਰਾਇਣ) ਦਾ ਦੂਜਾ ਅੰਦੋਲਨ ਹੋ ਰਿਹਾ ਹੈ। ਜੇਪੀ. ਦੇ ਪਹਿਲੇ ਅੰਦੋਲਨ ਨਾਲ ਹੀ ਨਵ-ਉਦਾਰਵਾਦ ਦੀ ਸ਼ੁਰੂਆਤ ਹੋਈ ਸੀ, ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਮਾਰਕੀਟ ਇਕਾਨਮੀ ਦੀ ਡਾਇਵਰਸਿਟੀ ਖਤਮ ਕਰ ਰਹੀ ਹੈ। ਇਹ ਖੱਪਾ ਕਿਵੇਂ ਪੂਰਾ ਹੋ ਸਕੇਗਾ ਕਿ ਜਦੋਂ ਮੰਗ ਤੇ ਸਪਲਾਈ ਦਾ ਵਿਵਾਦ ਪੈਦਾ ਹੋ ਗਿਆ। ਪੰਜਾਬ ਵਿਚ ਵੀ ਕੋਕਾ ਕੋਲਾ ਪੀਂਦੇ ਹਨ, ਸਾਡੇ ਬਿਹਾਰ ਵਿਚ ਵੀ ਪੀਂਦੇ ਹਨ। ਬਿਹਾਰ ਵਿਚ ਲੋਕਾਂ ਨੇ ਸੱਤੂ ਪੀਣੇ ਬੰਦ ਕਰ ਦਿੱਤੇ ਤੇ ਪੰਜਾਬ ਵਿਚ ਲੱਸੀ ਪੀਣੀ ਬੰਦ ਕਰ ਦੇਣਗੇ। ਕੀ ਹੁੰਦਾ ਹੈ ਕਿ ਮਾਰਕੀਟ ਜਦੋਂ ਪ੍ਰੋਡਕਟ ਦੀ ਡਾਇਵਰਸਿਟੀ ਦੀ ਮਨੋਪਲੀ ਨੂੰ ਮਾਰ ਦੇਵੇਗਾ ਤਾਂ ਕੀ ਟੀਵੀ. ਸਟੂਡੀਓ ਦੀ ਡਾਇਵਰਸਿਟੀ ਰਹਿ ਜਾਵੇਗੀ ਜੋ ਪ੍ਰਚਾਰਿਆ ਜਾਵੇਗਾ। ਤੁਸੀਂ ਟੀਵੀ. ਦੇ ਸੀਰੀਅਲ ਤਾਂ ਵੇਖਦੇ ਹੋਵੋਗੇ, ਉਸ ਵਿਚ ਐਡ ਵੀ ਨਾਲ ਨਾਲ ਚੱਲਦੀ ਹੈ। ਏਥੇ ਤੁਹਾਡਾ ਮਨੋਰੰਜਨ ਮੂਲ ਗੱਲ ਨਹੀਂ ਬਲਕਿ ਐਡ ਮੂਲ ਹੈ। ਬਸ ਉਹੀ ਬਾਜ਼ਾਰ ਦੀ ਮੂਲ ਗੱਲ ਹੈ। ਜੇ ਟੀਵੀ. ਸਟੂਡੀਓ ਦੀ ਡਾਇਵਰਸਿਟੀ ਖਤਮ ਹੋ ਜਾਵੇ ਤਾਂ ਜਮਹੂਰੀਅਤ ਦੀ ਵਿਭਿੰਨਤਾ ਕਿਸ ਆਧਾਰ 'ਤੇ ਰਹੇਗੀ ? ਹੁਣ ਹਾਲਾਤ ਇਹ ਹਨ ਕਿ ਸਾਰੀ ਛੋਟੀ ਵੱਡੀ ਇੰਡਸਟ੍ਰੀ ਬੰਦ ਕਰੋ ਤੇ ਸਾਰੀ ਮਾਰਕੀਟ ਕੁਝ ਵਿਦੇਸ਼ਾਂ ਦੇ ਹੱਥਾਂ ਵਿਚ ਦੇਵੋ ਤੇ ਬਦਲੇ 'ਚ ਮੋਟਾ ਚੰਦਾ ਲਓ ਤੇ ਚੋਣਾਂ ਜਿੱਤੋ। ਇਹ ਹੈ ਨੈਕਸਿਸ। ਇਸ ਨੈਕਸਿਸ ਨੂੰ ਜੇਕਰ ਅਸੀਂ ਪਛਾਣ ਨਹੀਂ ਰਹੇ ਹਾਂ ਤਾਂ ਲੜਾਂਗੇ ਕਿਵੇਂ ? ਪਹਿਲੀ ਗੱਲ ਕਿ ਤੁਸੀਂ ਸ਼ੁੱਧਤਾਵਾਦ ਤੋਂ ਬਾਹਰ ਆ ਜਾਓ। ਇਹ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕਦਾ। ਤੁਸੀਂ ਇਹ ਪਛਾਣ ਕਰੋ ਕਿ ਸਹਿਮਤੀ ਦੇ ਕਿਹੜੇ ਬਿੰਦੂ ਹੋ ਸਕਦੇ ਹਨ। ਦੂਜੀ ਗੱਲ ਅੱਜ ਦੀ ਜੋ ਗਠਜੋੜ ਸਿਆਸਤ ਹੈ, ਇਹਦੇ ਲਈ ਨਿੱਜਤਾ ਦੇ ਅਧਿਕਾਰ ਨੂੰ ਮੋਕਲਾ ਕਰਕੇ ਗੱਲ ਅੱਗੇ ਵਧਾਉਣੀ ਪਵੇਗੀ। ਇਹ ਡਿਵਾਇਨ ਥਿਊਰੀ ਹੈ ਕਿ ਬਈ ਇਕ ਸਟੇਟ ਹੈ, ਇਕ ਰਾਜਾ ਹੈ, ਉਸ ਰਾਜੇ ਤੋਂ ਬਾਅਦ ਉਸ ਦਾ ਪੁੱਤ ਰਾਜਾ ਹੋਵੇਗਾ। ਇਹ ਡਿਵਾਇਨ ਥਿਊਰੀ ਹੈ। ਦੂਜੀ ਹੈ ਕਿ ਨਹੀਂ ਸਟੇਟ ਇਕ ਸੋਸ਼ਲ ਕੰਟਰੈਕਟ ਹੈ। ਇਨਡਿਵਿਜੂਅਲ ਆਪਣੇ ਰਾਇਟ ਨੂੰ ਸਟੇਟ ਨਾਲ ਕੰਪਰੋਮਾਇਜ਼ ਕਰਦਾ ਹੈ। ਸਟੇਟ ਆਪਣੇ ਰਾਇਟ ਨੂੰ ਇਨਡਿਵਿਜੂਅਲ ਨਾਲ ਕੰਪਰੋਮਾਇਜ਼ ਨਹੀਂ ਕਰਦੀ। ਅੱਜ ਉਹ ਦੌਰ ਹੈ ਕਿ ਇਨਡਿਵਿਜੂਅਲ ਦੇ ਰਾਇਟ ਬੇਸਡ ਮੂਵਮੈਂਟ ਹੋਣਗੇ। ਜਦੋਂ ਰਾਇਟ ਬੇਸਡ ਮੂਵਮੈਂਟ ਹੋਵੇਗੀ ਤਾਂ ਸਭ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਨੂੰ ਬਦਲਣਾ ਪਵੇਗਾ। ਕਿਉਂ ਬਈ ਅਸੀਂ ਪ੍ਰਗਤੀਸ਼ੀਲ ਲੇਖਕ ਸੰਘ ਵਾਲੇ ਹਾਂ, ਤੂੰ ਜਨਵਾਦੀ ਲੇਖਕ ਸੰਘ ਦੇ ਸਮਾਗਮ ਵਿਚ ਕਿਵੇਂ ਗਿਆ ? ਇਥੇ ਇਨਡਿਵਿਜੂਅਲ ਦੇ ਅਧਿਕਾਰ ਨੂੰ ਵਧਾਉਣ ਦੀ ਲੜਾਈ ਹੈ। ਕਿਉਂਕਿ ਅਸੀਂ ਪੋਸਟ ਇੰਡਸਟ੍ਰੀਅਲ ਟਾਈਮ ਵਿਚ ਹਾਂ। ਉਦਯੋਗਿਕ ਕਰਾਂਤੀ ਦੌਰ ਦਾ ਜਿਹੜਾ ਕੁਲੈਕਟਿਵ ਆਈਡੀਆ ਸੀ, ਉਹ ਬਦਲ ਗਿਆ ਹੈ। ਇਥੇ ਇਨਡਿਵਿਜੂਅਲ ਦੇ ਰਾਇਟ ਨੂੰ ਸਵੀਕਾਰਦੇ ਹੋਏ ਇਕ ਕੁਲੈਕਟਿਵ ਫੋਰਮ ਦੀ ਲੋੜ ਹੋਵੇਗੀ। ਸਾਰੀਆਂ ਪਾਰਟੀਆਂ ਦੇ ਸਟਰੱਕਚਰ ਨੂੰ ਥੋੜ੍ਹਾ ਬਦਲਣਾ ਪਵੇਗਾ। ਨਿੱਜੀ ਲੋਕਾਂ ਦੇ ਅਧਿਕਾਰ ਨੂੰ ਰਾਜਨੀਤਕ ਲੜਾਈ ਵਿਚ ਕਿਵੇਂ ਬਦਲਣਾ ਹੈ ? ਉਸ ਸਿਆਸੀ ਢਾਂਚੇ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਪਵੇਗੀ। ਤੇ ਤੀਜਾ ਜਦੋਂ ਉਹ ਜਥੇਬੰਦਕ ਫੋਰਮ ਹੋਵੇਗੀ ਤਾਂ ਤੁਸੀਂ ਸਮਾਜ ਲਈ ਕੰਮ ਕਿਵੇਂ ਕਰੋਗੇ ? ਲਾਰਜ ਸਕੇਲ ਪ੍ਰੋਡਕਸ਼ਨ ਦਾ ਦੌਰ ਬਦਲ ਗਿਆ ਹੈ। ਸਮਾਲ ਸਕੇਲ ਮਾਰਕੀਟ ਨੂੰ ਉਤਸ਼ਾਹ ਕਿਵੇਂ ਕਰਨਾ ਹੈ ? ਲੋਕਲ ਕੱਚਾ ਮਾਲ, ਲੋਕਲ ਖਪਤ ਪ੍ਰੋਡਕਸ਼ਨ। ਇਹ ਹੋ ਰਿਹਾ ਹੈ। ਲਾਰਜ ਸਕੇਲ ਪ੍ਰੋਡਕਸ਼ਨ ਤੇ ਇਹ ਆਡੀਆ ਆਫ਼ ਗਲੋਬਲਾਈਜੇਸ਼ਨ ਖੁਦ ਹੀ ਆਪਣੀ ਕੰਟਰਾਡਿਕਸ਼ਨ ਵਿਚ ਫਸ ਗਿਆ ਹੈ। ਓਬਾਮਾ (ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ) ਦੀ ਕੰਟਰਾਡਿਕਸ਼ਨ ਨੇ ਮੌਜੂਦਾ ਰਾਸ਼ਟਰਪਤ ਡੋਨਲਡ ਟਰੰਪ ਨੂੰ ਪੈਦਾ ਕੀਤਾ ਤੇ ਮਨਮੋਹਨ ਦੀ ਕੰਟਰਾਡਿਕਸ਼ਨ ਨੇ ਮੋਦੀ ਨੂੰ ਪੈਦਾ ਕੀਤਾ, ਇਹ ਸੱਚ ਹੈ।

ਨਵੇਂ ਟੂਲ ਦੀ ਵਰਤੋਂ ਕਰਕੇ, ਜਿਵੇਂ ਚੀਨ ਕਰ ਰਿਹਾ ਹੈ, ਜੋ ਲੋਕਲ ਮਾਰਕੀਟ ਹੈ, ਉਸ 'ਚ ਲੋਕਲ ਪ੍ਰੋਡਕਸ਼ਨ ਹੋਵੇ; ਲੋਕਲ ਸਪਲਾਈ ਹੋਵੇ। ਜਦੋਂ ਅਸੀਂ ਆਪਣੀ ਆਰਥਕ ਸਮੱਸਿਆ ਨੂੰ ਹੱਲ ਕਰ ਲਵਾਂਗੇ ਫਿਰ ਵੇਖਾਂਗਾ ਕਿ ਕੀ ਕਰਨਾ ਹੈ ? ਸਾਡੇ ਪੈਸਟੀਸਾਇਡ ਨਾਲ ਤਿਆਰ ਕੀਤਾ ਹੋਇਆ ਫ਼ਲ ਤੇ ਅੰਨ ਨਹੀਂ ਬਲਕਿ ਔਰਗੈਨਿਕ ਤਰੀਕੇ ਨਾਲ ਤਿਆਰ ਕੀਤਾ ਹੋਇਆ ਅੰਨ ਤੇ ਫ਼ਲ ਹੋਵੇ। ਇਹ ਜੋ ਨਵੇਂ ਟੂਲਜ਼ ਹਨ, ਉਸ ਦੀ ਵਰਤੋਂ ਕਰੋ। ਸਾਡੇ ਜੋ ਅੰਤਰਰਾਸ਼ਟਰੀ ਉਤਪਾਦਨ ਹਨ, ਉਨ੍ਹਾਂ ਨੂੰ ਇੰਟਰਨੈਸ਼ਨਲ ਸਟੈਂਡਰਡ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇੰਡੀਆ ਦੀ ਪੱਤੀ, ਇੰਡੀਆ ਦੀ ਲੀਚੀ; ਸਾਰੇ ਫੇਲ੍ਹ ਹਨ। ਕੋਕਾ ਕੋਲਾ ਏਥੇ ਵੀ ਪੀ ਲਓ ਤੇ ਕਨੇਡਾ, ਅਮਰੀਕਾ ਵੀ ਪੀ ਲਓ। ਤੁਹਾਨੂੰ ਸਵਾਦ ਦਾ ਪਤਾ ਲੱਗ ਜਾਵੇਗਾ। ਸਮਾਲ ਸਕੇਲ ਤੇ ਮੀਡੀਅਮ ਸਕੇਲ ਦੀ ਇੰਡਸਟ੍ਰੀ ਨੂੰ ਡਿਵੈਲਪ ਕੀਤੇ ਬਿਨਾਂ ਅਸੀਂ ਆਰਥਕ ਸੰਕਟ 'ਚੋਂ ਬਾਹਰ ਨਹੀਂ ਆ ਸਕਦੇ।

ਅੱਜ ਦੇ ਦੌਰ ਵਿਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਇਸ ਵਿਚ ਵਿਅਕਤੀ ਦੇ ਜੋ ਨਿੱਜੀ ਅਧਿਕਾਰ ਹਨ, ਉਨ੍ਹਾਂ ਨੂੰ ਸਵੀਕਾਰਦੇ ਹੋਏ ਇਕ ਸਹਿਮਤੀ ਬਣਾਉਣੀ ਪਵੇਗੀ। ਅੱਜ ਦੇ ਦੌਰ ਵਿਚ ਰਾਜਨੀਤੀ ਵਿਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਬੇਸ਼ੱਕ ਆਰਥਕ ਸਮੱਸਿਆ ਨੂੰ ਹੱਲ ਕਰਦੇ ਹੋ, ਭਾਰਤ ਦੇ ਸੰਵਿਧਾਨ ਵਿਚਲੀਆਂ ਗੱਲਾਂ ਨੂੰ ਲਾਗੂ ਕਰਨਾ ਹੀ ਬਦਲਵੀਂ ਸਿਆਸਤ ਦਾ ਫਿਨੋਮੀਨਾ ਹੈ। ਅਸੀਂ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਲਾਗੂ ਕਰਕੇ ਇਕ ਬੇਹਤਰ ਭਾਰਤ ਬਣਾ ਸਕੀਏ। ਸਭ ਤੋਂ ਪਹਿਲਾਂ ਤਾਂ ਇਕ ਖੁੱਲ੍ਹੀ ਬਹਿਸ ਸ਼ੁਰੂ ਕਰਨ ਦੀ ਲੋੜ ਹੈ। ਅਸੀਂ ਕਿਸੇ ਨਾਲ ਕਿੰਨੇ ਵੀ ਅਸਹਿਮਤ ਹੋਈਏ, ਅਸੀਂ ਤੁਹਾਡੀ ਅਸਹਿਮਤੀ ਦੇ ਅਧਿਕਾਰ ਦੇ ਨਾਲ ਖੜ੍ਹੇ ਹਾਂ। ਜੇਕਰ ਕੁਝ ਵੀ ਸਮਝ ਨਹੀਂ ਆ ਰਿਹਾ ਤਾਂ ਚੌਕ ਵਿਚ ਖੜ੍ਹੇ ਹੋ ਕੇ ਰੋਣਾ ਸ਼ੁਰੂ ਕਰ ਦਿਓ; ਜੇ ਕੋਈ ਪੁੱਛੇ ਤਾਂ ਕਹੋ ਕਿ ਮੇਰਾ ਦੇਸ਼ ਖਤਰੇ ਵਿਚ ਹੈ। ਕੋਈ ਪੁੱਛਣ ਹੀ ਨਹੀਂ ਆਉਂਦਾ, ਜਦੋਂ ਤੱਕ ਅਸੀਂ ਰੋਂਦੇ ਨਹੀਂ। ਪਰ ਸੰਵਾਦ ਸ਼ੁਰੂ ਕਰੋ। ਲੇਖਕ ਹੋ ਤਾਂ ਲਿਖੋ। ਨਾਟਕ ਕਰ ਸਕਦੇ ਹੋ ਤਾਂ ਨਾਟਕ ਕਰੋ। ਬੋਲ ਸਕਦੇ ਹੋ ਤਾਂ ਭਾਸ਼ਣ ਦੇਵੋ। ਜੇ ਕੁਝ ਵੀ ਸਮਝ ਨਹੀਂ ਆ ਰਿਹਾ ਤੇ ਜੋ ਲੇਖਕ ਨੇ ਕੁਝ ਲਿਖਿਆ ਹੈ, ਉਸ ਦੀਆਂ ਪੰਜ ਦਸ ਕਾਪੀਆਂ ਫੋਟੋ ਸਟੇਟ ਕਰਕੇ ਵੰਡ ਦਿਓ। ਹੱਥ 'ਤੇ ਹੱਥ ਰੱਖ ਕੇ ਨਾ ਬੈਠੋ। ਸਿਆਸੀ ਬਦਲ ਏਹੀ ਹੈ ਕਿ ਇਸ ਦੇਸ਼ ਦੇ ਲੋਕਾਂ ਦਾ ਪੇਟ ਭਰੇ ਤੇ ਆਜ਼ਾਦੀ ਨਾਲ ਉਹ ਰਹਿ ਸਕਣ। ਆਜ਼ਾਦੀ ਨਾਲ ਉਹ ਕੁਝ ਵੇਖ ਸਕਣ। ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਉਸ ਬਦਲ ਰਹੇ ਜ਼ਮਾਨੇ ਨੂੰ ਸਮਝੋ, ਕਰਾਂਤੀ ਦੀ ਸੰਭਾਵਨਾ ਇਸ ਦੌਰ ਵਿਚ ਬਹੁਤ ਹੈ। ਇਨ੍ਹਾਂ ਪਲਾਂ ਨੂੰ ਸਾਂਭਣ ਦੀ ਲੋੜ ਹੈ। ਸਮਾਂ ਬਦਲੇਗਾ ਤੇ ਇਸ ਵਿਚ ਅਸੀਂ ਜ਼ਰੂਰ ਜਿੱਤਾਂਗੇ। 'ਗੇਂਦ' ਬਹੁਤ ਤੇਜ਼ੀ ਨਾਲ ਤੁਹਾਡੇ ਵੱਲ ਆ ਰਹੀ ਹੈ ਤੇ ਆਪਣੇ 'ਬੱਲੇ' ਨਾਲ ਇਸ 'ਤੇ ਜ਼ੋਰ ਨਾਲ ਹਿੱਟ ਮਾਰੋ ਤੇ 'ਗੇਂਦ' ਨਿਸ਼ਚੇ ਹੀ ਬਾਉਂਡਰੀ ਤੋਂ ਬਾਹਰ ਜਾਵੇਗੀ।



# SIKH GURDWARA OF LOS ANGELES LANKERSHIM

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨਾਂ ਦੇਸ ਦੀ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ॥

ਗੁਰੂ ਪਿਆਰੀ ਸਾਧ-ਸੰਗਤ ਜੀ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ

## ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਜੀ ਦਾ 123ਵਾਂ ਜਨਮ ਦਿਹਾੜਾ

ਗੁਰਦੁਆਰਾ ਲੈਕਰਸਿਮ ਵਿਖੇ ਮਨਾਇਆ ਜਾ ਰਿਹਾ ਹੈ।



Saheed Kartar Singh Sarabha Ji
(May 24, 1896 to November 16, 1915)

**MAY 19, 2019 (SUNDAY)**
ਸਮਾਂ 9am ਵਜੇ ਤੋਂ 2pm ਵਜੇ ਤੱਕ

**MAY 17, 18, 2019**
**(FRIDAY, SATURDAY)**
ਸਮਾਂ 6pm ਵਜੇ ਤੋਂ 9.pm ਵਜੇ ਤੱਕ

**ARAMBH SHRI AKHAND PATH SAHIB JI**
FRIDAY, 17TH MAY 2019, 10 AM
**BHOG SHRI AKHAND PATH SAHIB JI**
SUNDAY, 19TH MAY 2019, 10 AM



Dhadi Jatha:-
Bhai Fauja Singh Sagar Ji

**KATHA & KIRTAN WILL BE PERFORMED BY:**
BHAI JATINDER SINGH JI JOT
BABA SURJEET SINGH JI

**CHHOLE BHATURE SEWA BY:**
**SIKH WELFARE ORGANIZATION**
SHAHEED KARTAR SINGH MEMORIAL SOCIETY INC.

**FOR MORE INFORMATION TO CONTACT :-**
BALDEV SINGH SARABHA : 818-456-6338
JATINDER SINGH SARABHA : 818-632-0701

AT: SIKH GURDWARA OF LOS ANGELES
7640 LANKERSHIM BLVD. NORTH HOLLYWOOD, CA 91605
818-765-9399, 818-423-8000

ਸਹਿਯੋਗੀ ਸੱਜਣ:

| | | | |
|---|---|---|---|
| Mukhtiar S. Kamboj | Gurcharan S. Bains | Dr. Jaswant S. Dhillon | Daljit S. Khangura |
| Manjit S. Pandher | Parshotam S. Kamboj | Dharminder S. Grewal | Jagdish S. Khangura |
| Ravi Grewal | Ranjit S. Kamboj | Baldev S. Grewal | Iqbal S. Samra |
| Kuldeep S. Brar | Satgurjit S. Pawar | Jatinder S. Grewal | Jagtar S. Samra |
| Harjit S. Saini | Darshan S. Bhinder | Jasminder S. Grewal | Pardeep Singh |
| Karmjit S. Rathaure | Gurdas S. Kehal | Japjit S. Grewal | Ranjit Singh |
| Harminder S. Grewal | Ajit S. Thind | Jagdish S. Rai | Baljinder S. Grewal |
| Charnjit S. Deol | Milkha S. Sidhu | Gurdev S. Dhillon | Goga S Garewal |



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।



**ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।**

### ਬੇਨਤੀ ਕਰਤਾ:

ਗੁਰਦੁਆਰਾ ਸਾਹਿਬ ਫਰੀਮਾਂਟ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ ਐਲ ਸਬਰਾਂਟੇ
ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
ਸਿੱਖ ਟੈਂਪਲ ਮੋਡੈਸਟੋ
ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
ਗੁਰਦੁਆਰਾ ਸਾਹਿਬ ਸੈਲਮਾ
ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
ਸਿੱਖ ਟੈਂਪਲ ਲੋਡਾਈ
ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
ਗੁਰਦੁਆਰਾ ਸਾਹਿਬ ਟਰਲਕ
ਗੁਰਦੁਆਰਾ ਸਾਹਿਬ ਮਡੇਰਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
ਟ੍ਰੇਨਿੰਗ ਉਪਲਬੱਧ
Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਅਸੀਂ ਬੋਨਸ ਵੀ ਦਿੰਦੇ ਹਾਂ।
ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ... ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

## ਆਪ ਬੀਤੀ-ਜਗ ਬੀਤੀ

# ਡੂੰਘੀ ਚੀਸ

## ਵੀਰ ਵਿਛੋੜਾ ਕਹਿਰ ਵਿਛੋੜਾ




ਇਹ ਵਾਰਤਾ ਲਿਖਣ ਦੇ ਮੇਰੇ ਦੋ ਮਕਸਦ ਹਨ। ਪਹਿਲਾ ਲਿਖਣ ਨਾਲ ਸ਼ਾਇਦ ਮੇਰੇ ਦਿਲ ਦਾ ਦਰਦ ਹਲਕਾ ਹੋ ਜਾਵੇ, ਦੂਜਾ ਇਹ ਕਿ ਕਿਵੇਂ ਬੇਦਰਦ ਬਣ ਕੇ ਲੋਕ ਕਹਿ ਦਿੰਦੇ ਨੇ "ਛੱਡੋ ਮਰਿਆਂ ਨੂੰ ਯਾਦ ਨਹੀਂ ਕਰੀਦਾ ਜਾਂ ਵਿਛੜ ਗਿਆਂ ਦੀਆਂ ਗੱਲਾਂ ਨਹੀਂ ਕਰੀਦੀਆਂ।" ਇਕ ਭੈਣ ਲਈ ਕਿੰਨਾ ਔਖਾ ਹੈ ਹੱਥੀਂ ਪਾਲੇ ਨਿੱਕੇ ਵੀਰ ਦਾ ਤੁਰ ਜਾਣਾ। ਜਿਸ ਭੈਣ ਨੇ ਆਪਣੀ ਗੋਦੀ ਖਿਡਾ ਕੇ ਵੀਰ ਨੂੰ ਵੱਡਾ ਕੀਤਾ ਹੋਵੇ, ਜਿਸ ਭੈਣ ਕੋਲ ਹੋਰ ਕੋਝ ਵੀ ਨਾ ਹੋਵੇ, ਹਰ ਪਾਸਿਓਂ ਖਾਲੀ ਹੋਵੇ, ਸਿਰਫ਼ ਭਰਾ ਨੂੰ ਦੇਖ ਕੇ ਹੀ ਜ਼ਿੰਦਗੀ ਕੱਟ ਰਹੀ ਹੋਵੇ, ਰਹਿੰਦੀ ਜ਼ਿੰਦਗੀ ਹਰ ਪਲ ਆਪਣੇ ਵੀਰ 'ਤੇ ਨਿਸ਼ਾਵਰ ਕਰਨ ਦੀ ਆਸ ਲਾਈ ਬੈਠੀ ਹੋਵੇ, ਉਹੀ ਵੀਰ ਅੱਗੋਂ ਤੁਰ ਜਾਵੇ, ਕਿਵੇਂ ਕੱਟੇ ਜਾ ਰਹੇ ਨੇ ਭੈਣ ਦੇ ਦਿਨ ਇਹ ਓਹ ਹੀ ਜਾਣਦੀ ਹੈ।

ਭਾਵੇਂ ਇਹ ਅਟੱਲ ਸਚਾਈ ਹੈ ਕਿ ਇਸ ਸੰਸਾਰ ਤੋਂ ਤੁਰ ਸਭ ਨੇ ਤੁਰ ਜਾਣਾ ਹੈ, ਜਿਵੇਂ-ਜਿਵੇਂ, ਕਦੋਂ ਕਿਸੇ ਵੇਲੇ ਸੱਦਾ ਆ ਜਾਵੇ। ਤੁਰ ਜਾਣ ਵਾਲਾ ਕਿਵੇਂ ਜਾਣੇ ਕੀ ਹੁੰਦੈ ਉਸ ਨਾਲ ਅੱਗੇ। ਕਿਥੇ ਲੈ ਗਿਆ ਵਾਹਿਗੁਰੂ ? ਨਾ ਹੀ ਅੱਜ ਤੱਕ ਕਿਸੇ ਨੇ ਆ ਕੇ ਦੱਸਿਐ। ਸਭ ਭੁਲੇਖੇ ਜਿਹੇ ਹੀ ਰਹਿ ਜਾਂਦੇ ਨੇ, ਜਾ ਕੇ ਹੀ ਪਤਾ ਲਗਣੈ ਅੱਗੇ ਕੀ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਦੱਸਿਆ ਕਿ ਤੱਤ ਵਿਚ ਤੱਤ ਮਿਲ ਜਾਂਦੇ ਨੇ, ਅੱਗੇ ਸੂਖਮ ਸਰੀਰ ਹੀ ਜਾਣੈ।

ਆਮ ਤੌਰ 'ਤੇ ਸਭ ਇਹੋ ਕਹਿੰਦੇ ਹਨ, "ਭਾਣਾ ਮੰਨ ਲਓ", ਕਹਿ ਦੇਣਾ ਬਹੁਤ ਸੌਖਾ ਹੈ, ਮੰਨਣਾ ਬਹੁਤ ਔਖਾ ਹੈ, ਉਨ੍ਹਾਂ ਲਈ ਜਿਨ੍ਹਾਂ ਦੇ ਪਿਆਰੇ ਬੇਵਕਤੀ ਮੌਤ ਛੋਟੀ ਉਮਰੇ ਦੁਨੀਆ ਤੋਂ ਤੁਰ ਜਾਂਦੇ ਨੇ। ਮੇਰੀ ਸੋਚ ਅਨੁਸਾਰ ਉਹ ਸਾਧੂ ਸੰਤ ਜਿਨ੍ਹਾਂ ਨੂੰ ਧੁਰ ਦਰਗਾਹੋਂ ਹੀ ਇਹ ਉਪਾਧੀ ਮਿਲ ਜਾਂਦੀ ਹੈ, ਅਜਿਹੀਆਂ ਰੂਹਾਂ ਹੀ ਭਾਣਾ ਮੰਨਦੀਆਂ ਹੋਣਗੀਆਂ ਪਰ ਸਾਡੇ ਵਰਗੇ ਆਮ ਬੰਦਿਆਂ ਲਈ ਭਾਣਾ ਮੰਨਣਾ ਬਹੁਤ ਵੱਡੀ ਗੱਲ ਹੈ।

ਇਹ ਵਾਰਤਾ ਮੇਰੀ ਬਦਕਿਸਮਤ ਦੀ ਆਪਣੀ ਸੱਚੀ ਕਹਾਣੀ ਹੈ। ਉਹ ਲੋਕ ਜੋ ਕਹਿ ਦਿੰਦੇ ਨੇ, ਭੁੱਲ ਜਾਓ ਮਰਿਆਂ ਨੂੰ ਯਾਦ ਨਹੀਂ ਕਰੀਦਾ, ਇਹੋ ਜਿਹੇ ਪੱਥਰ ਦਿਲ, ਬੇਦਰਦ ਲੋਕ ਹਨ, ਜਿਨ੍ਹਾਂ ਜ਼ਿੰਦਗੀ ਵਿਚ ਦੁੱਖ ਦੇਖਿਆ ਹੀ ਨਹੀਂ, ਉਹ ਕੀ ਜਾਨਣ ਦੁੱਖਾਂ ਦੀ ਸਾਰ ? ਕਿਵੇਂ ਭੁਲਾਈਏ ਜ਼ਿੰਦਗੀ ਦਾ ਅੱਧਾ ਅਰਸਾ ਜੋ ਨਾਲ ਰਹਿ ਕੇ ਬਿਤਾਇਆ, ਹਰ ਗੱਲ ਸਾਂਝੀ ਸੀ, ਸਾਡੇ ਭੈਣ, ਭਰਾ ਸਾਡੀਆਂ ਬਾਹਾਂ ਹੁੰਦੀਆਂ ਨੇ, ਬਾਹਾਂ ਟੁੱਟ ਜਾਣ, ਬੰਦਾ ਕਿੰਨਾ ਲਾਚਾਰ ਹੋ ਜਾਂਦੈ। ਮਾਪਿਆਂ ਦਾ ਸਿਰ ਤੋਂ ਸਾਇਆ ਉਠ ਜਾਵੇ, ਸਿਰ ਨੰਗਾ ਹੋ ਜਾਂਦੈ, ਚੜ੍ਹਦੀ ਉਮਰੇ ਔਰਤ ਦਾ ਪਤੀ ਦੁਨੀਆ ਤੋਂ ਕੂਚ ਕਰ ਜਾਵੇ, ਕੀ ਕੁਝ ਸਹਿਣਾ ਪੈਂਦੈ, ਕੋਈ ਬੁੱਝ ਨਹੀਂ ਸਕਦਾ, ਜਿਵੇਂ ਕਹਾਵਤ ਹੈ, "ਅੰਦਰ ਬੈਠੀ ਨੂੰ ਚੂਹੇ ਖਾਂਦੇ ਨੇ, ਬਾਹਰ ਨਿਕਲਦੀਆਂ ਤਾਂ ਕਾਂ ਪੈਂਦੇ ਨੇ।"

ਇਨ੍ਹਾਂ ਵਕਤ ਦੇ ਮਾਰਿਆਂ ਵਿਚੋਂ ਇਕ ਬਦਕਿਸਮਤ ਮੈਂ ਵੀ ਹਾਂ ਜੋ ਕੁਦਰਤੀ ਕਰੋਪੀ ਦਾ ਸ਼ਿਕਾਰ ਵਾਰ-ਵਾਰ ਹੁੰਦੀ ਰਹੀ। ਪਤਾ ਨਹੀਂ ਕਿਹੜੇ ਮਾੜੇ ਕਰਮਾਂ ਦਾ ਚੱਕਰ ਹੈ ਕਿ ਜੋ ਵਾਹਿਗੁਰੂ ਨੂੰ ਹਰ ਵਕਤ ਹਾਜ਼ਰ ਨਾਜ਼ਰ ਜਾਣਦੀ 'ਤੇ ਵੀ ਮੌਤ ਦਾ ਦੈਂਤ ਕੁਝ ਅਰਸੇ ਬਾਅਦ ਮੇਰੇ ਪਰਿਵਾਰ ਦੇ ਜੀਆਂ ਨੂੰ ਅਚਾਨਕ ਆ ਕੇ ਨਿਗਲ ਲੈਂਦੈ। ਇਹ ਦਿਲ ਦਾ ਦਰਦ ਨਾਸੂਰ ਬਣ ਕੇ ਹਰ ਵੇਲੇ ਚੁਭਦੈ। ਜ਼ਿੰਦਗੀ ਵਿਚ ਜਿਨ੍ਹਾਂ ਪਿਆਰਿਆਂ ਨਾਲ ਖ਼ੂਨ ਦਾ ਰਿਸ਼ਤਾ ਬਹੁਤ ਗੂੜ੍ਹਾ ਸੀ, ਇਕ ਨਹੀਂ, ਦੋ ਨਹੀਂ, ਸੱਤ ਰੂਹਾਂ ਮੇਰੇ ਪਰਿਵਾਰ ਦੀਆਂ ਵਿਛੜ ਗਈਆਂ। ਜਿਨ੍ਹਾਂ ਜੀਆਂ ਨੂੰ ਮੈਂ ਪਰਦੇਸਾਂ ਦੇ ਚੱਕਰ ਵਿਚ ਆਖਰੀ ਵਿਦਾਇਗੀ ਵੀ ਨਾ ਦੇ ਸਕੀ।

ਕਰੋਪੀ ਸ਼ੁਰੂ ਹੋਈ ਚਾਰ ਦਹਾਕੇ ਪਹਿਲਾਂ ਜਦੋਂ ਮੇਰੀ ਪੰਦਰਾਂ ਸਾਲਾਂ ਦੀ ਨੌਵੀਂ ਵਿਚ ਪੜ੍ਹਦੀ ਛੋਟੀ ਭੈਣ ਬਾਰੇ ਪਤਾ ਚੱਲਿਆ ਕਿ ਬਲੱਡ ਕੈਂਸਰ ਦੀ ਆਖਰੀ ਸਟੇਜ 'ਤੇ ਹੈ। ਕੁਝ ਹੀ ਦਿਨਾ ਵਿਚ ਉਹ ਰੱਬ ਨੂੰ ਪਿਆਰੀ ਹੋ ਗਈ। ਮੇਰੀ ਮਾਂ ਲਈ ਇਹ ਬਹੁਤ ਵੱਡਾ ਸਦਮਾ ਸੀ, ਵਿਚਾਰੀ ਮਾਂ ਦੀ ਲਾਡਾਂ ਨਾਲ ਪਾਲੀ ਸੁਘੜ, ਸਿਆਣੀ ਧੀ ਦਾ ਵਿਛੋੜਾ ਗੂੜ੍ਹੀ ਛਾਪ ਮਾਂ ਦੇ ਦਿਲ 'ਤੇ ਛੱਡ ਗਿਆ। ਇਸ ਤੋਂ ਬਾਅਦ ਇਹ ਕਹਿਰ ਵਾਰ-ਵਾਰ ਵਾਪਰਦਾ ਰਿਹਾ। ਕੋਈ ਵੀ ਜੀਅ ਮੰਜੇ 'ਤੇ ਨਹੀਂ ਪਿਆ। ਸਭ ਤੁਰਦੇ-ਫਿਰਦੇ, ਤੁਰ ਗਏ। ਕੁਝ ਸਾਲ ਲੰਘੇ ਮੇਰੇ ਬਾਪੂ ਜੀ 51 ਸਾਲ ਦੀ ਉਮਰ ਵਿਚ ਅਚਾਨਕ ਹੀ ਰੇੜ੍ਹੀ ਤੋਂ ਪੰਡਾਂ ਚੁਕਾਉਂਦੇ ਚੱਲ ਵਸੇ। ਮੈਂ ਅਭਾਗਣ ਨੂੰ ਮਹੀਨੇ ਬਾਅਦ ਪਤਾ ਲੱਗਾ। ਫਿਰ ਕੁਝ ਸਮਾਂ ਬੀਤਿਆ, ਮੇਰੇ ਵਡੇਰੇ ਨਾਨਾ ਜੀ, ਦਾਦੀ ਜੀ, ਜਿਨ੍ਹਾਂ ਦੀ ਮੈਂ ਬਹੁਤ ਲਾਡਲੀ ਧੀ ਸਾਂ, ਉਨ੍ਹਾਂ ਦਾ ਆਖਰੀ ਵਕਤ ਮੂੰਹ ਦੇਖਣਾ ਵੀ ਨਸੀਬ ਨਾ ਹੋਇਆ। ਵਿਆਹ ਹੋ ਕੇ ਬੇਗਾਨਿਆਂ ਦੇ ਵਸ ਸੀ। ਬਸ ਉਨ੍ਹਾਂ ਦੇ ਕਹੇ ਆਖਰੀ ਬੋਲ ਕੰਨਾਂ ਵਿਚ ਗੂੰਜਦੇ ਰਹੇ। ਕੁਝ ਹੀ ਮਹੀਨੇ ਬੀਤੇ ਸਨ, ਮਨਹੂਸ ਖ਼ਬਰ ਪਿੰਡ ਬੈਠੀ ਨੂੰ ਬੰਗਾਲ ਤੋਂ ਆ ਗਈ, ਕਿ ਮੇਰੇ ਪਤੀ (38 ਸਾਲ) ਅਚਾਨਕ ਦੁਨੀਆ ਤੋਂ ਚਲੇ ਗਏ। ਸੰਨ 85 ਵਿਚ, ਉਸ ਸਦਮੇ ਨਾਲ ਅੱਧੀ ਪਾਗਲ ਜਿਹੀ ਹੋ ਗਈ, ਵਸਦੀ ਦੁਨੀਆ ਖਾਲੀ ਲੱਗਣ ਲੱਗੀ।

ਕਿਸੇ ਤਰ੍ਹਾਂ ਧੱਕੇ ਧੌਲੇ ਖਾਂਦੀ ਅਮਰੀਕਾ ਪਹੁੰਚੀ। ਐਥੇ ਆ ਕੇ ਬਹੁਤ ਦੁਖ ਝੱਲੇ, ਇਕੱਲੀ ਨੇ। ਤਿੰਨ ਕੁ ਸਾਲ ਹੋਏ ਸਨ ਕਿ ਅਚਾਨਕ ਮਨਹੂਸ ਖ਼ਬਰ ਫੋਨ 'ਤੇ ਮਿਲੀ ਕਿ ਮੇਰੀ ਦੂਜੀ ਭੈਣ 38 ਸਾਲ ਦੀ ਉਮਰੇ ਐਕਸੀਡੈਂਟ ਨਾਲ ਪੂਰੀ ਹੋ ਗਈ ਜੋ ਸਿੱਖੀ ਵਿਚ ਪਰਪੱਕ ਸੀ। ਕੀ ਬੀਤੀ ਮੇਰੇ 'ਤੇ ਮੈਂ ਹੀ ਜਾਣਦੀ ਆਂ। ਜਿਨ੍ਹਾਂ ਰਾਹਾਂ ਤੋਂ ਉਸ ਰਾਤ ਧਾਹਾਂ ਮਾਰਦੀ ਫਰੀਮੌਂਟ ਗੁਰੂਘਰ ਪਹੁੰਚੀ ਸੀ, ਉਹ ਰਾਹ ਹੁਣ ਵੀ ਉਸੇ ਤਰ੍ਹਾਂ ਯਾਦ ਆ ਜਾਂਦੇ ਨੇ। ਕੋਈ ਜਾਣ ਨਾ ਪਹਿਚਾਣ, ਰਿਸ਼ਤੇਦਾਰ ਦੂਜੀਆਂ ਸਟੇਟਾਂ ਵਿਚ ਸੀ, ਸਿਰਫ਼ ਇਕੱਲੀ। ਮੌਤਾਂ ਦੀਆਂ ਮਨਹੂਸ ਖ਼ਬਰਾਂ ਜਦੋਂ ਚੇਤੇ ਵਿਚ ਉਭਰਦੀਆਂ ਹਨ ਤਾਂ ਮੈਂ ਹੀ ਜਾਣਦੀ ਆਂ ਸੀਨੇ 'ਤੇ ਕੀ ਬੀਤਦੀ ਹੈ। ਛੇਵੇਂ ਸਾਲ ਜਦੋਂ ਅਮਰੀਕਾ ਤੋਂ ਇੰਡੀਆ ਗਈ ਤਾਂ ਮੇਰੀ ਸੁਚੱਜੀ ਮਾਂ ਦਾ ਹਾਲ ਦੇਖਿਆ ਨਹੀਂ ਸੀ ਜਾਂਦਾ। ਮੌਤਾਂ ਨੇ ਮਾਂ ਦਾ ਅਜਿਹਾ ਲੱਕ ਤੋੜਿਆ ਕਿ ਡੰਗੋਰੀ ਦੇ ਆਸਰੇ ਉਠਦੀ ਬੈਠਦੀ ਪਰ ਜਿਉਂਦੀ ਸੀ, ਆਪਣੇ ਛੋਟੇ ਪੁੱਤ ਨੂੰ ਦੇਖ ਕੇ। ਵੱਡਾ ਭਰਾ ਆਪਣੇ ਪਰਿਵਾਰ ਵਿਚ ਖੁਸ਼ ਸੀ।


**Baljit kaur**
(Fremont CA USA)
Ph. 510 467 8192

ਛੋਟਾ ਅਜਿਹਾ ਪੁੱਤ ਜਿਹੜਾ ਮਾਂ ਦੇ ਸਾਹ ਵਿਚ ਸਾਹ ਲੈਂਦਾ ਹੋਵੇ, ਹਰ ਪਲ ਮਾਂ ਦੀ ਤਕਲੀਫ਼ ਨੂੰ ਸਮਝਦਾ ਹੋਵੇ, ਮਾਂ ਦਾ ਸਰਵਣ ਪੁੱਤ ਰੋਮ-ਰੋਮ ਵਿਚ ਰਚਿਆ ਪਿਆ ਹੋਵੇ। ਜੋ ਪੁੱਤ ਮਾਂ ਨੂੰ ਇਸ ਕਲਯੁੱਗ ਵਿਚ ਵੀ ਵਹਿੰਗੀ ਵਿਚ ਬਿਠਾਉਣ ਲਈ ਤਤਪਰ ਰਹਿੰਦਾ ਹੋਵੇ, ਅੱਧੇ ਘੰਟੇ ਦਾ ਟਾਈਮ ਦੇ ਕੇ ਜਾਂਦਾ, ਅੱਧੇ ਵਿਚ ਹੀ ਆ ਕੇ ਮਾਂ ਕੋਲ ਹਾਜ਼ਰ ਹੁੰਦਾ। ਜਿਹਨੇ ਪ੍ਰਣ ਕਰ ਲਿਆ ਸੀ ਕਿ ਮੇਰੀ ਦੁਖੀ ਅਤੇ ਬੁਢੜੀ ਮਾਂ ਨੂੰ ਕੋਈ ਤਕਲੀਫ਼ ਨਾ ਹੋਵੇ, ਕਿਤੇ ਦੂਰ ਜਾਂਦਾ ਤਾਂ ਪੈਸੇ ਦੇ ਕੇ ਕਿਸੇ ਨੂੰ ਰਾਖੀ ਲਈ ਹਾਜ਼ਰ ਕਰਦਾ। ਮਾਂ ਘੜੀਆਂ ਗਿਣਗਿਣ ਰਾਹ ਦੇਖਦੀ, ਬਾਹਰ ਕੰਨ ਲਾਈ ਰੱਖਦੀ, ਪੁੱਤ ਨੂੰ ਆਉਂਦਾ ਦੇਖ ਕੇ ਸਾਹ 'ਚ ਸਾਹ ਪੈਂਦਾ। ਪੁੱਤ ਨੇ ਤਿਆਰੀ ਕੀਤੀ ਜਾਣ ਦੀ, "ਬੀਬੀ ਮੈਂ ਵੱਡੀ ਗੱਡੀ ਲੈਣ ਜਾਣੈ ਭਾਣਜੇ (ਗਗਨ) ਨੂੰ ਨਾਲ ਲੈ, ਉਹ ਆਉਂਦੈ।" ਲੰਬੇ-ਲੰਬੇ ਕੇਸ ਮਾਂ ਦੇ ਸਾਹਮਣੇ ਬੈਠ ਕੇ ਵਾਹੇ, ਘੁੱਟ ਕੇ ਜੂੜਾ ਕੀਤਾ, ਦਾੜ੍ਹੀ ਵਾਹੀ। ਇਹ ਦੇਖ ਕੇ ਖੁਸ਼ ਹੋ ਰਹੀ ਮਾਂ ਨੂੰ ਪੁੱਤ ਨੇ ਕਿਹਾ, ਕਿ "ਬੀਬੀ ਆ ਜਾ ਬਹਿ ਜਾ, ਤੂੰ ਪਰ੍ਹਾਂ ਹੀ ਫਿਰੀ ਜਾਂਦੀ ਐਂ।" ਇਹ ਆਖਰੀ ਬੋਲੀ ਮਾਂ ਦੇ ਕੰਨਾਂ ਵਿਚ ਪਏ, "ਹਾਂ ਮੱਲ ਮੈਂ ਤਾਂ ਕੁਝ ਨਹੀਂ ਕਰਦੀ ਆਉਨੀ ਆਂ", ਕਹਿ ਕੇ ਪਿੱਛੇ ਮੁੜ ਕੇ ਦੇਖਿਆ। ਬੈਠ ਕੇ ਟੇਢੇ ਪਏ ਪੁੱਤ ਦੀ ਬਾਂਹ ਫੜ ਕੇ ਟਬਜ਼ ਟੋਲੀ ਤਾਂ ਸਵਾਸ ਉਡ ਚੁੱਕੇ ਸਨ। ਜਿਸ ਪੁੱਤ ਨੇ ਦੋ ਪਲ ਪਹਿਲਾਂ ਕਿਹਾ ਸੀ, "ਆ ਬੀਬੀ ਮੇਰੇ ਕੋਲ ਬਹਿ ਜਾਹ", ਉਧਰ ਦਸ ਮਿੰਟ ਦੀ ਵਿੱਥ ਤੇ ਖੜ੍ਹਾ ਭਾਣਜਾ ਫੋਨ ਤੇ ਕਹਿ ਰਿਹਾ ਸੀ, "ਬਸ ਮਾਮਾ ਜੀ ਮੈਂ ਪਹੁੰਚਣ ਵਾਲਾ ਹਾਂ", ਦਸ ਮਿੰਟ ਪਹਿਲਾਂ ਗੱਲ ਕਰਨ ਵਾਲੇ ਮਾਮੇ ਨੂੰ ਮਿਲ ਨਹੀਂ ਸਕਿਆ। ਕੀ ਬੀਤੀ ਉਸ ਬੱਚੇ 'ਤੇ ਜਿਸ ਦੀ ਕੁਝ ਸਾਲ ਪਹਿਲਾਂ ਮਾਂ ਰੱਬ ਨੇ ਖੋਹ ਲਈ ਸੀ। ਕਿਵੇਂ ਨਿਕਲੀ ਨਾਨੀ, ਦੋਹਤੇ ਦੀ ਉਹ ਕਹਿਰ ਦੀ ਕਾਲੀ ਬੋਲੀ ਰਾਤ, ਇਕੱਲਿਆਂ ਦੀ। ਹੁਣ ਵੀ ਸੋਚ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਨੇ। ਮੈਂ ਅਭਾਗਣ ਐਥੇ ਬੈਠੀ ਸਾਂ। ਮੈਂ ਪਰਦੇਸ ਬੈਠੀ ਅਭਾਗਣ ਨੇ ਪੰਦਰਾਂ ਮਿੰਟ ਪਹਿਲਾਂ ਭਰਾ ਨਾਲ ਗੱਲ ਕੀਤੀ ਸੀ। ਫੋਨ ਆ ਗਿਆ, ਮੇਰਾ ਸੋਹਣਾ ਡੂੰਘੀਆਂ ਅਕਲਾਂ ਵਾਲਾ ਵੀਰ, ਜਿਸ ਨੂੰ ਰੱਬ ਨੇ ਸ਼ਾਇਦ ਵਿਹਲਾ ਬਹਿ ਕੇ ਘੜਿਆ ਸੀ, ਰਾਹੀ ਵੀ ਰੁਕ ਕੇ ਦੇਖਣ ਲੱਗ ਜਾਂਦੇ ਸੀ, ਤੁਰ ਗਿਆ। ਜਿਸ ਵੀਰ ਨਾਲ ਮੈਂ ਸਵੇਰੇ-ਸ਼ਾਮ, ਪੰਜ ਸੱਤ ਵਾਰ ਫੋਨ ਕਰ ਕੇ, ਗੱਲਾਂ ਨਾ ਕਰ ਲੈਂਦੀ, ਸੌਣ ਤੋਂ ਪਹਿਲਾਂ, ਉਠਣ ਤੋਂ ਬਾਅਦ, ਸਬਰ ਨਾ ਆਉਂਦਾ। ਮੇਰਾ ਵੀਰ ਰੋਟੀ ਖਾਂਦਾ ਹੁੰਦਾ, ਮੈਂ ਫੋਨ ਕੱਟ ਦੇਂਦੀ, ਰੋਟੀ ਠੰਢੀ ਨਾ ਹੋ ਜਾਵੇ, ਫਿਰ ਕਰ ਦੇਣਾ। ਹਰ ਸਾਲ ਜਾ ਕੇ ਮਾਂ ਅਤੇ ਭਰਾ ਦੀ ਸਾਰ ਲੈਂਦੀ ਰਹੀ, ਪਰ ਉਸ ਸਾਲ ਭਾਰਤ ਦੀ ਜ਼ਾਲਮ ਸਰਕਾਰ ਨੇ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਅਪਲਾਈ ਕੀਤਿਆਂ ਪੰਜ ਮਹੀਨੇ ਹੋ ਚੁੱਕੇ ਸੀ, ਵਾਰ-ਵਾਰ ਚੱਕਰ ਲਾਉਣ 'ਤੇ ਵੀ ਕੁਝ ਨਾ ਬਣਿਆ। ਭਰਾ ਦੇ ਤੁਰ ਜਾਣ ਤੋਂ ਬਾਅਦ ਤੀਸਰੇ ਦਿਨ ਹਾਂ ਕਰ ਦਿੱਤੀ। ਵਕਤ ਨਿਕਲ ਚੁੱਕਾ ਸੀ, ਵੀਰ ਜਾਂਦੇ ਨੂੰ ਵਿਦਾਇਗੀ ਵੀ ਨਾ ਦੇ ਸਕੀ। 39 ਸਾਲ ਦੀ ਉਮਰੇ ਚਲਾ ਗਿਆ।

ਗਰੀਬਾਂ ਦਾ ਮਸੀਹਾ, ਡੂੰਘੀਆਂ ਅਕਲਾਂ ਵਾਲਾ, ਰੱਬ ਤੋਂ ਡਰਨ ਵਾਲਾ, ਧੀ ਭੈਣ ਦੀ ਇੱਜ਼ਤ ਦਾ ਰਖਵਾਲਾ, ਕਿਸੇ ਕੁੜੀ ਜਾਂ ਕਿਸੇ ਦੀ ਬਹੂ ਨੇ ਘਰ ਝਾੜੂ-ਪੋਚਾ ਕਰਨ ਆਉਣਾ, ਕੱਪੜੇ, ਚਾਦਰ ਵਗੈਰਾ ਨਾਲ ਆਪਣਾ ਹੀ ਮੂੰਹ ਢਕ ਲੈਣਾ। ਦੋ ਦੋ ਹਜ਼ਾਰ ਅੰਨ੍ਹਿਆਂ, ਬੋਲਿਆਂ ਨੂੰ ਲੁਧਿਆਣੇ ਜਾ ਕੇ ਚੁੱਪ ਚਾਪ ਦੇ ਆਉਂਦਾ, ਕਿਸੇ ਨੂੰ ਦੱਸਦਾ ਤੱਕ ਨਾ। ਪਿਛੋਂ ਪਤਾ ਲੱਗਾ, ਜਦੋਂ ਡਾਇਰੀਆਂ ਵਿਚੋਂ ਲਿਖਿਆ ਮਿਲਿਆ, ਵੀਰ ਪੱਚੀ ਡਾਇਰੀਆਂ ਲਿਖੀ ਬੈਠਾ ਸੀ, ਵਾਰ-ਵਾਰ ਪੜ੍ਹੀ ਜਾਂਦੀ ਆਂ। ਤ੍ਰਿਪ-ਤ੍ਰਿਪ ਆਪ ਮੁਹਾਰੇ ਅੱਖਾਂ ਵਿਚੋਂ ਪਾਣੀ ਵਗੀ ਜਾਂਦੈ। ਮਾਂ ਤੇ ਭੈਣ ਦੀ ਜ਼ਿੰਦਗੀ ਦਾ ਸਹਾਰਾ ਸੀ ਪਰ ਵਾਹਿਗੁਰੂ ਨੂੰ ਵੀ ਪਿਆਰਾ ਹੋ ਗਿਆ। ਬਹੁਤ ਥਾਂ ਲਿਖਿਆ ਮਿਲਦੈ, ਜੇ ਮੈਨੂੰ ਕੁਝ ਹੋ ਜਾਵੇ, ਮੈਂ ਦੁਨੀਆ 'ਤੇ ਨਾ ਰਹਾਂ, ਐਨੇ ਐਨੇ ਪੈਸੇ ਫਲਾਣੇ ਤੋਂ ਲੈਣੇ ਨੇ। ਮੇਰੀ ਮਾਂ ਤੇ ਭੈਣ ਨੂੰ ਮੇਰਾ ਲਿਖਿਆ ਹੈ, ਦਿੱਤੇ ਜਾਣ। ਮੇਰੀਆਂ ਲਿਖਤਾਂ ਫਲਾਣੇ ਪਿੰਡ ਵਾਲੇ ਮੁੰਡੇ ਦਾ ਨਾਂ ਲਿਖ ਕੇ ਦੱਸਿਐ, ਨੂੰ ਦਿੱਤੀਆਂ ਜਾਣ। ਪਰ ਕੁਝ ਕਰ ਨਹੀਂ ਸਕੀ, ਆਪਣੇ ਸੀਨੇ ਨਾਲ ਲਾ ਕੇ ਰੱਖੀ ਬੈਠੀ ਆਂ, ਹੱਥੀਂ ਪਾਲੇ ਵੀਰ ਨੂੰ ਕਿਵੇਂ ਭੁੱਲ ਸਕਦੀ ਹਾਂ। ਕਿਵੇਂ ਭੁੱਲ ਸਕਦੀ ਆਂ ਮਾਂ ਪੁੱਤ ਦਾ ਵਿਛੋੜਾ, ਘਰ ਦੀ ਹਰ ਵਸਤੂ ਵਿਚੋਂ, ਹਰ ਪਲ ਪੁੱਤ ਨੂੰ ਲੱਭ ਰਹੀ ਐ ਮਾਂ, ਮੇਰੀਆਂ ਨਜ਼ਰਾਂ ਘਰ ਦੀ ਹਰ ਸ਼ੈਅ ਵਿਚੋਂ ਭਰਾ ਨੂੰ ਲੱਭ ਰਹੀਆਂ ਹਨ। ਸੱਤ ਸਾਲ ਹੋ ਗਏ ਨੇ, ਹੁਣ ਸਤਵੇਂ ਸਾਲ ਮਾਂ ਵੀ ਪੁੱਤ ਦਾ ਵਿਛੋੜਾ ਹੱਡਾਂ ਦੇ ਨਾਲ ਲੈ ਕੇ ਉਸੇ ਮਹੀਨੇ ਉਨ੍ਹਾਂ ਹੀ ਦਿਨਾਂ ਵਿਚ ਚੱਲ ਵਸੀ। ਕਿਵੇਂ ਤੜਫ਼ ਤੜਫ਼ ਕੇ ਐਨੇ ਸਾਲ ਕੱਟੇ, ਹਰ ਪਲ ਰੱਬ ਤੋਂ ਮੌਤ ਮੰਗਦੀ, ਸਾਰੇ ਧੀਆਂ, ਪੁੱਤਾਂ ਦੇ ਗੁਣ ਯਾਦ ਕਰਦੀ, ਪੁੱਤ ਦੀ ਤਸਵੀਰ ਬਣਾਉਣ ਲੱਗ ਜਾਂਦੀ। ਕਦੇ ਕਹਿੰਦੀ, "ਮੇਰਾ ਪੁੱਤ ਹਸਦੈ, ਪਰ੍ਹਾਂ ਹੋ ਜਾਹ ਮੇਰੇ ਪੁੱਤ ਦੇ ਮੂੰਹ ਨੂੰ ਓਹਲਾ ਹੋ ਗਿਆ।" ਕਦੇ ਲਕੀਰਾਂ ਕੱਢ ਕੇ ਕੁਝ ਕਰਦੀ, ਪੁੱਤ ਦੀ ਆਖੀ ਹੋਈ ਹਰ ਗੱਲ ਯਾਦ ਕਰਦੀ ਰਹਿੰਦੀ। ਕਦੇ ਸਾਰੇ ਧੀਆਂ ਤੇ ਪੁੱਤ ਜੋ ਚਲੇ ਗਏ, ਕਿਵੇਂ ਪਾਲ ਕੇ ਵੱਡੇ ਕੀਤੇ, ਪੜ੍ਹਾਏ, ਉਨ੍ਹਾਂ ਦੇ ਗੁਣ ਗਾਉਂਦੀ। ਜਵਾਨ ਧੀਆਂ-ਪੁੱਤ-ਜਵਾਈ ਐਨਿਆਂ ਦਾ ਦੁੱਖ ਦਰਦ ਕਿੰਨੇ ਸਾਲ ਆਪਣੇ ਸੀਨੇ 'ਤੇ ਝੱਲਦੀ ਰਹੀ। ਕਦੇ ਛੋਟੀ ਧੀ ਦੇ ਬੱਚਿਆਂ ਵੱਲ ਦੇਖ-ਦੇਖ ਤੜਪਦੀ, ਮਾਂ ਬਾਹਰੇ ਨੇ। ਜੋ ਕੁਝ ਮੇਰੀ ਮਾਂ ਨੇ ਝੱਲਿਆ, ਲਿਖਿਆ ਨਹੀਂ ਜਾਂਦਾ। ਭਰਾ ਦੇ ਜਾਣ ਤੋਂ ਬਾਅਦ ਆਪਣੀ ਮਾਂ ਨੂੰ ਜਾ ਕੇ ਹਰ ਸਾਲ ਦੇਖਦੀ, ਜੋ ਠੀਕ ਹੁੰਦਾ ਖਾਣ ਨੂੰ ਉਹੀ ਮੈਂ ਦੇਂਦੀ, ਮਾਂ ਦੀ ਸਿਹਤ ਦਾ ਖਿਆਲ ਰੱਖਦੀ, ਸਿੱਧੀ ਛੋਟੇ ਭਰਾ ਦੇ ਘਰ ਜਾ ਕੇ ਰੂਮ ਵਿਚ ਹੀ ਜਾਣਾ। ਮਾਂ ਦੀ ਹਾਲਤ ਦੇਖਦੀ, ਭਾਵੇਂ ਸਾਰਾ ਆਲਾ ਦੁਆਲਾ ਸਾਫ਼ ਹੁੰਦਾ, ਫੇਰ ਵੀ ਕਈ ਜ਼ਰੂਰਤਾਂ, ਕਈ ਕੁਝ ਮੈਂ ਮਾਂ ਦੇ ਕੰਮ ਆਪ ਕਰਦੀ। ਕੁਝ ਨਾ ਕੁਝ ਐਥੋਂ ਬਣਾ ਕੇ ਲੈ ਜਾਂਦੀ। ਹਰ ਸਾਲ ਦੋ ਡੇਢ ਮਹੀਨਾ ਪਹਿਲਾਂ ਹੀ ਕਹਿਣ ਲਗ ਜਾਣਾ, ਮੇਰਾ ਨਾਂ ਲੈ ਕੇ ਘਰਦਿਆਂ ਨੂੰ, "ਕੁੜੇ ਆਉਂਦੀ ਆ ਮੇਰੀ ਧੀ।" ਜਾਂ ਪੁੱਛਣਾ, "ਕਦ ਉਤਰਨੈ ਕੁੜੇ, ਕਿੰਨੇ ਦਿਨ ਰਹਿ ਗਏ ?" ਐਸ ਵਾਰੀ ਵੀ ਇਹੀ ਆਖੀ ਜਾ ਰਹੀ ਸੀ। ਮੇਰੇ ਦਿਲ ਵਿਚ ਵੀ ਇਹੋ ਹੁੰਦਾ ਕਿ ਮੈਂ ਆਪਣੀ ਮਾਂ ਨੂੰ ਚੋਗਾ ਜਿਹਾ ਪਾ ਕੇ ਉਠਣ ਜੋਗੀ ਪਹਿਲਾਂ ਦੀ ਤਰ੍ਹਾਂ ਕਰ ਹੀ ਲਵਾਂਗੀ। ਫੋਨ ਕਰਕੇ ਹਾਲ ਪੁੱਛਣਾ, "ਬਸ ਠੀਕ ਆਂ ਜਾਂ ਹੱਡੀਆਂ ਦੁਖਦੀਆਂ ਨੇ, ਮੈਥੋਂ ਕਿਹੜਾ ਕੁਝ ਹੁੰਦੈ, ਬਸ ਕੱਲੀਓ ਬੈਠੀ ਆਂ," ਜਾਂ ਕਹਿਣਾ, "ਐਧਰ ਬੱਚਿਆਂ ਕੋਠ ਬੈਠੀ ਆਂ, ਉਥੇ ਬੈਠੀ ਦੇ ਮੇਰੇ ਹੌਲ ਪੈਂਦਾ ਸੀ।" ਮੈਨੂੰ ਐਥੇ ਜਦੋਂ ਘਰੋਂ ਦੱਸਿਆ, ਕਿ ਅੱਜ ਬੀਬੀ ਜੀ ਢਿੱਲੇ ਜ਼ਿਆਦਾ ਨੇ, ਮੈਂ ਹਮੇਸ਼ਾ ਰੋਜ਼-ਰੋਜ਼ ਅਰਦਾਸ ਵਿਚ ਵਾਹਿਗੁਰੂ ਤੋਂ ਇਹੀ ਮੰਗ ਕਰਦੀ, "ਸੱਚੇ ਸਾਹਿਬਾ! ਜਦੋਂ ਮੇਰੀ ਮਾਂ ਜਾਵੇ, ਮੈਨੂੰ ਕੋਲ ਹਾਜ਼ਰ ਰੱਖੀਂ, ਪਹਿਲਾਂ ਦੀ ਤਰ੍ਹਾਂ ਨਾ ਕਰੀਂ, ਰੱਬਾ, ਮੈਂ ਕਿਸੇ ਭੈਣ, ਭਾਈ, ਬਾਪ, ਘਰਵਾਲਾ ਤੇ ਹੋਰ ਵਡੇਰੇ ਕਿਸੇ ਜਾਂਦੇ ਨੂੰ ਨਹੀਂ ਦੇਖਿਆ।" ਇਸ ਵਾਰ ਪ੍ਰਮਾਤਮਾ ਨੇ ਮੇਰੀ ਅਰਜ਼ੋਈ ਸੁਣ ਲਈ, ਸਿੱਧੀ ਮਾਂ ਦੇ ਕਮਰੇ ਵਿਚ ਗਈ, ਪਹਿਲਾਂ ਦੀ ਤਰ੍ਹਾਂ ਕਹਿੰਦੀ ਮੇਰੇ ਉਪਰ ਪੈ ਜਾਹ, ਭਾਵ ਮਿਲ ਲੈ। ਮੇਰੇ ਜਾਣ ਤੋਂ 15 ਕੁ ਦਿਨ ਬਾਅਦ ਦੋਰਾਹੇ ਉਨ੍ਹਾਂ ਦੇ ਉਸੇ ਡਾਕਟਰ ਕੋਲ ਲੈ ਗਏ, ਤਿੰਨ ਵਾਰ ਗਏ, ਵਾਪਿਸ ਆਏ, "ਕਿਸੇ ਤਰ੍ਹਾਂ ਦੀ ਕੋਈ ਤਕਲੀਫ਼ ਤਾਂ ਹੈ ਨਹੀਂ, ਬਸ ਮੈਨੂੰ ਸਾਹ ਔਖਾ ਆਉਂਦੈ।" ਸਿਆਣਿਆਂ ਦੀ ਤਰ੍ਹਾਂ ਮੇਰੀ ਮਾਂ ਨੂੰ ਕਦੇ ਖੰਘ ਅਜਿਹੀ ਨਹੀਂ ਸੀ ਹੋਈ, ਸਾਫ਼ ਸੁਥਰੀ ਹਰ ਵਕਤ। ਅਖੀਰ ਤੱਕ ਮੇਰੀ ਸੁਚੱਜੀ ਮਾਂ ਆਪਣੇ-ਆਪ ਨਹਾ ਕੇ ਆਪ ਹੀ ਕਛਹਿਰਾ, ਰੁਮਾਲ ਰੋਜ਼ ਦੀ ਰੋਜ਼ ਧੋਣੇ, ਨਾਲ ਚੱਪਲਾਂ ਤੱਕ ਵੀ। ਫੇਰ ਵਾਰ-ਵਾਰ ਸਾਹ ਔਖਾ ਕਹਿਣ ਉਤੇ ਲੁਧਿਆਣੇ ਸ਼ਪੈਸ਼ਲਿਸਟ ਡਾਕਟਰ ਕੋਲ ਲੈ ਗਏ, ਦੋ ਦਿਨ ਵਿਚ ਸਭ ਠੀਕ-ਠਾਕ। ਡਾ. ਵੀਜ਼ਿਟ ਕਰਨ ਆਉਂਦਾ, ਮਾਂ ਨੂੰ ਠੀਕ ਦੇਖ ਕੇ ਕੋਲੋਂ ਲੰਘ ਜਾਂਦਾ। ਪੰਜਵੇਂ ਦਿਨ ਘਰ ਵਾਪਸੀ 'ਤੇ ਚੰਗੀ ਭਲੀ ਗੱਲ ਕੀਤੀ, ਬੱਚੇ ਮਿਲੇ, ਭਰਾ ਤੇ ਭਤੀਜਾ ਚੰਗੀ ਤਰ੍ਹਾਂ ਪਾ ਕੇ ਉਧਰ ਖਾਣਾ ਖਾਣ ਚਲੇ ਗਏ। ਮੈਂ ਕਿਹਾ ਕਿ "ਬੀਬੀ ਮੈਂ ਵੀ ਇਕ ਅੱਧਾ ਫੁਲਕਾ ਉਧਰ ਹੀ ਖਾ ਆਉਨੀ ਆਂ।" ਵਿਹੜੇ ਅੰਦਰ ਹੀ ਦੋਵੇਂ ਘਰ ਨੇ। ਮੈਨੂੰ "ਪਾਣੀ ਰੱਖ ਜਾਹ" ਆਖ ਦਿੱਤਾ। ਕਹਿ ਕੇ ਗਈ ਕਿ "ਬਸ ਹੁਣੇ ਹੀ ਆਈ।" ਇਕ ਮਿੰਟ ਵਿਚ ਬਿਨਾਂ ਰੋਟੀ ਖਾਧੇ ਮੁੜ ਆਈ। ਜਦੋਂ ਦੇਖਿਆ ਕਿ ਮਾਂ ਦੀਆਂ ਅੱਖਾਂ ਉਪਰ ਕਿਧਰ-ਕਿਧਰ ਘੁੰਮ ਰਹੀਆਂ ਨੇ। ਹੱਥ ਪੈਰ ਨੀਲੇ, ਰੌਲਾ ਪਏ ਤੋਂ ਸਭ ਭੱਜੇ ਆਏ, ਕਿ ਅਟੈਕ ਹੋ ਗਿਆ। ਡਾ. ਨਾਲ ਗੱਲ ਕੀਤੀ, ਦੂਜੀ ਸਵੇਰ ਫੇਰ ਲੈ ਗਏ। ਹੁਣ ਕੀ ਹੋਣਾ ਸੀ, ਬ੍ਰੇਨ ਅਟੈਕ ਹੋ ਗਿਆ ਸੀ। ਬਸ ਸੇਵਾ ਕਰ ਲਓ ਕਿਹਾ, ਵਿਚਾਰੀ ਮਾਂ ਦੇਖੀ ਨਹੀਂ ਸੀ ਜਾਂਦੀ। ਵਾਰ-ਵਾਰ ਸਾਰੇ ਬੁਲਾਉਂਦੇ, ਪਿਆਰ ਕਰਦੇ, ਪਹਿਚਾਣ ਕਰਾਉਂਦੀ ਬੀਬੀ ਜੀ, ਇਹ ਕੌਣ, ਕਿਸੇ-ਕਿਸੇ ਦੀ ਪਹਿਚਾਣ ਆਉਂਦੀ। ਸਾਰੀਆਂ ਸਹੂਲਤਾਂ, ਵੀਲ੍ਹ ਬੈਡ ਬਣਾ ਕੇ, ਹੋਰ ਸਭ ਭਰਾ ਤੇ ਲੜਕੇ ਨੇ ਸਾਰਾ ਪ੍ਰਬੰਧ, ਨਰਸ ਵਗੈਰਾ ਹੋਰ ਜ਼ਰੂਰਤ ਸਭ ਲੈ ਆਂਦੀ। ਕੀ ਪਤੈ ਕਦ ਤੱਕ ਵਿਚਾਰੀ ਇਸ ਹਾਲਤ ਵਿਚ ਰਹੇ, ਕੋਈ ਚੀਜ਼ ਦੀ ਕਮੀ ਨਹੀਂ ਸੀ। ਜੋ ਮੈਨੂੰ ਠੀਕ ਲੱਗਿਆ ਪਾਊਡਰ, ਪਰਫਿਊਮ, ਵਗੈਰਾ, ਐਧਰੋਂ ਬਾਹਰ ਦੀ ਸਫ਼ਾਈ ਲਈ ਮੰਗਾਇਆ। ਆਲਾ ਦੁਆਲਾ ਸਭ ਆਪਣੀ ਤੇ ਮਾਂ ਦੀ ਆਦਤ ਅਨੁਸਾਰ ਸਾਫ਼ ਰੱਖਣਾ। ਕਦੇ ਇਕ ਮੱਖੀ ਤੱਕ ਕਮਰੇ ਵਿਚ ਨਹੀਂ ਆਉਣ ਦਿੱਤੀ ਸੀ। ਠੀਕ ਸੀ, ਕਦੇ ਵੜਦੇ ਨਿਕਲਦੇ ਇਕ ਮੱਖੀ ਆ ਜਾਣੀ, ਮੇਰੀ ਸੁਥਰੀ ਮਾਂ ਨੇ ਰੌਲਾ ਪਾ ਦੇਣਾ, ਹੁਣ ਤਾਂ ਬੇ-ਵਸੀ ਪਤਾ ਨਹੀਂ ਕੀ ਸੋਚਦੀ ਸੀ। ਸੁਰਤ ਵਿਚ ਤਾਂ ਆਪਣੇ ਧੀਆਂ ਪੁੱਤਾਂ ਨੂੰ ਲੱਭਦੀ ਚਲੀ ਗਈ, ਪੁੱਤ ਨੂੰ ਤਾਂ ਲੱਭਦੀ ਹੀ ਸੀ। ਮੇਰੀ ਸੇਵਾ ਪੂਰੀ ਹੋ ਗਈ, ਹੋਰ ਸਭ ਦੀ ਵੀ। ਇਕ ਮਹੀਨਾ ਪੰਜ ਦਿਨ ਸਿਰਫ਼ ਸੇਵਾ ਕਰਵਾਈ। ਸਿਰਫ਼ ਪਾਣੀ ਪਾਣੀ ਦਿਨ ਰਾਤ ਮੰਗਦੀ ਰਹੀ, ਮੈਂ ਚੋਰੀ ਤੇ ਜੂਸ ਦਾ ਚਮਚਾ ਪਾਉਂਦੀ, "ਨਹੀਂ ਪਾਣੀ ਦੇਹ, ਇਹ ਤਾਂ ਮਿਠੈ।"

Sandhu Herbals™

# ਸੰਧੂ ਹਰਬਲਜ਼

## ਤੰਦਰੁਸਤ ਸਿਹਤ

VEGETARIAN

Buy Sugar Destroyer Tea
Get Karela Capsules Free

SanGluco®

### ਸੂਗਰ ਲਈ




- ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
- 1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
- Supports blood sugar levels already within optimal range*
- Promotes healthy weight management*
- Bitter Melon also known as karela, it helps regulate normal glucose tolerance*

Price : $ 30

SanPhala®
Soft • Gentle • Clean

### ਕਬਜ਼ ਅਤੇ ਪੇਟ ਸਾਫ਼ ਲਈ




- ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
- Helps relieve occasional constipation*
- Provides a gentle colon cleanse and detox action. *
- Supports colon health, regulates intestines to remove stagnant waste.

Buy now : $ 14.99

FREE SHIPPING

SanLipid®
Living Science

### ਕਲੈਸਟਰੋਲ ਲਈ




- ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
- Helps maintain cholesterol levels already within normal range*
- Supports heart health.*

Buy now : $ 19.99

SanAshwa®
MINDFUL LIFE SCIENCE

### ਤਣਾਅ, ਚਿੰਤਾ ਅਤੇ ਤਾਕਤ ਲਈ




- ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
- SanAshwa® is a cutting-edge scientific formula rooted in the ancient wisdom of herbs to help you live a happier, healthier life*.
- Designed by pharmacists and herbal experts, SanAshwa® has undergone rigorous scientific testing to ensure it is safe and effective.*

Price : $ 49.99

# SANDHU HERBALS

Livermore, CA 94551 U.S.A.

ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849

www.sandhuherbals,com | Toll Free : 1 800 570 8849 | MON-SAT 9 AM TO 6 PM

# Indian Overseas Congress USA California Chapter

## ਸਮੂਹ ਐਨ.ਆਰ.ਆਈ. ਭਾਈਚਾਰੇ ਨੂੰ ਅਪੀਲ

ਦੇਸ਼ ਨੂੰ ਜਾਤੀ ਅਤੇ ਧਰਮ ਦੇ ਆਧਾਰ 'ਤੇ ਵੰਡਣ ਵਾਲੀ BJP ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਖਤਮ ਕਰਨ ਵਾਲੀ ਪਾਰਟੀ ਬਾਦਲ ਅਕਾਲੀ ਦਲ ਨੂੰ ਹਰਾਉਣ ਲਈ, ਭਾਰਤ ਵਿਚ ਸ੍ਰੀ ਰਾਹੁਲ ਗਾਂਧੀ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਦੇ ਹੱਥ ਮਜ਼ਬੂਤ ਕਰਨ ਲਈ, ਆਪਣੇ ਨਜ਼ਦੀਕੀਆਂ ਨਾਲ ਸੰਪਰਕ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰੋ।



ਸ੍ਰੀ ਰਾਹੁਲ ਗਾਂਧੀ
ਪ੍ਰਧਾਨ ਕਾਂਗਰਸ ਪਾਰਟੀ



Sarbjit Mann

ਬੇਨਤੀ ਕਰਤਾ

## ਸਰਬਜੀਤ ਸਿੰਘ ਮਾਨ

ਪ੍ਰਧਾਨ

Indian Overseas Congress USA California Chapter

ਅਤੇ ਸਮੂਹ ਅਹੁਦੇਦਾਰ




22

GET FLAT 22 CENTS

DISCOUNT AT




TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਭਾਰਤ ’ਚ ਮੀਡੀਆ ਦੀ ਅਜ਼ਾਦੀ ਖਤਰੇ ਵਿਚ




- ਡਰ ਤੇ ਦਹਿਸ਼ਤ ਦੇ ਮਾਹੌਲ ’ਚ ਕੰਮ ਕਰ ਰਿਹਾ ਏ ਭਾਰਤੀ ਮੀਡੀਆ
- ਪ੍ਰੈੱਸ ਦੀ ਆਜ਼ਾਦੀ ਦੇ ਹਨਨ ਵਿਚ ਭਾਰਤ 140ਵੇਂ ਸਥਾਨ ’ਤੇ ਪਹੁੰਚਿਆ
- ਭਾਰਤੀ ਮੀਡੀਆ ਉੱਪਰ ਸੱਤਾਧਾਰੀ ਤੇ ਕਾਰਪੋਰੇਟ ਜਗਤ ਦਾ ਕਬਜ਼ਾ
- ਸੱਚ ਦਾ ਪ੍ਰਗਟਾਵਾ ਕਰਨ ਵਾਲੇ ਪੱਤਰਕਾਰ ਭਗਵੀਂ ਦਹਿਸ਼ਤ ਦੇ ਸ਼ਿਕਾਰ

**ਪ੍ਰੋ. ਬਲਵਿੰਦਰਪਾਲ ਸਿੰਘ**

ਪ੍ਰੈੱਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਸਮਝਿਆ ਜਾਂਦਾ ਹੈ, ਕਿਉਂਕਿ ਜਮਹੂਰੀਅਤ ਮਜ਼ਬੂਤ ਕਰਨ ਵਿਚ ਤੇ ਲੋਕਾਂ ਦੀ ਆਵਾਜ਼ ਉਠਾਉਣ ਵਿਚ ਮੀਡੀਆ ਦੀ ਅਹਿਮ ਭੂਮਿਕਾ ਹੁੰਦੀ ਹੈ। ਇਕੱਲੇ ਭਾਰਤ ਹੀ ਨਹੀਂ, ਦੁਨੀਆ ਭਰ ਵਿਚ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਹਰ ਸਾਲ ਸੈਂਕੜੇ ਪੱਤਰਕਾਰ ਕਤਲ ਕਰ ਦਿੱਤੇ ਜਾਂਦੇ ਹਨ। ਸੰਸਾਰ ਭਰ ਵਿਚ ਤਾਨਾਸ਼ਾਹੀ ਹਕੂਮਤਾਂ ਵਾਲੇ ਮੁਲਕਾਂ ਵਿਚ ਜਾਂ ਗੜਬੜੀਗ੍ਰਸਤ ਦੇਸ਼ਾਂ ਵਿਚ ਅਜ਼ਾਦਾਨਾ ਤਰੀਕੇ ਨਾਲ ਪੱਤਰਕਾਰਾਂ ਨੂੰ ਕੰਮ ਕਰਨ ਤੋਂ ਰੋਕਣ ਲਈ ਜਾਨੋਂ ਮਾਰ ਦਿੱਤਾ ਜਾਂਦਾ ਹੈ, ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ। ਪੱਤਰਕਾਰਾਂ ਨੂੰ ਵੀ ਇਨਸਾਫ਼ ਨਹੀਂ ਮਿਲਦਾ।

ਅੱਜ ਦੇ ਵਪਾਰਕ ਯੁੱਗ ਵਿਚ ‘ਪੱਤਰਕਾਰਤਾ’ ਦਾ ਵੱਡਾ ਦੁਖਾਂਤ ਕਿ ਇਹ ਉਦਯੋਗ ਵਜੋਂ ਵਿਕਸਿਤ ਹੋ ਚੁੱਕੀ ਹੈ, ਜਿਸ ਵਿਚ ਸੱਚ ਤੇ ਮਨੁੱਖੀ ਅਧਿਕਾਰ ਗਾਇਬ ਹਨ। ਕਾਰਪੋਰੇਟ ਘਰਾਣਿਆਂ ਨੇ ‘ਅਖ਼ਬਾਰਾਂ’ ਅਤੇ ‘ਟੈਲੀਵਿਯਨ ਚੈਨਲਾਂ’ ਰਾਹੀਂ ਇਸ ਖੇਤਰ ਵਿਚ ਆਪਣੀ ਅਜਾਰੇਦਾਰੀ ਵਧਾਉਣੀ ਸ਼ੁਰੂ ਕੀਤੀ ਹੋਈ ਹੈ। ਪੂਰੀ ਦੁਨੀਆ ਵਿਚ ਸੂਚਨਾ ਤੰਤਰ ਸਰਕਾਰੀ ਅਤੇ ਨਿੱਜੀ ਖੇਤਰ ਦੇ ਹੱਥਾਂ ਵਿਚ ਸਿਮਟ ਗਿਆ ਹੈ। ਸਰਕਾਰੀ ਮਸ਼ੀਨਰੀ ਤਾਂ ਆਪਣੀਆਂ ਯੋਜਨਾਵਾਂ ਤੇ ਉਨ੍ਹਾਂ ਦੀ ਸਫਲਤਾ ਦਾ ਢੋਲ ਆਪਣੇ ਸਾਧਨਾਂ ਰਾਹੀਂ ਵਜਾਉਂਦੀ ਤੇ ਲੋਕਾਂ ਨੂੰ ਗੁੰਮਰਾਹ ਕਰਦੀ ਰਹਿੰਦੀ ਹੈ ਅਤੇ ਨਿੱਜੀ ਖੇਤਰ ਦੇ ਮੀਡੀਆ ਸਾਧਨ ਆਪਣੇ ਹਿਤਾਂ ਨੂੰ ਮੁੱਖ ਰੱਖ ਕੇ ਹੀ ਸੂਚਨਾਵਾਂ ਦਾ ਵਪਾਰ ਕਰਦੇ ਹਨ ਪਰ ਸੱਚ ਉੱਨਾ ਕੁ ਦਿਖਾਇਆ ਜਾਂਦਾ ਹੈ, ਜਿੰਨਾ ਸਟੇਟ ਤੇ ਕਾਰਪੋਰੇਟ ਜਗਤ ਨੂੰ ਮਨਜ਼ੂਰ ਹੁੰਦਾ ਹੈ। ਇਸ ਤਰ੍ਹਾਂ ਮੀਡੀਆ ਸੰਸਾਰ ਕੁਝ ਸੱਤਾਧਾਰੀ, ਧਨਾਢ ਤੇ ਕਾਰਪੋਰੇਟ ਲੋਕਾਂ ਦੀ ਜਗੀਰ ਬਣ ਕੇ ਰਹਿ ਗਿਆ ਹੈ। ਅਜਿਹੇ ਸਮੇਂ ਵਿਚ ਬੇਗਰਜ਼, ਨਿਧੜਕ ਅਤੇ ਬੇਖੌਫ਼ ਹੋ ਕੇ ਲਿਖਣਾ ਜਾਂ ਬੋਲਣਾ ਸੌਖਾ ਨਹੀਂ ਰਹਿ ਗਿਆ। ਅੱਜ ਦੇ ਦੌਰ ਵਿਚ ਸੀਮਤ ਸਾਧਨਾਂ ਨਾਲ ਪੂਰੀ ਇਮਾਨਦਾਰੀ ਨਾਲ ਨਾ ਕੋਈ ਅਖ਼ਬਾਰ ਚੱਲ ਸਕਦਾ ਹੈ, ਨਾ ਕੋਈ ਟੀ.ਵੀ. ਚੈਨਲ। ਸਰਕਾਰ ਇਨ੍ਹਾਂ ਦਾ ਆਪਣੇ ਫਾਇਦੇ ਲਈ ਇਸਤੇਮਾਲ ਕਰਨ ਲਈ ਇਸ਼ਤਿਹਾਰ ਅਤੇ ਹੋਰ ਦੂਸਰੀਆਂ ਸਹੂਲਤਾਂ ਦਿੰਦੀ ਹੈ, ਜਿਨ੍ਹਾਂ ਨਾਲ ਵੀ ਸ਼ਾਇਦ ਮੀਡੀਆ ਠੀਕ ਢੰਗ ਨਾਲ ਕਾਇਮ ਨਹੀਂ ਰਹਿ ਸਕਦਾ ਪਰ ਜੇਕਰ ਉਨ੍ਹਾਂ ਵਿਚੋਂ ਕੁਝ ਆਵਾਜ਼ ਉਠਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਦੀ ਹੋਂਦ ਦੇ ਹੀ ਖ਼ਤਮ ਹੋਣ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ।

> ਲੋਕਤੰਤਰ ਦੇ ਚੌਥੇ ਥੰਮ ‘ਪੱਤਰਕਾਰਤਾ’ ਦੀਆਂ ਕਦਰਾਂ-ਕੀਮਤਾਂ, ਨਿਰਪੱਖਤਾ ਅਤੇ ਮਾਨਤਾਵਾਂ ਨੂੰ ਅਜੋਕੇ ਕਾਰਪੋਰੇਟ ਮੀਡੀਆ ਦੇ ਯੁੱਗ ਦੌਰਾਨ ਭਾਰਤ ਵਿਚ ਬਹਾਲ ਰੱਖਣਾ ਜਿੱਥੇ ਬਹੁਤ ਵੱਡਾ ਚੈਲਿੰਜ ਹੈ, ਉਥੇ ‘ਪੱਤਰਕਾਰਤਾ ਦੀ ਆਜ਼ਾਦੀ’ ਅਤੇ ‘ਪੱਤਰਕਾਰਾਂ ਦੀ ਸੁਰੱਖਿਆ’ ਵੀ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ ਹਨ। ਬਦਲਦੇ ਹਾਲਾਤਾਂ ਦੌਰਾਨ ਪੱਤਰਕਾਰਾਂ ਨੂੰ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੁੰਦਿਆਂ ਆਪਣੇ ਅਧਿਕਾਰਾਂ ਪ੍ਰਤੀ ਵੀ ਜਾਗਰੂਕ ਰਹਿਣਾ ਚਾਹੀਦਾ ਹੈ।

ਪੈਰਿਸ ਵਿਚ ਸਥਿਤ ‘ਰਿਪੋਰਟਸ ਸੈਨਸ ਫਰੰਟੀਅਰ’ ਜਾਂ ‘ਰਿਪੋਰਟਸ ਵਿਦਾਊਟ ਬਾਰਡਰਜ਼’ ਨਾਂਅ ਦੀ ਸੰਸਥਾ ਨੇ 18 ਅਪ੍ਰੈਲ ਨੂੰ ਜਾਰੀ ਸਾਲਾਨਾ ਰਿਪੋਰਟ ਵਿਚ ਭਾਰਤ ਵਿਚ ਪ੍ਰੈੱਸ ਦੀ ਆਜ਼ਾਦੀ ਦੇ ਘਾਣ ਸਬੰਧੀ ਜਿਹੜੇ ਤੱਥ ਪੇਸ਼ ਕੀਤੇ ਹਨ। ਉਹ ਅਤਿਅੰਤ ਚਿੰਤਾਜਨਕ ਹਨ। ਕੁੱਲ 180 ਦੇਸ਼ਾਂ ’ਤੇ ਆਧਾਰਿਤ ਇਸ ਰਿਪੋਰਟ ਦੇ ਅਨੁਸਾਰ ਭਾਰਤ ਹੁਣ 140 ਵੇਂ ਸਥਾਨ ’ਤੇ ਪਹੁੰਚ ਗਿਆ ਹੈ, ਜੋ 2017 ਵਿਚ 136ਵੇਂ ਸਥਾਨ ’ਤੇ ਅਤੇ 2018 ਵਿਚ 138ਵੇਂ ਸਥਾਨ ’ਤੇ ਸੀ। ‘ਰਿਪੋਰਟਜ਼ ਵਿਦਾਊਟ ਬਾਰਡਰਜ਼’ ਇਕ ਅਜਿਹਾ ਗ਼ੈਰ-ਸਰਕਾਰੀ ਸੰਗਠਨ ਹੈ, ਜੋ ਦੁਨੀਆ ਭਰ ਦੇ ਪੱਤਰਕਾਰਾਂ ’ਤੇ ਹਮਲਿਆਂ ਦੀ ਰਿਪੋਰਟ ਪੇਸ਼ ਕਰਨ ਲਈ ਰੁੱਝਾ ਹੋਇਆ ਹੈ। ਹਰ ਸਾਲ ‘ਵਰਲਡ ਪ੍ਰੈੱਸ ਫਰੀਡਮ ਇੰਡੈਕਸ’ ਭਾਵ ਵਿਸ਼ਵ ਪ੍ਰੈੱਸ ਆਜ਼ਾਦੀ ਸੂਚਕਾਂਕ ਨਾਂਅ ਦੀ ਰਿਪੋਰਟ ਪੇਸ਼ ਕਰਦਾ ਹੈ। ਵਿਸ਼ਵ ਪ੍ਰੈੱਸ ਆਜ਼ਾਦੀ ਸੂਚਕਾਂਕ-2019 ਵਿਚ ਉਸ ਨੇ ਵਿਸ਼ਵ ਵਿਚ ਪ੍ਰੈੱਸ ਦੀ ਆਜ਼ਾਦੀ ਬਾਰੇ ਸਪੱਸ਼ਟ ਕੀਤਾ ਹੈ ਕਿ ਕਿਸ ਤਰ੍ਹਾਂ ਦੁਨੀਆ ਭਰ ਵਿਚ ਪੱਤਰਕਾਰ ਹਿੰਸਾ ਤੇ ਦਹਿਸ਼ਤ ਦਾ ਸ਼ਿਕਾਰ ਹੋ ਰਹੇ ਹਨ।

ਸਾਊਦੀ ਅਰਬ ਦੇ ਜਮਾਲ ਖਗੋਸ਼ੀ ਦੀ ਸਾਜਿਸ਼ ਨਾਲ ਹੱਤਿਆ ਪੱਤਰਕਾਰਾਂ ਪ੍ਰਤੀ ਅਜਿਹੀ ਹੀ ਨਫ਼ਰਤ ਦੀ ਜਿਊਂਦੀ-ਜਾਗਦੀ ਉਦਾਹਰਨ ਹੈ। ਭਾਰਤ ਬਾਰੇ ਉਸ ਦੀ ਰਿਪੋਰਟ ਹੈ ਕਿ ਭਗਵੇਂ ਰਾਸ਼ਟਰਵਾਦੀ ਦਹਿਸ਼ਤ ਮਚਾ ਰਹੇ ਹਨ ਤੇ ਪੱਤਰਕਾਰ ਉਹਨਾਂ ਦਾ ਨਿਸ਼ਾਨਾ ਬਣ ਰਹੇ ਹਨ। ‘ਰਿਪੋਰਟਸ ਵਿਦਾਊਟ ਬਾਰਡਰਜ਼’ ਦੀ ਰਿਪੋਰਟ ਅਨੁਸਾਰ ਭਾਰਤੀ ਪੱਤਰਕਾਰਾਂ ਨੂੰ ਕਈ ਤਰ੍ਹਾਂ ਦੇ ਖ਼ਤਰਿਆਂ ਨਾਲ ਜੂਝਣਾ ਪੈਂਦਾ ਹੈ। ਸਾਲ 2018 ਵਿਚ ਭਾਰਤ ਵਿਚ 6 ਪੱਤਰਕਾਰਾਂ ਦੀ ਹੱਤਿਆ ਕਰ ਦਿੱਤੀ ਗਈ, ਜਦ ਕਿ ਸਤਵੇਂ ਮਾਮਲੇ ਵਿਚ ਵੀ ਸ਼ੱਕ ਜ਼ਾਹਰ ਕੀਤਾ ਗਿਆ ਹੈ। ਕਈ ਪੱਤਰਕਾਰਾਂ ’ਤੇ ਜਾਨਲੇਵਾ ਹਮਲੇ ਕੀਤੇ ਗਏ, ਸੋਸ਼ਲ ਮੀਡੀਆ ’ਤੇ ਵੀ ਜਾਨੋ ਮਾਰਨ ਦੀ ਧਮਕੀਆਂ ਮਿਲੀਆਂ। ਇੱਥੋਂ ਤੱਕ ਜਿੱਥੇ ਭਾਰਤੀ ਭਗਵੇਂ ਦਹਿਸ਼ਤਗਰਦ ਸਰਗਰਮ ਹਨ, ਉੱਥੇ ਮੀਡੀਆ ਦਾ ਕੰਮ ਕਰਨਾ ਹੋਰ ਵੀ ਔਖਾ ਹੈ। ਸੰਗਠਨ ਦੀ ਰਿਪੋਰਟ ਵਿਚ ਇਕ ਹਿੰਦੀ ਅਖ਼ਬਾਰ ਦੇ ਦੋ ਪੱਤਰਕਾਰਾਂ ਨਵੀਨ ਨਿਸ਼ਚਲ ਅਤੇ ਵਿਜੈ ਸਿੰਘ ਦੀ ਹੱਤਿਆ ਦਾ ਜ਼ਿਕਰ ਕਰਦੇ ਹੋਏ ਪਹਿਲਾਂ ਵੀ ਇਹ ਖੁਲਾਸਾ ਕੀਤਾ ਜਾ ਚੁੱਕਾ ਹੈ ਕਿ ਭਾਰਤ ਵਿਚ ਪੱਤਰਕਾਰਾਂ ਦੇ ਕਤਲਾਂ ਲਈ ਘਿਨਾਉਣੇ ਤਰੀਕਿਆਂ ਦੀ ਵਰਤੋਂ ਕੀਤੀ ਗਈ। ਜ਼ਿਕਰ ਕੀਤਾ ਗਿਆ ਹੈ ਕਿ ਬਿਹਾਰ ਦੇ ਇਕ ਗ੍ਰਾਮ ਪ੍ਰਧਾਨ ਨੇ ਆਪਣੇ ਵਿਰੁੱਧ ਰਿਪੋਰਟਿੰਗ ਕਰਨ ਸਬੰਧੀ ਪਿਛਲੇ ਸਾਲ 25 ਮਾਰਚ ਨੂੰ ਕਿਸ ਤਰ੍ਹਾਂ ਇਨ੍ਹਾਂ ਦੋ ਪੱਤਰਕਾਰਾਂ ’ਤੇ ਕਾਰ ਚੜ੍ਹਾ ਕੇ ਇਨ੍ਹਾਂ ਦਾ ਕਤਲ ਕਰ ਦਿੱਤਾ ਸੀ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿਚ ਸਥਾਨਿਕ ਖੁਦਾਈ ਮਾਫੀਆ ’ਤੇ ਰਿਪੋਰਟਿੰਗ ਕਰ ਰਹੇ ਇਕ ਪੱਤਰਕਾਰ ’ਤੇ ਟਰੱਕ ਚੜ੍ਹਾ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ।

‘ਰਿਪੋਰਟਸ ਵਿਦਾਊਟ ਬਾਰਡਰਜ਼’ ਦੇ ਅਨੁਸਾਰ ਪੱਤਰਕਾਰਾਂ ਦੇ ਲਿਹਾਜ਼ ਨਾਲ ਦੁਨੀਆ ਦੇ 5 ਸਭ ਤੋਂ ਖ਼ਤਰਨਾਕ ਦੇਸ਼ਾਂ ਵਿਚ ਭਾਰਤ ਤੋਂ ਇਲਾਵਾ ਅਮਰੀਕਾ, ਮੈਕਸੀਕੋ, ਯਮਨ, ਸੀਰੀਆ ਅਤੇ ਅਫ਼ਗਾਨਿਸਤਾਨ ਵੀ ਸ਼ਾਮਿਲ ਹਨ।

ਲੰਘੇ ਸਾਲ ਅਫ਼ਗਾਨਿਸਤਾਨ ਵਿਚ ਸਭ ਤੋਂ ਜ਼ਿਆਦਾ 15 ਪੱਤਰਕਾਰਾਂ ਦੇ ਕਤਲ ਕੀਤੇ ਗਏ ਅਤੇ ਪੱਤਰਕਾਰਾਂ ’ਤੇ ਹਮਲਿਆਂ ਦੀ ਇਸ ਸੂਚੀ ਵਿਚ ਉਹ ਸਿਖ਼ਰ ’ਤੇ ਹੈ। ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਸਭ ਤੋਂ ਬਿਹਤਰ ਸਥਿਤੀ ਨਾਰਵੇ ਦੀ ਹੈ। ਪ੍ਰੈੱਸ ਆਜ਼ਾਦੀ ਸੂਚਕਾਂਕ ਵਿਚ ਸਿਖ਼ਰਲੇ 10 ਦੇਸ਼ਾਂ ਵਿਚ ਫਿਨਲੈਂਡ, ਸਵੀਡਨ, ਨੀਦਰਲੈਂਡ, ਡੈਨਮਾਰਕ, ਸਵਿਟਜ਼ਰਲੈਂਡ, ਨਿਊਜ਼ੀਲੈਂਡ, ਜਮਾਇਕਾ, ਬੈਲਜੀਅਮ ਅਤੇ ਕੋਸਟਾਰਿਕਾ ਸ਼ਾਮਿਲ ਹਨ, ਜਦ ਕਿ ਸਭ ਤੋਂ ਘੱਟ ਪ੍ਰੈੱਸ ਆਜ਼ਾਦੀ ਵਾਲੇ ਦੇਸ਼ਾਂ ਵਿਚ ਤੁਰਕਮੇਨਿਸਤਾਨ, ਉੱਤਰ ਕੋਰੀਆ, ਇਰੀਟ੍ਰੀਆ, ਚੀਨ, ਵੀਅਤਨਾਮ, ਸੁਡਾਨ, ਸੀਰੀਆ, ਜਿਬੂਤੀ, ਸਾਊਦੀ ਅਰਬ ਅਤੇ ਲਾਓਸ ਸ਼ਾਮਿਲ ਹਨ। ਪਾਕਿਸਤਾਨ 3 ਸਥਾਨ ਖਿਸਕ ਕੇ 142ਵੇਂ ਸਥਾਨ ’ਤੇ ਜਦ ਕਿ ਬੰਗਲਾਦੇਸ਼ 4 ਸਥਾਨ ਖਿਸਕ ਕੇ 150ਵੇਂ ਨੰਬਰ ’ਤੇ ਪਹੁੰਚ ਗਿਆ ਹੈ। ਜਿਥੋਂ ਤੱਕ ਭਾਰਤ ਵਿਚ ਮੀਡੀਆ ਦੀ ਆਜ਼ਾਦੀ ਦੀ ਗੱਲ ਹੈ ਤਾਂ ਇਸ ਬਾਰੇ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਇਸ ਸਮੇਂ ਅਸੀਂ ਦੂਸਰੀ ਐਮਰਜੈਂਸੀ ਦੇ ਦੌਰ ਵਿਚੋਂ ਲੰਘ ਰਹੇ ਹਾਂ।

ਲੋਕਤੰਤਰ ਦੇ ਚੌਥੇ ਥੰਮ ‘ਪੱਤਰਕਾਰਤਾ’ ਦੀਆਂ ਕਦਰਾਂ-ਕੀਮਤਾਂ, ਨਿਰਪੱਖਤਾ ਅਤੇ ਮਾਨਤਾਵਾਂ ਨੂੰ ਅਜੋਕੇ ਕਾਰਪੋਰੇਟ ਮੀਡੀਆ ਦੇ ਯੁੱਗ ਦੌਰਾਨ ਭਾਰਤ ਵਿਚ ਬਹਾਲ ਰੱਖਣਾ ਜਿੱਥੇ ਬਹੁਤ ਵੱਡਾ ਚੈਲਿੰਜ ਹੈ, ਉਥੇ ‘ਪੱਤਰਕਾਰਤਾ ਦੀ ਆਜ਼ਾਦੀ’ ਅਤੇ ‘ਪੱਤਰਕਾਰਾਂ ਦੀ ਸੁਰੱਖਿਆ’ ਵੀ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ ਹਨ। ਬਦਲਦੇ ਹਾਲਾਤਾਂ ਦੌਰਾਨ ਪੱਤਰਕਾਰਾਂ ਨੂੰ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੁੰਦਿਆਂ ਆਪਣੇ ਅਧਿਕਾਰਾਂ ਪ੍ਰਤੀ ਵੀ ਜਾਗਰੂਕ ਰਹਿਣਾ ਚਾਹੀਦਾ ਹੈ।



ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

ਇਕਵਾਕ ਸਿੰਘ ਪੱਟੀ

12 ਮਈ 'ਮਾਂ ਦਿਵਸ ਤੇ ਵਿਸ਼ੇਸ਼'

# ਮਾਂ ਵਿਹੜੇ ਦੀ ਰਾਣੀ

ਹੱਥਲੇ ਲੇਖ ਨੂੰ ਜੇ ਪ੍ਰੋ. ਮੋਹਨ ਸਿੰਘ ਦੀਆਂ ਲਿਖਤ ਕੁਝ ਸਤਰਾਂ ਤੋਂ ਸ਼ੁਰੂ ਨਾ ਕਰਾਂ ਤਾਂ ਇਸ ਲੇਖ ਨਾਲ ਨਾ-ਇਨਸਾਫੀ ਹੋਵੇਗੀ, ਪ੍ਰੋ. ਮੋਹਨ ਸਿੰਘ ਜੀ ਲਿਖਦੇ ਹਨ :

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।

ਭਾਵੇਂ ਕਿ ਮਨੁੱਖ ਦਾ ਇੱਕ ਦਿਨ ਤਾਂ ਕੀ ਇੱਕ ਸਾਹ ਵੀ ਮਾਂ ਤੋਂ ਬਿਨਾ ਪੂਰਾ ਨਹੀਂ ਹੋ ਸਕਦਾ, ਪਰ ਫਿਰ ਵੀ ਇੱਕ ਖਾਸ ਤਰ੍ਹਾਂ ਮਾਂ ਨੂੰ ਯਾਦ ਕਰਨ ਲਈ, ਮਾਂ ਨੂੰ ਆਪਣੀ ਜਿੰਦਗੀ ਵਿੱਚੋਂ ਇੱਕ ਸਾਲ ਦਾ ਇੱਕ ਦਿਨ ਪੂਰੀ ਤਰ੍ਹਾਂ ਸਮਰਪਤ ਕਰਨ ਲਈ 'ਮਾਂ ਦਿਵਸ' ਬਣਾਇਆ ਗਿਆ, ਬਿਨਾ ਸ਼ੱਕ ਇੱਕ ਦਿਨ ਤਾਂ ਕੀ ਮਨੁੱਖ ਦਾ ਪੂਰਾ ਜੀਵਨ ਵੀ ਮਾਂ ਨੂੰ ਸਮਰਪਿਤ ਹੋ ਕੇ ਲੰਘ ਜਾਵੇ ਤਾਂ ਵੀ ਉਸ ਦਾ ਕਰਜ਼ ਨਹੀਂ ਚੁਕਾਇਆ ਜਾ ਸਕਦਾ। ਕਿਸੇ ਨੂੰ ਬਹੁਤ ਖ਼ੂਬ ਲਿਖਿਆ ਹੈ ਕਿ, 'ਜੁਗਾਂ ਜੁਗਾਂ ਤੱਕ ਜਿਊਂਦੀ ਰਹੇ, ਮਾਂ ਵਿਹੜੇ ਦੀ ਰਾਣੀ।' ਅਮਰੀਕਾ ਦੀ ਇਕ ਡਾਕਟਰੀ ਯੂਨੀਵਰਸਿਟੀ ਦੇ ਮਨੋਵਿਗਿਆਨ ਦੇ ਪ੍ਰੋਫ਼ੈਸਰ ਐਲਨ ਸ਼ੌਰ ਨੇ ਕਿਹਾ : "ਸਭ ਤੋਂ ਪਹਿਲਾਂ ਇਕ ਬੱਚਾ ਆਪਣੀ ਮਾਂ ਨਾਲ ਪਿਆਰ ਕਰਨਾ ਸਿੱਖਦਾ ਹੈ ਤੇ ਫਿਰ ਇਹ ਪਿਆਰ ਇਕ ਨਮੂਨਾ ਬਣ ਜਾਂਦਾ ਹੈ ਜਿਸ ਦੇ ਅਧਾਰ ਤੇ ਉਹ ਬਾਕੀਆਂ ਨਾਲ ਪਿਆਰ ਕਰਨਾ ਸਿੱਖਦਾ ਹੈ।" ਖੈਰ! ਮਈ ਦੇ ਦੂਜੇ ਐਤਵਾਰ ਇਹ ਦਿਨ ਮਾਂ ਦਿਵਸ ਦੇ ਤੌਰ ਤੇ ਮਨਾਉਣਾ ਸ਼ੁਰੂ ਹੋਇਆ।

ਇਸ ਦਿਨ ਨੂੰ ਮਨਾਏ ਜਾਣ ਦੇ ਇਤਿਹਾਸ ਵੱਲ ਜਾਈਏ ਤਾਂ 10 ਮਈ 1908 ਨੂੰ ਗਰਾਟਨ 'ਚ 'ਸੰਤ ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ 'ਮਦਰਸ ਡੇ' ਮਨਾਇਆ। ਇਹ ਉਹ ਥਾਂ ਸੀ ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। 12 ਦਸੰਬਰ 1912 'ਚ 'ਦਿ ਮਦਰਸ ਡੇ ਇੰਟਰਨੈਸ਼ਨਲ ਐਸੋਸੀਏਸ਼ਨ' ਦਾ ਗਠਨ ਹੋਇਆ। ਇਹ ਸਭ ਦੇਖਦਿਆਂ 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ 'ਮਦਰਸ ਡੇ' ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ।

ਇੱਕ ਸੋਮੇ ਅਨੁਸਾਰ ਸਾਲ 1870 ਵਿੱਚ ਅਮਰੀਕੀ ਸਮਾਜ ਸੇਵਿਕਾ 'ਜੂਲੀਆ ਵਾਰਡ ਹੋਵੇ' ਨੇ ਪਹਿਲੀ ਵਾਰ ਇਸ ਦਾ ਨਾਮ 'ਅਮਰੀਕੀ ਸਿਵਲ ਵਾਰ' ਅਤੇ 'ਫ੍ਰੈਂਕੋ ਪਰਸ਼ੀਅਨ ਵਾਰ' ਦੀ ਬਰਬਾਦੀ ਦੇਖ ਕੇ ਲਿਆ। ਜੂਲੀਆ ਨੇ ਅੰਤਰਰਾਸ਼ਟਰੀ ਪੀਸ ਕਾਨਫਰੰਸ, ਜੋ ਲੰਡਨ ਅਤੇ ਪੈਰਿਸ 'ਚ ਹੋਈ ਸੀ, 'ਚ ਸ਼ਾਂਤੀ ਦਾ ਮੁੱਦਾ ਚੁੱਕਿਆ। ਉਨ੍ਹਾਂ ਨੇ ਇਕੱਲਿਆਂ ਹੀ ਸਭ ਔਰਤਾਂ ਨੂੰ ਯੁੱਧ ਦੇ ਵਿਰੋਧ 'ਚ ਖੜ੍ਹੇ ਹੋਣ ਦੀ ਪ੍ਰਾਰਥਨਾ ਕੀਤੀ। ਉਸੇ ਸਾਲ ਜੂਲੀਆ ਨੇ 'ਬੋਸਟਨ' 'ਚ ਇੱਕ ਜ਼ਬਰਦਸਤ ਭਾਸ਼ਣ ਦਿੱਤਾ ਜੋ ਅਸਲ 'ਚ ਸ਼ਾਂਤੀ ਲਈ 'ਮਦਰਸ ਡੇ' ਦਾ ਮੁੱਦਾ ਸੀ। ਇਹ ਕਈ ਭਾਸ਼ਾਵਾਂ ਵਿੱਚ ਛਾਪਿਆ ਤੇ ਵੰਡਿਆ ਗਿਆ। ਜੂਲੀਆ ਨੂੰ ਸ਼ਾਂਤੀ ਲਈ 'ਮਦਰਸ ਡੇ' ਦਾ ਵਿਚਾਰ 'ਐਨ ਮੈਰੀ ਰੀਵਜ਼ ਜਾਰਵਿਸ' ਤੋਂ ਮਿਲਿਆ ਸੀ, ਜਿਸ ਨੇ 1858 'ਚ ਸਾਫ-ਸਫਾਈ ਦੀ ਮੁਹਿੰਮ ਚਲਾਈ, ਜਿਸ ਨੂੰ ਉਸ ਨੇ 'ਮਦਰਸ ਫ੍ਰੈਂਡਸ਼ਿਪ ਡੇ' ਦਾ ਨਾਮ ਦਿੱਤਾ ਗਿਆ ਸੀ। ਫਿਰ ਸੰਨ 1900 'ਚ ਜਾਰਵਿਸ ਸਿਵਲ ਵਾਰ ਤੋਂ ਬਾਅਦ ਲੋਕਾਂ ਨੂੰ ਦੁਬਾਰਾ ਵਸਾਉਣ ਲੱਗ ਪਈ। ਪਿੱਛੋਂ ਜਾਰਵਿਸ ਦੀ ਬੇਟੀ ਐਨਾ ਜਾਰਵਿਸ ਨੇ ਇਸ ਦਿਨ ਨੂੰ ਅੱਜ ਦੇ ਯੁੱਗ 'ਚ ਮਨਾਏ ਜਾਣ ਵਾਲੇ 'ਮਦਰਸ ਡੇ' ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ।



ਆਪਣੀ ਜਿੰਦਗੀ ਦੇ ਆਖੀਰਲੇ ਸਮੇਂ ਐਨ ਮੈਰੀ ਰੀਵਜ਼ ਜਾਰਵਿਸ ਬਹੁਤ ਬਿਮਾਰ ਰਹੀ ਅਤੇ ਆਖਿਰ 9 ਮਈ 1905 ਨੂੰ ਉਸ ਦਾ ਦਿਹਾਂਤ ਹੋ ਗਿਆ। ਉਸ ਦੀ ਬੇਟੀ ਐਨਾ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ, ਇਥੋਂ ਤਕ ਕਿ ਉਸ ਨੇ ਵਿਆਹ ਵੀ ਨਹੀਂ ਕਰਵਾਇਆ। ਐਨਾ ਸਮਾਜਿਕ ਵਰਤਾਰੇ ਤੋਂ ਮਹਿਸੂਸ ਕਰਦੀ ਸੀ ਕਿ ਅਕਸਰ ਬੱਚੇ ਮਾਂ ਦੇ ਜੀਵਨ ਕਾਲ 'ਚ ਉਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਅਤੇ ਮਾਂ ਨੂੰ ਓਨਾ ਮਹੱਤਵ ਨਹੀਂ ਦਿੰਦੇ ਜਿਸ ਦੀ ਉਹ ਹੱਕਦਾਰ ਹੁੰਦੀ ਹੈ। ਐਨਾ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੀ ਸੀ। 1907 'ਚ ਐਨਾ ਨੇ ਆਪਣੇ ਦੋਸਤਾਂ ਨੂੰ ਦੱਸਿਆ ਕਿ ਉਹ ਆਪਣੀ ਮਾਂ ਦੀ ਚਲਾਈ ਮੁਹਿੰਮ ਨੂੰ ਆਪਣਾ ਜੀਵਨ ਸਮਰਪਿਤ ਕਰਨਾ ਚਾਹੁੰਦੀ ਹੈ ਅਤੇ ਇੱਕ 'ਮਦਰਸ ਡੇ' ਬਣਾਉਣਾ ਚਾਹੁੰਦੀ ਹੈ, ਜੋ ਜੀਵਤ ਅਤੇ ਮਰ ਚੁੱਕੀਆਂ ਸਭ ਮਾਵਾਂ ਦੀ ਯਾਦ 'ਚ ਹੋਵੇ। ਉਸ ਨੇ ਆਪਣੇ ਦੋਸਤਾਂ/ਨਜ਼ਦੀਕੀਆਂ ਨਾਲ ਰਲ ਕੇ ਇੱਕ ਲਹਿਰ ਚਲਾਈ, ਜਿਸ 'ਚ ਉਹ ਮੰਤਰੀਆਂ, ਵਪਾਰੀਆਂ ਅਤੇ ਕਾਂਗਰਸੀਆਂ ਭਾਵ ਅੰਤਰਰਾਸ਼ਟਰੀ ਮਹਿਲਾ ਪੀਸ ਕਾਂਗਰਸ ਦੇ ਮੈਂਬਰਾਂ ਨੂੰ ਲਗਾਤਾਰ ਪੱਤਰ-ਵਿਹਾਰ ਰਾਹੀਂ ਮਜਬੂਰ ਕਰਦੀ ਰਹੀ ਕਿ 'ਮਦਰਸ ਡੇ' ਨੂੰ ਨੈਸ਼ਨਲ ਡੇ ਮੰਨ ਕੇ ਛੁੱਟੀ ਐਲਾਨੀ ਜਾਵੇ। ਉਸ ਨੂੰ ਲੱਗਦਾ ਸੀ ਕਿ ਇੰਝ ਕਰਨ ਨਾਲ ਬੱਚਿਆਂ ਦੇ ਮਨ 'ਚ ਮਾਤਾ-ਪਿਤਾ ਲਈ ਇੱਜ਼ਤ ਵਧ ਜਾਵੇਗੀ।

ਅਜੋਕੇ ਦੌਰ ਵਿੱਚ ਦੁਨੀਆ ਭਰ ਵਿੱਚ ਇਹ ਦਿਨ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪ੍ਰਸਿੱਧ ਮੈਗਜ਼ੀਨ ਬ੍ਰਿਟਿਸ਼ ਸਮੀਖਿਆ ਦੇ ਮਾਰਚ-ਅਪ੍ਰੈਲ, 2005 ਦੇ ਅੰਕ ਵਿਚ ਇਹ ਦੱਸਿਆ ਗਿਆ ਸੀ ਕਿ ਬ੍ਰਿਟਿਸ਼ ਕੌਂਸਲ ਨੇ ਅੰਗਰੇਜ਼ੀ ਦੇ 70 ਸਭ ਤੋਂ ਜਿਆਦਾ ਸੁੰਦਰ ਸ਼ਬਦਾਂ ਦੀ ਚੋਣ ਕਰਨ ਲਈ 40000 ਲੋਕਾਂ ਤੇ ਸਰਵੇ ਕੀਤਾ ਇਨ੍ਹਾਂ ਸ਼ਬਦਾਂ ਦੀ ਸੂਚੀ ਵਿਚ ਜੋ ਪਹਿਲਾ ਸ਼ਬਦ ਆਇਆ ਹੈ, ਉਹ ਸੀ ਮਦਰ (ਮਾਂ)।

ਦੋਸਤੋ! ਅੱਜ ਭੱਜ ਦੌੜ ਦੀ ਜਿੰਦਗੀ ਵਿੱਚ ਕਿਤੇ ਨਾ ਕਿਤੇ ਤਾਂ ਅਸੀਂ ਉਸ ਕਾਮੇ ਨੂੰ ਭੁੱਲ ਹੀ ਜਾਂਦੇ ਹਾਂ, ਜੋ ਸਾਡੇ ਜੰਮਣ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ ਅਤੇ ਅਗਾਂਹ ਵੀ ਬਿਨ੍ਹਾਂ ਕਿਸੇ ਸਵਾਰਥ ਸਾਡਾ ਧਿਆਨ, ਸਾਡੀ ਚਿੰਤਾ, ਸਾਡਾ ਫਿਕਰ ਕਰਦਾ ਹੈ ਭਾਵ ਸਾਡੀ ਮਾਂ। ਬੱਚਿਆਂ ਪ੍ਰਤੀ ਮਾਂ ਦੇ ਪਿਆਰ ਬਾਰੇ ਗੁਰਬਾਣੀ ਵੀ ਹਾਮੀ ਭਰਦੀ ਹੈ। 'ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਸਿ ਨ ਰਾਖਸਿ ਤੇਤੇ॥' ਬੱਚੇ ਭਾਵੇਂ ਜਿੰਨੀਆਂ ਮਰਜ਼ੀ ਗਲਤੀਆਂ ਕਰਦੇ ਰਹਿਣ ਪਰ ਮਾਂ ਆਪਣੇ ਬੱਚਿਆਂ ਲਈ ਹਮੇਸ਼ਾਂ ਦਇਆਵਾਨ ਰਹਿੰਦੀ ਹੋਈ ਬੱਚਿਆਂ ਦੀ ਹਰ ਗਲਤੀ ਨੂੰ ਭੁਲਾ ਦਿੰਦੀ ਹੈ। ਇਹ ਉਹ ਕਾਮਾ ਹੈ ਜੋ ਕਦੇ ਥੱਕਦਾ ਨਹੀਂ, ਭਾਵੇਂ ਬਿਮਾਰ ਹੋਵੇ ਤਾਂ ਵੀ, ਤੇ ਨਾ ਹੀ ਇਹ ਆਪਣੇ ਘਰ ਪ੍ਰਤੀ ਅਤੇ ਆਪਣੇ ਬੱਚਿਆਂ ਪ੍ਰਤੀ ਜਿੰਮੇਵਾਰੀਆਂ ਨੂੰ ਨਿਭਾਉਣ ਵੇਲੇ ਨਾ ਦਿਨ ਦੇਖਦਾ ਹੈ ਨਾ ਰਾਤ। ਬਸ ਆਪਣਾ ਫਰਜ਼ ਪੂਰੀ ਸ਼ਿੱਦਤ ਨਾਲ ਨਿਰਸਵਾਰਥ ਹੋ ਕੇ ਨਿਭਾਉਂਦਾ ਹੈ। ਬਹੁਤ ਕੁਝ ਲਿਖ ਕੇ ਵੀ, ਕੁਝ ਨਹੀਂ ਲਿਖ ਸਕਾਂਗਾ। ਬਸ ਰੱਬ ਅੱਗੇ ਇਹੀ ਦੁਆ ਹੈ ਹੋ ਗਾਇਕ ਰਣਜੀਤ ਬਾਵਾ ਵੱਲੋਂ ਇੱਕ ਪੰਜਾਬੀ ਗੀਤ ਰਾਹੀਂ ਵੀ ਜ਼ਾਹਰ ਕੀਤੀ ਗਈ ਹੈ 'ਮੇਰੀ ਮਾਂ ਨੂੰ ਹਮੇਸ਼ਾਂ ਖੁਸ਼ ਰੱਖੇ ਕਰਤਾਰ'। ਸੋ ਦੋਸਤੋ! ਘੜੀ ਮਾਂ ਕੋਲ ਬੈਠ ਕੇ ਵੀ ਆਪਣੇ ਦਿਲ ਦਾ ਕੁਝ ਸਾਂਝਾ ਕਰਿਆ ਕਰੋ, ਇਹੀ ਹੈ ਉਸ ਦਾ ਮਿਹਨਤਾਨਾ ਜੋ ਉਹ ਦਿਲੋਂ ਚਾਹੁੰਦੀ ਹੈ, ਜੇ ਅਸੀਂ ਦੇ ਸਕੀਏ ਤਾਂ ਜ਼ਰੂਰ ਕੋਸ਼ਿਸ਼ ਕਰਕੇ ਦੇਖਣਾ। ਰੱਬ ਰਾਖਾ!


ਨਵੀਂ ਕਿਤਾਬ




ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info

# ਜਲ੍ਹਿਆਂਵਾਲੇ ਬਾਗ ਦਾ ਸਾਕਾ

**ਡਾ. ਗੁਰੁਮੇਲ ਸਿੱਧੂ**

**ਆਖਰੀ ਕਿਸ਼ਤ**

ਮਾਈਕਲ ਓਡਵਾਇਰ ਦਾ ਕਤਲ-

ਮਾਰਚ 12, 1940 ਨੂੰ ਊਧਮ ਸਿੰਘ ਨੇ ਅਚਾਨਕ ਕੁਝ ਦੋਸਤਾਂ ਨੂੰ ਪੰਜਾਬੀ-ਖਾਣੇ ਦੀ ਦਾਅਵਤ ਦਿੱਤੀ। ਉਸ ਦੇ ਮੁੱਖ 'ਤੇ ਨੂਰ ਸੀ, ਮੱਥਾ ਦਗ ਰਿਹਾ ਸੀ ਤੇ ਖੁਸ਼ੀ ਨਾਲ ਫੁੱਲੇ ਨਹੀਂ ਸੀ ਸਮਾਉਂਦਾ। ਖਾਣੇ ਤੋਂ ਬਾਅਦ ਲੱਡੂ ਵੰਡੇ; ਲੱਡੂ ਓਦੋਂ ਵੰਡਦੇ ਹਨ ਜਦ ਕੋਈ ਸ਼ੁਭ ਕੰਮ ਅਰੰਭਣਾ ਹੋਵੇ। ਉਸ ਨੇ ਰੱਜ ਕੇ ਲੱਡੂ ਖਾਧੇ ਤੇ ਦੋਸਤਾਂ ਨੂੰ ਖਿਲਾਏ। ਤੁਰਨ ਵੇਲੇ ਉਨ੍ਹਾਂ ਨੂੰ ਕਿਹਾ, "ਕੱਲ੍ਹ ਨੂੰ ਲੰਡਨ ਵਿਚ ਦੇਖਣ-ਸੁਣਨ ਲਈ ਇਕ ਅਦਭੁੱਤ ਨਜ਼ਾਰਾ ਮਿਲੇਗਾ। ਬ੍ਰਿਟਿਸ਼ ਸਰਕਾਰ ਦੀਆਂ ਜੜ੍ਹਾਂ ਹਿੱਲ ਜਾਣਗੀਆਂ।" (ਮੋਗੋਵਾਲੀਆ, 1969)। ਪਾਰਟੀ ਤੋਂ ਪਹਿਲਾਂ ਉਹ ਇੰਡੀਅਨ ਦਫ਼ਤਰ ਤੋਂ ਹੋ ਕੇ ਆਇਆ ਸੀ। ਓਥੇ ਇਸ਼ਤਿਹਾਰ ਦੇਖਿਆ ਸੀ ਜਿਸ ਵਿਚ ਇਤਲਾਹ ਦਿੱਤੀ ਗਈ ਸੀ ਕਿ, 'ਈਸਟ ਇੰਡੀਅਨ ਐਸੋਸੀਏਸ਼ਨ' ਅਤੇ 'ਰੁਆਇਲ ਸੈਂਟ੍ਰਲ ਏਸ਼ੀਅਨ ਸੁਸਾਇਟੀ' ਵਲੋਂ, ਕੈਕਸਟਨ ਹਾਲ ਦੇ ਟਿਊਡਰ ਕਮਰੇ ਵਿਚ, ਮਾਰਚ 13, 1940 ਨੂੰ ਸ਼ਾਮ ਦੇ ਤਿੰਨ ਵਜੇ, ਮੀਟਿੰਗ ਹੋ ਰਹੀ ਹੈ। ਬੁਲਾਰੇ ਸਨ: ਸਰ ਮਾਈਕਲ ਓਡਵਾਇਰ, ਭੂਤਕਾਲੀ ਗਵਰਨਰ ਆਫ ਪੰਜਾਬ; ਲੌਰਡ ਜ਼ੈਟਲੈਂਡ, ਸੈਕਟਰੀ ਆਫ ਸਟੇਟ ਫਾਰ ਇੰਡੀਆ; ਸਰ ਲੂਈਜ਼ ਵਿਲੀਅਮ ਡੇਨ, ਭੂਤਕਾਲੀ ਸੈਕਟਰੀ ਫਾਰ ਗਵਰਨਰ ਆਫ ਪੰਜਾਬ; ਅਤੇ ਲੌਰਡ ਲੈਮਿੰਗਟਨ, ਭੂਤਕਾਲੀ ਗਵਰਨਰ ਆਫ ਬੰਬਈ। ਮੀਟਿੰਗ ਸਮੇਂ ਸਿਰ ਸ਼ੁਰੂ ਹੋਈ ਤੇ ਪ੍ਰਧਾਨਗੀ ਲਾਰਡ ਜੈਟਲੈਂਡ ਨੇ ਕੀਤੀ। ਹਾਲ ਖਚਾਖਚ ਭਰਿਆ ਹੋਇਆ ਸੀ, 400 ਬੰਦਾ ਕੁਰਸੀਆਂ ਤੇ ਬੈਠਾ ਸੀ ਅਤੇ 50 ਕੁ ਹਾਲ ਦੇ ਦੋਹੀਂ ਪਾਸੀਂ ਖੜ੍ਹੇ ਸਨ (The Daily Telegraph, 1940)। ਸੂਟਿਡ-ਬੂਟਿਡ ਊਧਮ ਸਿੰਘ ਵੀ ਪਹੁੰਚ ਗਿਆ। ਉਸ ਦੇ ਤੇੜ ਧਾਰੀਆਂ ਵਾਲਾ ਅਸਮਾਨੀ ਰੰਗ ਦਾ ਸੂਟ ਸੀ, ਗਲ਼ 'ਚ ਲਾਲ ਟਾਈ ਅਤੇ ਸਿਰ 'ਤੇ ਅੰਗਰੇਜ਼ੀ ਟੋਪ ਸੀ। ਉੱਪਰ ਓਵਰ ਕੋਟ (ਜਿਸ ਨੂੰ ਲੰਡਨ ਫੌਗ ਕਹਿੰਦੇ ਹਨ) ਪਾਇਆ ਹੋਇਆ ਸੀ। ਪਹਿਰਾਵੇ ਪੱਖੋਂ ਪੂਰਾ ਅੰਗ੍ਰੇਜ਼ ਲਗਦਾ ਸੀ। ਲੰਡਨ ਜਾਣ ਤੋਂ ਪਹਿਲਾਂ ਉਹ ਕੌਵੈਂਟਰੀ ਦੇ ਇਕ ਪ੍ਰਵਾਰ (ਜੋ ਮੇਰੇ ਪਿੰਡ ਪਾਸਲੇ ਤੋਂ ਹੈ) ਦੇ ਘਰ ਕੁਝ ਦਿਨ ਠਹਿਰਿਆ। ਉਸ ਵੇਲੇ ਦੀ ਇਕ ਫੋਟੋ ਮੇਰੇ ਪਾਸ ਹੈ ਜਿਸ ਤੋਂ ਅੰਦਾਜ਼ਾ ਹੋ ਜਾਵੇਗਾ ਕਿ ਊਧਮ ਸਿੰਘ ਦਾ ਪਹਿਰਾਵਾ ਕਿੱਦਾਂ ਦਾ ਸੀ (ਚਿਤਰ-1)।



**ਚਿਤਰ1: ਊਧਮ ਸਿੰਘ ਦੀ ਪੂਰਨ ਸਿੰਘ ਬਿਨੰਗ ਨਾਲ ਫੋਟੋ।**

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਊਧਮ ਸਿੰਘ ਹਾਲ ਦੇ ਪਿਛਲੇ ਪਾਸੇ ਕੁਰਸੀ ਤੇ ਬਹਿ ਗਿਆ। ਮੀਟਿੰਗ ਸ਼ੁਰੂ ਹੁੰਦਿਆਂ ਸਾਰ ਉੱਠ ਕੇ ਕੰਧ ਨਾਲ ਖੜ੍ਹੀ ਭੀੜ ਵਿਚੋਂ ਲੰਘਦਾ ਹੋਇਆ ਸੀਟਾਂ ਦੀ ਮੂਹਰਲੀ ਕਤਾਰ ਦੇ ਸੱਜੇ ਪਾਸੇ ਖੜ੍ਹ ਗਿਆ। ਲੌਰਡ ਜੈਟਲੈਂਡ ਪ੍ਰਧਾਨਗੀ ਕਰ ਰਿਹਾ ਸੀ ਅਤੇ ਉਸ ਦੇ ਆਲੇ ਦੁਆਲੇ ਸਰ ਪਰਸੀ ਸਾਇਕ, ਅਤੇ ਫ੍ਰੈਂਕ ਬ੍ਰਾਊਨ ਪੋਡੀਅਮ ਉੱਪਰ ਬੈਠੇ ਸਨ। ਮਾਈਕਲ ਓਡਵਾਇਰ ਪੋਡੀਅਮ ਤੋਂ ਹੇਠਾਂ ਮੋਹਰਲੀ ਕਤਾਰ ਵਿਚ ਬੈਠਾ ਸੀ। ਉਸ ਦੇ ਦੁਆਲੇ ਲੌਰਡ ਲੁਈ ਡੇਨ ਅਤੇ ਲੌਰਡ ਲੈਮਿੰਗਟਨ ਬੈਠੇ ਸਨ (The Times, London, March,1940)। ਸਰ ਪਰਸੀ ਸਾਈਕਸ ਨੇ ਅਫਗਾਨਿਸਤਾਨ ਦੇ ਰਾਜਨੀਤਕ ਹਾਲ ਬਾਰੇ 45 ਮਿੰਟ ਕੁੰਜੀਵਤ ਭਾਸ਼ਣ ਦਿੱਤਾ। ਲੌਰਡ ਜੈਟਲੈਂਡ ਨੇ ਮੁੱਖ ਮਹਿਮਾਨਾਂ ਦੀ ਜਾਣ ਪਹਿਚਾਣ ਕਰਾਈ। ਓਡਵਾਇਰ ਨੇ ਵੀ ਭਾਸ਼ਣ ਦੇਣਾ ਸੀ, ਉਹ ਲੁਈ ਡੇਨ ਅਤੇ ਲੌਰਡ ਲੈਮਿੰਗਟਨ ਨਾਲ ਸਟੇਜ ਤੇ ਚੜ੍ਹਿਆ। ਊਧਮ ਸਿੰਘ ਹੌਲੀ-ਹੌਲੀ ਉਨ੍ਹਾਂ ਵੱਲ ਵਧਿਆ ਅਤੇ ਓਵਰ ਕੋਟ ਦੀ ਜੇਬ੍ਹ 'ਚੋਂ ਪਸਤੌਲ ਕੱਢ ਕੇ ਪੰਜਾਂ ਸਕਿੰਟਾਂ ਵਿਚ ਛੇ ਗੋਲੀਆਂ ਦਾਗ ਦਿੱਤੀਆਂ। ਓਡਵਾਇਰ ਦੇ ਦੋ ਗੋਲੀਆਂ ਲੱਗੀਆਂ, ਉਹ ਥਾਂ 'ਤੇ ਢੇਰੀ ਹੋ ਗਿਆ, ਜੈਟਲੈਂਡ ਦੇ ਮੋਢੇ ਵਿਚ ਇਕ ਗੋਲੀ ਲੱਗੀ ਪਰ ਬਚ ਗਿਆ। ਲੁਈਜ਼ ਡੇਨ ਦੀ ਬਾਂਹ ਦੀ ਹੱਡੀ (ਰੇਡੀਅਸ) ਵਿਚਦੀ ਇਕ ਗੋਲੀ ਲੰਘੀ ਤੇ ਉਹ ਭੁੰਜੇ ਡਿੱਗ ਪਿਆ। ਲੌਰਡ ਲੈਮਿੰਗਟਨ ਦੇ ਹੱਥ ਤੇ ਗੋਲੀ ਲੱਗੀ। ਹਾਲ ਵਿਚ ਹਫੜਾ-ਦਫੜੀ ਮਚ ਗਈ। ਊਧਮ ਸਿੰਘ ਨੇ ਬਚਣ ਦੀ ਕੋਸ਼ਿਸ਼ ਕੀਤੀ, ਨੱਠਣ ਲੱਗਿਆ ਤਾਂ ਇਕ ਮੋਟੀ ਸਾਰੀ ਲੇਡੀ, ਬਰਥਾ ਹੈਰਿੰਗ ਨੇ ਮੋਢਿਆਂ ਤੋਂ ਫੜ ਲਿਆ। ਪਸਤੌਲ ਭੁੰਜੇ ਡਿੱਗ ਪਿਆ ਤੇ ਊਧਮ ਸਿੰਘ ਨੂੰ ਕੁਝ ਬੰਦਿਆਂ ਨੇ ਹੇਠਾਂ ਸੁੱਟ ਕੇ ਨੱਪ ਲਿਆ। ਤਲਾਸ਼ੀ ਲੈਣ ਉਪਰੰਤ ਉਸ ਦੇ ਕੋਟ ਦੀ ਖੱਬੀ ਜੇਬ੍ਹ 'ਚੋਂ ਇਕ ਚਾਕੂ ਅਤੇ ਸੱਜੀ 'ਚੋਂ 17 ਰੌਂਦਾਂ ਦਾ ਬੌਕਸ ਨਿਕਲੇ। ਪੈਂਟ ਦੀ ਸੱਜੀ ਜੇਬ੍ਹ ਚੋਂ ਕੁਝ ਹੋਰ ਰੌਂਦ ਵੀ ਮਿਲੇ। ਪੁਲਿਸ ਇੰਸਪੈਕਟਰ, ਡਾਈਟਨ ਨੇ ਪੁੱਛਿਆ, ਕੀ ਉਹ ਅੰਗ੍ਰੇਜ਼ੀ ਸਮਝਦਾ ਹੈ? ਊਧਮ ਸਿੰਘ ਨੇ ਕਿਹਾ, ÒÒIts no use, it is all over."Í úâòÅÇÂð ò¼ñ îÈ³Ô ÕðÕ¶ ì¯ÇñÁÅ, úÔ ÇêÁÅ (ÒÒIt is there.")Í ਊਧਮ ਸਿੰਘ ਨੇ ਇੰਸਪੈਕਟਰ ਨੂੰ ਪੁੱਛਿਆ "ਕੀ ਜ਼ੈਟਲੈਂਡ ਮਰ ਗਿਆ! ਉਹ ਜ਼ਰੂਰ ਮਰ ਗਿਆ ਹੋਵੇਗਾ, ਮੈਂ ਉਸ ਨੂੰ ਦੋ ਗੋਲੀਆਂ ਮਾਰੀਆਂ।" ਫੇਰ ਪੁੱਛਿਆ, "ਬਸ ਇਕੋ ਮਰਿਆ? ਮੇਰਾ ਤਾਂ ਖਿਆਲ ਸੀ ਬਹੁਤਿਆਂ ਨੂੰ ਸੋਧ ਦਿਆਂਗਾ, ਮੈਤੋਂ ਜ਼ਰੂਰ ਢਿੱਲ-ਮੱਠ ਹੋ ਗਈ ਹੋਣੀ।" ਲੰਡਨ ਦੇ "ਟਾਇਮਜ਼" ਅਖ਼ਬਾਰ ਨੇ ਛਾਪਿਆ: ÒÒAssassin Shoots Peers, Knights in London."



ਜੂਨ 4, 1940 ਨੂੰ ਊਧਮ ਸਿੰਘ ਦੇ ਮੁਕੱਦਮੇ ਦੀ ਸੁਣਵਾਈ, ਜੱਜ ਐਟਕਿੰਨਸਨ (Atkinson) ਦੀ ਕ੍ਰਿਮੀਨਲ ਕਚਹਿਰੀ ਵਿਚ ਹੋਈ। ਜੱਜ ਅਤੇ ਊਧਮ ਸਿੰਘ ਵਿਚਕਾਰ ਹੋਏ ਸਵਾਲ-ਜਬਾਬ ਹੇਠ ਦਿੱਤੇ ਗਏ ਹਨ।

ਊਧਮ ਸਿੰਘ (ਜੱਜ ਵਲ ਮੂੰਹ ਕਰਕੇ): ਮੈਂ ਕਹਿੰਦਾ, ਸਾਮਰਾਜ ਮੁਰਦਾਬਾਦ। ਤੁਸੀਂ ਕਹਿੰਦੇ ਹੋ ਇੰਡੀਆ ਵਿਚ ਸ਼ਾਂਤੀ ਨਹੀਂ। ਸਾਡੇ ਪਾਸ ਤਾਂ ਸਿਰਫ ਗੁਲਾਮੀ ਹੈ। ਤੁਹਾਡੀ ਸਦੀਆਂ ਲੰਮੀ ਅਖੌਤੀ ਤਹਿਜ਼ੀਬ ਨੇ ਸਾਡੇ ਲਈ ਪੀੜ੍ਹੀਆਂ ਬੱਧੀ ਗੰਦਗੀ ਅਤੇ ਨਿਘਾਰ ਲਿਆਂਦਾ ਹੈ। ਆਪਣੀ ਤਵਾਰੀਖ ਪੜ੍ਹ ਕੇ ਦੇਖੋ, ਤੁਹਾਨੂੰ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ। ਤੁਹਾਡੀ ਦਰਿੰਦਗੀ ਭਰੇ ਵਤੀਰੇ ਅਤੇ ਖੂਨ ਪੀਣੇ ਵਿਵਹਾਰ, ਜਿਨ੍ਹਾਂ ਨੂੰ ਤੁਹਾਡੇ ਅਕਲਮੰਦ ਹੁਕਮਰਾਨ ਤਹਿਜ਼ੀਬ ਦਾ ਨਾਂ ਦਿੰਦੇ ਹਨ, ਦੁਨੀਆਂ ਦੇ ਪਰਲੇ ਦਰਜੇ ਦੇ ਹਰਾਮਜ਼ਾਦੇ ਹਨ।

ਜੱਜ ਐਟਕਿਨਸਨ : ਮੈਂ ਤੇਰਾ ਰਾਜਨੀਤਕ ਭਾਸ਼ਣ ਨਹੀਂ ਸੁਨਣਾ, ਜੇ ਇਸ ਮੁਕੱਦਮੇ ਬਾਰੇ ਕੋਈ ਢੁਕਵੀਂ ਗੱਲ ਕਰਨੀ ਹੈ, ਤਾਂ ਬੋਲ।

ਊਧਮ ਸਿੰਘ : ਮੈਂ ਸਿਰਫ ਰੋਸ ਪ੍ਰਗਟ ਕਰਨਾ ਚਾਹੁੰਦਾ ਹਾਂ। (ਇਹ ਕਹਿੰਦਿਆਂ ਹਥਲੇ ਕਾਗਜ਼ ਜੱਜ ਵਲ ਵਗਾਹ ਮਾਰੇ)।

ਜੱਜ ਐਟਕਿਨਸਨ : ਕੀ ਇਹ ਅੰਗ੍ਰੇਜ਼ੀ ਵਿਚ ਹਨ?

ਊਧਮ ਸਿੰਘ : ਜੋ ਮੈਂ ਪੜ੍ਹ ਰਿਹਾ ਹਾਂ, ਤੂੰ ਵੀ ਪੜ੍ਹ ਸਕਦੈਂ।

ਜੱਜ ਐਟਕਿਨਸਨ: ਮੈਂ ਚੰਗੀ ਤਰ੍ਹਾਂ ਪੜ੍ਹ ਲਵਾਂਗਾ ਜੇਕਰ ਤੂੰ ਪੇਪਰ ਮੇਰੇ ਹੱਥ ਵਿਚ ਫੜਾਵੇਂ।

ਊਧਮ ਸਿੰਘ : ਮੈਂ ਚਾਹੁੰਦਾ ਹਾਂ ਕਿ ਸਾਰਾ ਮਾਜਰਾ ਜਿਊਰੀ ਸੁਣੇ ਅਤੇ ਜਨਤਾ ਤਕ ਪਹੁੰਚੇ। (ਸਰਕਾਰੀ ਵਕੀਲ ਜੀ. ਬੀ. ਮੈਕਲੂਅਰ ਨੇ ਜੱਜ ਨੂੰ ਯਾਦ ਕਰਾਇਆ ਕਿ ਕਾਨੂੰਨ ਦੀ 6ਵੀਂ ਧਾਰਾ ਅਨੁਸਾਰ ਉਹ ਊਧਮ ਸਿੰਘ ਨੂੰ ਆਦੇਸ਼ ਦੇ ਸਕਦਾ ਹੈ ਕਿ ਉਸ ਦਾ ਭਾਸ਼ਣ ਰਿਕਾਰਡ ਨਹੀਂ ਕੀਤਾ ਜਾ ਸਕਦਾ, ਸਿਰਫ ਕੈਮਰੇ ਉਤੇ ਸੁਣਿਆਂ ਜਾ ਸਕਦਾ ਹੈ)।

ਜੱਜ ਐਟਕਿਨਸਨ : ਸੁਣਿਆਂ? ਤੇਰਾ ਕੁਝ ਵੀ ਨਹੀਂ ਛਪੇਗਾ, ਕੰਮ ਦੀ ਗੱਲ ਕਰ, ਅੱਗੇ ਬੋਲ।

ਊਧਮ ਸਿੰਘ : ਮੈਂ ਇਸ ਦਾ ਵਿਰੋਧ ਕਰਦਾ ਹਾਂ। ਲਿਖਤ ਵਿਚ ਕਿਹਾ ਹੈ, ਮੈਂ ਬੇਕਸੂਰ ਹਾਂ। ਜਿਊਰੀ ਨੂੰ ਮੇਰੀ ਲਿਖਤ ਬਾਰੇ 'ਨ੍ਹੇਰੇ 'ਚ ਰੱਖਿਆ ਗਿਆ ਹੈ। ਮੈਂ ਦੁਬਾਰਾ ਪੜ੍ਹਦਾ ਹਾਂ।

ਜੱਜ ਐਟਕਿਨਸਨ : ਠੀਕ ਹੈ, ਪੜ੍ਹ। (ਊਧਮ ਸਿੰਘ ਪੇਪਰ ਇਕੱਠੇ ਕਰਨ ਲੱਗਾ ਤਾਂ ਜੱਜ ਨੇ ਯਾਦ ਦਿਲਾਇਆ) ਤੂੰ ਸਿਰਫ ਇਹ ਦੱਸ ਕਿ ਤੈਨੂੰ ਸਜ਼ਾ ਕਿਉਂ ਨਾ ਦਿੱਤੀ ਜਾਵੇ?)

ਊਧਮ ਸਿੰਘ : (ਉੱਚੀ ਆਵਾਜ਼ ਵਿਚ)। ਮੈਨੂੰ ਮੌਤ ਦੀ ਸਜ਼ਾ ਦਾ ਫਿਕਰ ਨਹੀ, ਮੇਰੇ ਲਈ ਇਹ ਕੋਈ ਅਰਥ ਨਹੀਂ ਰੱਖਦੀ, ਮੈਨੂੰ ਮਰਨ ਦਾ ਰਤਾ ਭਰ ਵੀ ਡਰ ਨਹੀਂ। ਮੈਂ ਇਕ ਮਕਸਦ ਲਈ ਜਾਨ ਦੇ ਰਿਹਾ ਹਾਂ। (ਕਟਹਿਰੇ ਦੀ ਬਾਹੀ 'ਤੇ ਜ਼ੋਰ ਨਾਲ ਹੱਥ ਮਾਰਦਿਆਂ ਸਹਿਜ ਨਾਲ ਬੋਲਿਆ) ਅਸੀਂ ਬ੍ਰਿਟਿਸ਼ ਸਲਤਨਤ ਤੋਂ ਸਤੇ ਹੋਏ ਹਾਂ। ਮੈਨੂੰ ਮਰਨ ਦਾ ਭੈਅ ਨਹੀਂ, ਸਗੋਂ ਮਾਣ ਹੈ ਕਿ ਆਪਣੀ ਧਰਤੀ ਮਾਂ ਲਈ ਜਾਨ ਦੇ ਰਿਹਾਂ। ਮੈਨੂੰ ਉਮੀਦ ਹੈ, ਮੇਰੇ ਜਾਣ ਤੋਂ ਬਾਅਦ, ਦੇਸ਼ ਨੂੰ ਆਜ਼ਾਦ ਕਰਨ ਖਾਤਰ ਮੇਰੇ ਦੇਸ਼ ਦੇ ਹਜ਼ਾਰਾਂ ਲੋਕ, ਤੁਸੀਂ ਕੁੱਤਿਆਂ ਨੂੰ ਮੁਲਕ 'ਚੋਂ ਭਜਾ ਦੇਣਗੇ। ਮੈਂ ਏਥੇ ਇੰਗਲਿਸ਼ ਜਿਊਰੀ ਸੌਂਹੇਂ ਖੜ੍ਹਾ ਹਾਂ ਤੇ ਗੋਰੀ-ਕਚਹਿਰੀ ਵਿਚ ਹਾਂ। ਤੁਸੀਂ ਜਦ ਇੰਡੀਆ ਜਾਂਦੇ ਹੋ ਤਾਂ ਵਾਪਸ ਆ ਕੇ ਤੁਹਾਨੂੰ ਇਨਾਮ ਦਿੱਤੇ ਜਾਂਦੇ ਹਨ ਅਤੇ 'ਹਾਊਸ ਆਫ ਕੌਮਨਜ਼' ਵਿਚ ਨਿਵਾਜੇ ਜਾਂਦੇ ਹੋ। ਜਦ ਅਸੀਂ ਇੰਗਲੈਂਡ ਆਉਂਦੇ ਹਾਂ ਤਾਂ ਸਾਨੂੰ ਸਜਾਏ ਮੌਤ ਮਿਲਦੀ ਹੈ। ਮੈਂ ਮੌਤ ਨੂੰ ਖਿੜੇ ਮੱਥੇ ਸਵੀਕਾਰ ਕਰਾਂਗਾ, ਮੈਨੂੰ ਇਸ ਬਾਰੇ ਕੋਈ ਪਰਵਾਹ ਨਹੀਂ। ਕੁੱਤਿਓ! ਯਾਦ ਰੱਖਣਾ ਕੋਈ ਸਮਾਂ ਆਏਗਾ ਜਦ ਇੰਡੀਆ ਵਿਚੋਂ ਤੁਹਾਡਾ ਸਫਾਇਆ ਹੋਵੇਗਾ, ਤੁਹਾਡਾ ਸਾਮਰਾਜਵਾਦ ਢਹਿ ਢੇਰੀ ਹੋ ਜਾਏਗਾ। ਤੁਹਾਡੀਆਂ ਬੰਦੂਕਾਂ ਹਿੰਦੋਸਤਾਨ ਦੀਆਂ ਗਲੀਆਂ ਵਿਚ ਹਜ਼ਾਰਾਂ ਔਰਤਾਂ ਤੇ ਬੱਚਿਆਂ 'ਤੇ ਗਾਹ ਫੇਰ ਦਿੰਦੀਆਂ ਹਨ ਤੇ ਆਜ਼ਾਦੀ ਦਾ ਝੰਡਾ ਲਹਿਰਾ ਦਿੰਦੇ ਹੋ। ਮੈਨੂੰ ਇੰਗਲੈਂਡ ਦੇ ਲੋਕਾਂ ਨਾਲ ਕੋਈ ਗਿਲਾ ਨਹੀਂ, ਸਰਕਾਰ ਪ੍ਰਤੀ ਗੁੱਸਾ ਹੈ। ਜਿੰਨੇ ਮੇਰੇ ਦੋਸਤ ਇੰਗਲੈਂਡ ਵਿਚ ਹਨ, ਓਨੇ ਇੰਡੀਆ ਵਿਚ ਨਹੀਂ। ਇੰਗਲੈਂਡ ਦੇ ਮਜ਼ਦੂਰਾਂ ਨਾਲ ਮੇਰੀ ਪੂਰੀ ਹਮਦਰਦੀ ਹੈ, ਗਿਲਾ ਤਾਂ ਸਿਰਫ ਸਾਮਰਾਜੀ ਸਰਕਾਰ ਨਾਲ ਹੈ। ਇਨ੍ਹਾਂ ਭੈੜੇ ਕੁੱਤੇ ਵਹਿਸ਼ੀਆਂ ਤੋਂ ਕਾਮੇ ਅਤੇ ਆਮ ਲੋਕ ਸਤੇ ਹੋਏ ਹਨ। ਹਿੰਦੋਸਤਾਨ ਇਕੋ ਇਕ ਮੁਲਕ ਹੈ ਜਿੱਥੇ ਮਾਰਧਾੜ, ਤਬਾਹੀ ਅਤੇ ਮੌਤ ਦਹਾੜਦੀ ਹੈ। ਲੋਕ ਅਣਜਾਣ ਹਨ ਕਿਉਂਕਿ ਇਨ੍ਹਾਂ ਹਾਲਾਤ ਬਾਰੇ ਅਖਬਾਰਾਂ ਵਿਚ ਕੁਝ ਨਹੀਂ ਲਿਖਿਆ ਜਾਂਦਾ। ਸਾਨੂੰ ਪਤਾ ਹੈ ਕਿ ਇੰਡੀਆ ਵਿਚ ਕੀ ਵਾਪਰ ਰਿਹਾ ਹੈ।

ਜੱਜ ਐਟਕਿਨਸਨ : ਮੈਂ ਹੋਰ ਕੁਝ ਨਹੀਂ ਸੁਨਣਾ ਚਾਹੁੰਦਾ।

ਊਧਮ ਸਿੰਘ : ਕਿਉਂਕਿ ਤੂੰ ਮੇਰੀ ਤਕਰੀਰ ਦੇ ਸੱਚ ਤੋਂ ਭੈਅ ਖਾਂਦਾ ਏਂ। ਮੇਰੇ ਪਾਸ ਕਹਿਣ ਨੂੰ ਹੋਰ ਵੀ ਬਥੇਰਾ ਕੁਝ ਹੈ।

ਜੱਜ ਐਟਕਿਨਸਨ : ਮੈਂ ਹੋਰ ਤਕਰੀਰ ਨਹੀਂ ਸੁਨਣਾ ਚਾਹੁੰਦਾ।

ਊਧਮ ਸਿੰਘ : ਕਿਉਂਕਿ ਤੁਸੀਂ ਗੰਦੇ ਲੋਕ ਹੋ, ਜਾਨਣਾ ਨਹੀਂ ਚਾਹੁੰਦੇ ਕਿ ਤੁਸੀਂ ਹਿੰਦੋਸਤਾਨ ਵਿਚ ਕੀ ਕਰ ਰਹੇ ਹੋ। (ਐਨਕਾਂ ਜੇਬ ਵਿਚ ਪਾਉਂਦਿਆਂ) ਸਾਮਰਾਜ ਮੁਰਦਾਵਾਦ! ਬ੍ਰਿਟਿਸ਼ ਕੁੱਤੇ ਮੁਰਦਾਵਾਦ!

ਕਟਹਿਰੇ ਚੋਂ ਬਾਹਰ ਆਉਂਦਿਆਂ ਊਧਮ ਸਿੰਘ ਨੇ ਸਰਕਾਰੀ ਵਕੀਲ ਦੇ ਮੇਜ਼ ਵੱਲ ਥੁੱਕਿਆ। ਜੱਜ ਨੇ ਪੱਤਰਕਾਰਾਂ ਵੱਲ ਮੂੰਹ ਕਰਕੇ ਚਿਤਾਵਨੀ ਦਿੱਤੀ ਕਿ ਜੋ ਕੁਝ ਮੁਜ਼ਰਮ ਨੇ ਕਟਹਿਰੇ ਵਿਚ ਕਿਹਾ ਹੈ, ਉਹ ਛਾਪਿਆ ਨਾ ਜਾਵੇ।

ਊਧਮ ਸਿੰਘ ਨੂੰ ਓਡਵਾਇਰ ਦੇ ਕਤਲ ਦਾ ਦੋਸ਼ੀ ਠਹਿਰਾ ਕੇ, ਫਾਂਸੀ ਦਾ ਹੁਕਮ ਸੁਣਾ ਦਿੱਤਾ। ਸਜ਼ਾ ਦੇਣ ਸਮੇਂ ਜੱਜ ਨੇ ਊਧਮ ਸਿੰਘ ਨੂੰ ਨਾਂ ਪੁੱਛਿਆ। ਉਸ ਨੇ ਕਿਹਾ, "ਰਾਮ ਮੁਹੰਮਦ ਸਿੰਘ ਆਜ਼ਾਦ"। ਇਹ ਨਾਂ ਜਾਤ-ਪਾਤ, ਦੀਨ-ਧਰਮ ਅਤੇ ਅਮੀਰ-ਗਰੀਬ ਦੀ ਭਿੰਨਤਾ ਨੂੰ ਮਕਾਉਣ ਲਈ ਰੱਖਿਆ ਸੀ। ਉਹ ਸਿੱਖ, ਹਿੰਦੂ ਜਾਂ ਮੁਸਲਮਾਨ ਨਹੀਂ, ਸਗੋਂ ਇਕ ਹਿੰਦੋਸਤਾਨੀ ਦੇ ਰੂਪ ਵਿਚ ਆਜ਼ਾਦੀ ਖਾਤਰ ਕੁਰਬਾਨ ਹੋਇਆ। ਜੱਜ ਨੇ ਪੁੱਛਿਆ, ਓਡਵਾਇਰ ਨੂੰ ਕਿਉਂ ਮਾਰਿਆ? ਊਧਮ ਸਿੰਘ ਨੇ ਕਿਹਾ, ਇਸ ਸਵਾਲ ਦਾ ਉੱਤਰ ਤੈਨੂੰ ਖੁਦ ਦੇਣਾ ਚਾਹੀਦਾ ਹੈ। ਊਧਮ ਸਿੰਘ ਨੂੰ ਦੋ ਕੁ ਮਹੀਨੇ ਜੇਲ੍ਹ ਵਿਚ ਰੱਖ ਕੇ ਜੁਲਾਈ 31, 1940 ਨੂੰ ਫਾਂਸੀ ਲਾ ਦਿੱਤਾ।

**ਜੇਲ੍ਹ 'ਚੋਂ ਫਰਾਰ ਹੋਣ ਦੀ ਸਕੀਮ-**

ਊਧਮ ਸਿੰਘ ਨੇ ਬਰਿਕਸਟਨ ਜੇਲ੍ਹ ਚੋਂ ਫਰਾਰ ਹੋਣ ਦੀ ਕੋਸ਼ਿਸ਼ ਕੀਤੀ, ਬਚਾਅ ਲਈ ਨਹੀਂ, ਕਿਸੇ ਹੋਰ ਗੁਨ੍ਹਾਗਾਰ ਦਾ ਭੋਗ ਪਾਉਣ ਲਈ। ਸ਼ਿਵ ਸਿੰਘ ਜੌਹਲ ਨੂੰ ਨੱਠਣ ਦੀ ਸਕੀਮ ਬਾਰੇ ਖ਼ਤਾਂ ਵਿਚ ਸੰਕੇਤਕ ਇਸ਼ਾਰੇ ਕੀਤੇ ਪਰ ਉਹ ਸਮਝ ਨਾ ਸਕਿਆ। ਹਾਰ ਕੇ ਭਰੋਸੇਯੋਗ ਇਕ ਦੋਸਤ, ਆਰ. ਐਸ. ਸ਼ਰਮਾ, ਨੂੰ ਸਿੱਧੇ ਲਫ਼ਜ਼ਾਂ ਵਿਚ ਖ਼ਤ ਲਿਖਿਆ ਕਿ ਮੋਟੀ ਸਾਰੀ ਪੁਸਤਕ ਦੇ ਵਰਕਿਆਂ ਨੂੰ ਕੁਰੇਦ ਕੇ, ਵਿਚ ਆਰੀ ਘਸੋੜ ਕੇ ਭੇਜੇ ਜੋ ਦਸ ਇੰਚ ਲੰਬੀ ਤੇ ਅੱਧੀ ਇੰਚ ਮੋਟੀ ਜੇਲ੍ਹ ਦੀ ਲੋਹੇ ਦੀ ਸਲਾਖ ਨੂੰ ਕੱਟ ਸਕੇ। ਆਰੀ ਦੇ ਦੋ ਹਿੱਸੇ, ਇਕ ਆਰੀ ਤੇ ਦੂਜਾ ਹੱਥਾ, ਕਰਕੇ ਪੁਸਤਕ ਵਿਚ ਦੇਵੇ। ਕਿਤਾਬ ਹਿੰਦੋਸਤਾਨੀ ਭਾਸ਼ਾ ਵਿਚ ਹੋਵੇ ਤੇ ਮੈਲੀ ਜਿਹੀ ਲੱਗੇ। ਪਾਰਸਲ ਬਣਾ ਕੇ ਭੇਜੀ ਜਾਵੇ ਜਿਸ ਪੁਰ ਘੱਲਣ ਵਾਲੇ ਦਾ ਨਾਂ-ਥਾਂ ਨਾ ਲਿਖਿਆ ਹੋਵੇ। ਇਸ ਸਕੀਮ ਦੀ ਤਸਦੀਕ ਲਈ ਊਧਮ ਸਿੰਘ ਦਾ ਖ਼ਤ ਹੇਠ ਦਿਤਾ ਗਿਆ ਹੈ।

Friend, at first I thought I would not bother you but I have no friend but you to whom I can write, you know that now it is a question of life and death. If you have courage, this is what I want you to do: get hold of a thick book and in its binding, place a saw suitable for cutting iron, about ten inches in lengh, half an inch in breadth. ...It should be made into two pieces and very carefully inserted into the binding of the book so as not be visible. The book should be Hidustani (Language) and should appear old. Send it to me in a parcel and do not write the name of sender. Do not fail in this. Write the name of someone else. I shall be sincerely grateful to you. If this successed my life is saved and I can hope to do other work which remains. ... If I am successful then these wicked gora will have good cause to remember us Indians. Now, there remains for me one very important job which I alone can do. The binding (of book) must appear old. Inspection here is very thorough. It is not right that I should write you any more. Only books can reach me, this is the last effort....other than books I am allowed nothing. If you get this massage the whole world is mine. I shall have no difficulty in escaping from here. ... Now I leave the matter in your hands. Tear up this letter after reading.

Your Servant, BAW. ( see Sikander Singh. 2002).

**ਟਿੱਪਣੀ :** ਪ੍ਰਚੱਲਤ ਧਾਰਨਾ ਅਨੁਸਾਰ, ਊਧਮ ਸਿੰਘ ਪਿਸਤੌਲ ਨੂੰ ਬਾਈਬਲ ਵਿਚ ਲੁਕੋ ਕੈਕਸਟਨ ਹਾਲ ਵਿਚ ਵੜਿਆ। ਅਸਲੀਅਤ ਇਹ ਹੈ ਕਿ ਉਹ ਸੂਟਿਡ-ਬੂਟਿਡ ਖਾਲੀ ਹੱਥੀਂ ਹਾਲ ਵਿਚ ਦਾਖਿਲ ਹੋਇਆ ਸੀ। ਜੇ ਬਾਈਬਲ ਵਿਚ ਪਿਸਤੌਲ ਲੈ ਕੇ ਜਾਂਦਾ ਤਾਂ ਲੰਡਨ ਦੇ ਅਖਬਾਰਾਂ ਵਿਚ ਇਹ ਖਬਰ ਮੋਟੇ ਅੱਖਰਾਂ ਵਿਚ ਛਪਣੀ ਸੀ।

ਖ਼ਤ ਠੀਕ ਥਾਂ 'ਤੇ ਪਹੁੰਚ ਗਿਆ ਪਰ ਬਦਕਿਸਮਤੀ ਨਾਲ ਇਕ ਇੰਡੀਅਨ ਗ਼ਦਾਰ ਦੇ ਹੱਥ ਲੱਗ ਗਿਆ ਜੋ 'ਸੈਕਟਰੀ ਆਫ ਸਟੇਟ ਫਾਰ ਇੰਡੀਆ' ਦੇ ਦਫਤਰ ਵਿਚ ਕੰਮ ਕਰਦਾ ਸੀ। ਉਸ ਨੂੰ ਊਧਮ ਸਿੰਘ ਦੇ ਦੋਸਤਾਂ ਦੀ ਮੁਖਬਰੀ ਕਰਨ ਲਈ ਰੱਖਿਆ ਹੋਇਆ ਸੀ। ਉਸ ਨੇ ਖ਼ਤ ਦੀ ਕਾਪੀ ਕਰਕੇ ਅਧਿਕਾਰੀਆਂ ਨੂੰ ਦੇ ਦਿੱਤੀ। ਜੇਲ੍ਹ 'ਚੋਂ ਫਰਾਰ ਹੋਣ ਦੀ

ਬਾਕੀ ਸਫ਼ਾ 32 'ਤੇ

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸਨਾਤਨੀ ਵਿਚਾਰਧਾਰਾ ਤੇ ਗੁਰੂ ਨਾਨਕ ਬਾਣੀ

**ਡਾ. ਕਰਮਜੀਤ ਸਿੰਘ**

ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਵੱਡੀ ਪੱਧਰ 'ਤੇ ਮਨਾਇਆ ਜਾਣਾ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਜ ਵੀ ਪ੍ਰਸੰਗਿਕ ਸਵੀਕਾਰ ਕਰਨਾ ਹੈ। ਗੁਰੂ ਸਾਹਿਬ ਦਾ 500 ਸਾਲਾ ਜਨਮ ਦਿਵਸ ਮਨਾਉਂਦਿਆਂ ਹੋਇਆਂ ਵੀ ਉਨ੍ਹਾਂ ਦੇ ਦਰਸ਼ਨ-ਸਾਹਿਤ, ਸਮਾਜਕ-ਸਭਿਆਚਾਰ ਆਦਿ ਸਾਰੇ ਖੇਤਰਾਂ ਵਿਚ ਯੋਗਦਾਨ ਨੂੰ ਯਾਦ ਕੀਤਾ ਗਿਆ ਸੀ ਅਤੇ ਹਰ ਅਦਾਰੇ ਨੇ ਇਸ ਸਮੇਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਯਾਦ ਕੀਤਾ ਸੀ। ਸਾਹਿਤਕਾਰਾਂ ਨੇ ਉਨ੍ਹਾਂ ਦੇ ਜੀਵਨ ਅਤੇ ਦਰਸ਼ਨ ਉਪਰ ਮਹਾਂਕਾਵਿ (ਨਾਨਕਾਇਣ ਮੋਹਨ ਸਿੰਘ) ਨਾਟਕ (ਗਾਰਗੀ, ਗਗਨ ਮੈ ਥਾਲੁ) ਅਤੇ ਕਵੀਆਂ ਨੇ ਅਣਗਿਣਤ ਕਵਿਤਾਵਾਂ ਦੀ ਰਚਨਾ ਕੀਤੀ। ਪਰ ਸਾਡਾ ਸੰਕਟ ਇਹ ਰਿਹਾ ਹੈ ਕਿ ਅਸੀਂ ਸ਼ਤਾਬਦੀਆਂ ਮਨਾਉਣ ਨੂੰ ਖਾਨਾਪੂਰਤੀ ਸਮਝਦੇ ਹਾਂ, ਇਸ ਵਿਚ ਵਿਚਾਰਧਾਰਾ ਉਪਰ ਅਮਲ ਹਮੇਸ਼ਾ ਗਾਇਬ ਰਿਹਾ ਹੈ। ਇਹੀ ਕਾਰਨ ਹੈ ਕਿ ਪੰਜਾਹ ਸਾਲ ਬਾਅਦ ਵੀ ਸਾਡੇ ਭਾਰਤੀ ਪੰਜਾਬੀ ਸਮਾਜ ਤੇ ਸਭਿਆਚਾਰ ਵਿਚ ਹਾਂ ਪੱਖੀ ਵਿਕਾਸ ਦੀ ਥਾਂ ਗਿਰਾਵਟ ਆਈ ਹੈ। ਇਸ ਦਾ ਮੂਲ ਕਾਰਨ ਤਾਂ ਪੂੰਜੀਵਾਦ ਦਾ ਬਹੁਕੌਮੀ ਕੰਪਨੀਆਂ ਦਾ ਉਤਰ ਆਧੁਨਿਕਤਾ ਤਕ ਦਾ ਵਿਕਾਸ ਹੈ, ਜਿਸ ਨੇ ਮਾਨਵੀ ਕਦਰਾਂ ਕੀਮਤਾਂ ਨੂੰ ਖੋਰਾ ਲਾਇਆ ਹੈ। ਗੁਰੂ ਸਾਹਿਬ ਦੀਆਂ ਪ੍ਰਸੰਗਿਕ ਸਿਖਿਆਵਾਂ ਨੂੰ ਵੀ ਸਿਰਫ ਪਰੰਪਰਾ ਵਜੋਂ ਦੁਹਰਾਉਣ ਨਾਲ ਇਸ ਖੋਰੇ ਨੂੰ ਮੋੜਾ ਨਹੀਂ ਦਿੱਤਾ ਜਾ ਸਕਦਾ। ਇਸ ਲਈ ਤਾਂ ਸਮਾਜ ਵਿਚ ਲੋਕ ਪੱਖੀ ਸੱਤਾ ਤੋਂ ਬਗੈਰ ਮਾਨਵੀ ਕਦਰਾਂ ਨੂੰ ਬਚਾਉਣ ਦੇ ਰਾਹੇ ਨਹੀਂ ਪਿਆ ਜਾ ਸਕਦਾ। ਪਰ ਜਿੰਨਾ ਚਿਰ ਅਜਿਹਾ ਨਹੀਂ ਹੋ ਜਾਂਦਾ ਲੋਕ ਪੱਖੀ ਰਾਜਨੀਤੀ ਦੇ ਜ਼ਿੰਮੇ ਗੁਰੂ ਸਾਹਿਬ ਦੀਆਂ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਬਚਾਅ ਕੇ ਅਗਾਂਹ ਤੋਰਨ ਦੀ ਵੱਡੀ ਜ਼ਿੰਮੇਵਾਰੀ ਹੈ।

ਇਸ ਸਮੇਂ ਸਿੱਖ ਧਾਰਮਿਕ ਸੰਸਥਾਵਾਂ ਨੇ ਜਸ਼ਨ ਮਨਾਉਣੇ ਹਨ, ਪ੍ਰੰਤੂ ਕੇਂਦਰ ਦੀ ਸੱਤਾ ਨਾਲ ਜੁੜੇ ਲੋਕਾਂ ਨੇ ਆਪਣੀ ਵੱਖਰੀ ਡਫਲੀ ਵਜਾ ਕੇ ਗੁਰੂ ਸਾਹਿਬ ਨੂੰ 'ਸਨਾਤਨੀ' ਸਾਧੂ ਸਿੱਧ ਕਰਨ ਦਾ ਯਤਨ ਵੀ ਕਰਨਾ ਹੈ ਤੇ ਇਹ ਯਤਨ ਸ਼ੁਰੂ ਵੀ ਹੋ ਚੁੱਕੇ ਹਨ ਜੋ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਹਨ।

ਸਨਾਤਨਵਾਦੀ ਅਸਲ ਵਿਚ ਹਿੰਦੂਤਵਵਾਦੀ ਹੀ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਜਦੋਂ ਧਾਰਮਿਕ ਪੁਨਰ ਸੁਰਜੀਤੀ ਦੀਆਂ ਲਹਿਰਾਂ ਚੱਲੀਆਂ ਤਾਂ ਇਨ੍ਹਾਂ ਵਿਚ ਵੀ ਦੋ ਧਾਰਾਵਾਂ ਕੰਮ ਕਰ ਰਹੀਆਂ ਸਨ। ਪਹਿਲੀਆਂ ਵਿਚ ਸਿੰਘ ਸਭਾ ਅਤੇ ਆਰੀਆ ਸਮਾਜ ਵਰਗੀਆਂ ਲਹਿਰਾਂ ਸਨ ਜੋ ਸਮਾਜਿਕ ਸੁਧਾਰਾਂ ਨੂੰ ਵੀ ਜ਼ਰੂਰੀ ਸਮਝਦੀਆਂ ਸਨ। ਇਨ੍ਹਾਂ ਨੇ ਜਾਤ ਪਾਤ ਦਾ ਵਿਰੋਧ ਕੀਤਾ, ਔਰਤ ਦੀ ਬਰਾਬਰੀ ਦਾ ਨਾਹਰਾ ਮਾਰਿਆ, ਵਿਧਵਾ ਵਿਆਹ ਦੇ ਹੱਕ ਵਿਚ ਆਵਾਜ਼ ਉਠਾਈ, ਸਤੀ ਹੋਣ ਦਾ ਵਿਰੋਧ ਕੀਤਾ ਅਤੇ ਬਾਲ ਵਿਆਹ ਉਪਰ ਪਾਬੰਦੀ ਦੀ ਮੰਗ ਉਠਾਈ। ਸਮਾਜ ਵਿਚ ਕੁਝ ਹਿਲਜੁਲ ਹੋਈ। ਇਸ ਪਿੱਛੇ ਉਦੋਂ ਇਸਾਈ ਮਿਸ਼ਨਰੀਆਂ ਦੇ ਹਮਲੇ ਦਾ ਵਿਰੋਧ ਕਰਨਾ ਪ੍ਰਮੁੱਖ ਮੰਤਵ ਵੀ ਸੀ। ਇਨ੍ਹਾਂ ਮਿਸ਼ਨਰੀਆਂ ਦੇ ਲਾਂਭੇ ਹੁੰਦਿਆਂ ਹੀ ਇਹ ਲਹਿਰਾਂ ਠੰਢੀਆਂ ਪੈ ਗਈਆਂ। ਨਤੀਜੇ ਵਜੋਂ ਅੱਜ ਵੀ ਇਹ ਮਸਲੇ ਘੱਟ ਵੱਧ ਰੂਪ ਵਿਚ ਪਹਿਲਾਂ ਵਾਂਗ ਹੀ ਮੌਜੂਦ ਹਨ।

ਇਨ੍ਹਾਂ ਲਹਿਰਾਂ ਤੋਂ ਹਟ ਕੇ ਸਨਾਤਨੀ ਲਹਿਰ ਦਾ ਰੂਪ ਕੱਟੜ ਸੀ। ਇਹ ਭਾਰਤੀ ਸਮਾਜ ਦੀ ਹਰ ਚੰਗੀ ਮਾੜੀ ਪ੍ਰੰਪਰਾ ਨੂੰ 'ਉਚੀ ਸਭਿਅਤਾ' ਦੀ ਨਿਸ਼ਾਨੀ ਸਮਝਦੀ ਸੀ ਅਤੇ ਅੱਜ ਵੀ ਸਮਝਦੀ ਹੈ। ਇਹ ਲਹਿਰ ਸਮਾਜ ਸੁਧਾਰ ਨੂੰ ਨਕਾਰਦੀ ਸੀ ਤੇ ਹੁਣ ਵੀ ਨਕਾਰਦੀ ਹੈ। ਇਸੇ ਲਈ ਇਸ ਦੇ ਨਿਸ਼ਾਨੇ 'ਤੇ ਹਰ ਉਹ ਵਿਅਕਤੀ, ਸੰਸਥਾ ਅਤੇ ਵਿਚਾਰਧਾਰਾ ਹੈ ਜੋ ਪੁਰਾਣ ਪੰਥੀਆਂ ਦਾ ਵਿਰੋਧ ਕਰਦੀ ਹੈ ਅਤੇ ਆਪਣੇ ਸਮਾਜ-ਸਭਿਆਚਾਰ ਦੀ ਪੁਣਛਾਣ ਕਰਕੇ ਇਸ ਦੀਆਂ ਦਕਿਆਨੂਸੀ ਪਰੰਪਰਾਵਾਂ ਅਤੇ ਤਰਕਹੀਣ ਕਾਰਜਾਂ ਨੂੰ ਨਕਾਰਦੀ ਹੈ ਤੇ ਨਾਲ ਨਾਲ ਹਾਂ ਪੱਖੀ ਪਰੰਪਰਾਵਾਂ ਤੇ ਮਾਨਵਵਾਦੀ, ਲੋਕਪੱਖੀ ਵਿਚਾਰਾਂ ਨੂੰ ਅਗਾਂਹ ਲਿਜਾਣ ਲਈ ਯਤਨਸ਼ੀਲ ਹੈ। ਸਨਾਤਨੀ/ਹਿੰਦੂਤਵਵਾਦੀ ਵਿਚਾਰਧਾਰਾ ਇਨ੍ਹਾਂ ਸਾਰੇ ਕਾਰਨਾਂ ਕਰਕੇ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਆਪਣਾ ਪਹਿਲਾ ਨਿਸ਼ਾਨਾ ਬਣਾਉਂਦੀ ਹੈ। ਇਸ ਅਨੁਸਾਰ ਬਸਤੀਵਾਦੀ ਸਾਜਿਸ਼ ਤੋਂ ਬਾਅਦ ਖੱਬੇ ਪੱਖੀ ਇਤਿਹਾਸਕਾਰਾਂ ਨੇ ਆਪਣੀ ਵਿਚਾਰਧਾਰਾ ਮੁਤਾਬਕ ਇਤਿਹਾਸ ਨੂੰ ਏਨਾ ਵਿਗਾੜ ਦਿੱਤਾ ਕਿ ਅੱਜ ਪੰਜਾਬ ਸਮੇਤ ਦੇਸ਼ ਦੀ ਨਵੀਂ ਪੀੜ੍ਹੀ ਦਾ ਇਕ ਵੱਡਾ ਹਿੱਸਾ ਆਪਣੇ ਮਾਣਮੱਤੇ ਅਤੀਤ, ਰਵਾਇਤ ਅਤੇ ਅਮਰ ਸਭਿਅਤਾ ਤੋਂ ਅਣਜਾਣ ਹੈ। ਇਨ੍ਹਾਂ ਅਨੁਸਾਰ ਭੂਤਕਾਲ ਦੀ ਪੁਣਛਾਣ ਕਰਨਾ 'ਇਤਿਹਾਸ ਨੂੰ ਵਿਗਾੜਨਾ' ਅਤੇ 'ਮਾਣਮੱਤੇ' ਅਤੀਤ ਤੋਂ ਨਵੀਂ ਪੀੜ੍ਹੀ ਨੂੰ ਦੂਰ ਲਿਜਾਣਾ ਹੈ। ਵੈਸੇ ਇਹ ਜਿਸ ਮਾਣਮੱਤੀ ਸਭਿਅਤਾ 'ਤੇ ਮਾਣ ਕਰਦੇ ਹਨ, ਉਸ ਵਿਚ ਬਹੁਗਿਣਤੀ ਸ਼ੂਦਰਾਂ ਨੂੰ ਪੜ੍ਹਨ ਦਾ, ਵੇਦ ਸੁਣਨ ਦਾ, ਚੰਗਾ ਖਾਣਪੀਣ ਤੇ ਪਹਿਨਣ ਦਾ ਅਧਿਕਾਰ ਹੀ ਨਹੀਂ ਹੈ। ਉਨ੍ਹਾਂ ਦੀ ਜ਼ਿੰਦਗੀ ਨਰਕ ਸਮਾਨ ਰਹੀ ਹੈ। ਔਰਤ ਜੋ ਆਬਾਦੀ ਦਾ ਅੱਧਾ ਹਿੱਸਾ ਹੈ, ਉਸ ਨੂੰ ਆਪਣੀ ਮਰਜ਼ੀ ਨਾਲ ਜੀਉਣ ਦਾ ਅਧਿਕਾਰ ਨਹੀਂ, ਉਸ ਨੂੰ ਪਿੱਤਰ ਸੱਤਾ/ਮਨੂੰਵਾਦ ਕਿਸੇ ਵੀ ਮਰਦ ਨੂੰ ਧੱਕੇ ਨਾਲ 'ਦਾਨ' ਕਰ ਸਕਦੇ ਹਨ। ਅਗਲੇ ਪਿਛਲੇ ਜਨਮਾਂ ਦੇ ਗੇੜ ਵਰਗੇ ਦਰਸ਼ਨ ਲੋਕਾਂ ਨੂੰ ਗੁਲਾਮ ਰੱਖਣ ਦਾ ਸਾਧਨ ਬਣੇ ਰਹੇ ਹਨ। ਅਜਿਹੀਆਂ ਸਥਿਤੀਆਂ ਵਿਚੋਂ ਲੋਕਾਂ ਨੂੰ ਕੱਢਣ ਦਾ ਅਰਥ ਸਦੀਆਂ ਤੋਂ ਵਿਹਲੜ ਜਮਾਤਾਂ ਤੋਂ ਛੁਟਕਾਰਾ ਪਾਉਣਾ ਹੈ, ਜੋ ਇਹ ਜਮਾਤਾਂ ਕਦੇ ਵੀ ਹੋਣ ਨਹੀਂ ਦੇਣਾ ਚਾਹੁੰਦੀਆਂ, ਇਸੇ ਲਈ ਸਨਾਤਨੀ ਜੁਮਲੇ-ਭਾਰਤ ਦੀ ਸਭਿਅਤਾ ਦੀ ਉਚਤਾ ਦਾ ਗੁਣਗਾਨ ਕੀਤਾ ਜਾਂਦਾ ਹੈ। ਪ੍ਰਗਤੀਵਾਦੀ ਇਨ੍ਹਾਂ ਨੂੰ ਜ਼ਹਿਰ ਦਿਖਾਈ ਦੇਣਗੇ ਹੀ।

ਇਹ ਸਨਾਤਨੀ, ਸਿੱਖ ਗੁਰੂਆਂ ਦੀ ਦੇਣ ਨੂੰ ਕਿਵੇਂ ਪਰਿਭਾਸ਼ਤ ਕਰਦੇ ਹਨ? ਆਓ ਦੇਖੋ, ਇਨ੍ਹਾਂ ਅਨੁਸਾਰ 'ਗੁਰੂ ਨਾਨਕ ਦੇਵ ਜੀ ਸਨਾਤਨ ਸਭਿਅਤਾ ਦੀ ਰੱਖਿਆ ਲਈ' ਆਵਾਜ਼ ਬੁਲੰਦ ਕਰਦੇ ਹਨ। ਕੀ ਗੁਰੂ ਸਾਹਿਬ ਉਪਰੋਕਤ ਕਿਸਮ ਦੀ ਸਭਿਅਤਾ ਦੀ ਰੱਖਿਆ ਕਰ ਰਹੇ ਹਨ? ਗੁਰੂ ਸਾਹਿਬ ਦੀ ਬਾਣੀ ਪੜ੍ਹੋ ਤਾਂ ਪਤਾ ਲੱਗ ਜਾਵੇਗਾ ਕਿ ਉਹ ਇਸ ਸਭਿਅਤਾ ਦੀਆਂ ਕਰਤੂਤਾਂ ਦੇ ਵਿਰੁੱਧ ਆਵਾਜ਼ ਕਿਵੇਂ ਉਠਾਉਂਦੇ ਹਨ। ਉਹ ਵਿਹਲੜਾਂ ਦੇ ਜੀਵਨ ਦੀ ਥਾਂ ਕਰਮ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਸੰਦੇਸ਼ ਦਿੰਦੇ ਹਨ। ਸਨਾਤਨੀ ਸੋਚ ਹੱਥੀਂ ਕੰਮ ਕਰਨ ਅਤੇ ਹੱਥੀਂ ਕੰਮ ਕਰਨ ਵਾਲਿਆਂ ਨੂੰ ਸ਼ੂਦਰ ਗਰਦਾਨਦੀ ਹੈ, ਡੰਗਰ ਚੁੱਕਣ ਤੇ ਮੈਲਾ ਢੋਹਣ ਵਾਲਿਆਂ ਨੂੰ ਅਤਿ ਸ਼ੂਦਰ ਗਰਦਾਨਦੀ ਹੈ। ਪਰ ਬਾਬਾ ਨਾਨਕ ਇਨ੍ਹਾਂ ਨੂੰ ਇਕੋ ਪੰਗਤ ਵਿਚ ਬੈਠਾ ਕੇ ਖਾਣਾ ਪਰੋਸਣ ਦੀ ਗੱਲ ਕਰਦਾ ਹੈ। ਉਹਨਾਂ ਦੀ ਵਿਚਾਰਧਾਰਾ ਧਰਮਾਂ ਤੋਂ ਉਪਰ ਉਠ ਕੇ 'ਨਾ ਕੋ ਹਿੰਦੂ-ਨਾ ਕੋ ਮੁਸਲਮਾਨ' ਦਾ ਨਾਅਰਾ ਦੇ ਕੇ ਮਾਨਵਤਾ ਦੇ ਹੱਕ ਵਿਚ ਭੁਗਤਦੀ ਹੈ। ਸਨਾਤਨੀ ਅਵਤਾਰਵਾਦ ਦਾ,



ਮੂਰਤੀ ਪੂਜਾ ਦਾ, ਜਨੇਊ ਪਹਿਨਣ, ਸੂਰਜ ਨਮਸਕਾਰ ਆਦਿ ਸਭ ਦਾ ਵਿਰੋਧ ਗੁਰੂ ਨਾਨਕ ਸਾਹਿਬ ਨੇ ਜੀਵਨ ਵਿਚ ਉਦਾਸੀਆਂ ਸਮੇਂ ਵੀ ਕੀਤਾ ਅਤੇ ਬਾਣੀ ਰਾਹੀਂ ਵੀ, ਇਹ ਸੰਦੇਸ਼ ਦੇ ਕੇ ਅਮਲੀ ਜੀਵਨ ਵੀ ਜੀਵਿਆ, ਕਰਤਾਰਪੁਰ ਆ ਕੇ ਖੇਤੀ ਵੀ ਕੀਤੀ।

ਸਨਾਤਨੀਆਂ ਅਨੁਸਾਰ ਭਾਰਤੀ ਜਾਤ-ਪ੍ਰਥਾ ਲਈ ਬੇਹੱਦ ਮਹੱਤਵਪੂਰਨ ਹੈ ਕਿ ਇਸ ਨੇ ਮੁਸਲਮਾਨਾਂ ਖਿਲਾਫ਼ ਖੂਨ ਦੀ ਸ਼ੁੱਧਤਾ ਨੂੰ ਕਾਇਮ ਰੱਖਿਆ। ਇਹ ਦਾਅਵਾ ਲਿਫਾਫੇਬਾਜ਼ੀ ਤੋਂ ਵੱਧ ਕੁਝ ਨਹੀਂ, ਜਿੰਨੇ ਵੀ ਰਾਜ ਬਣੇ ਬਾਹਰੋਂ ਆਏ ਹਮਲਾਵਰਾਂ ਦਾ ਸਥਾਨਕ ਵਸੋਂ ਨਾਲ ਮੇਲ ਮਿਲਾਪ ਹੋਇਆ, ਜਿਨ੍ਹਾਂ ਦੇ ਮੇਲ ਤੋਂ ਨਵੀਆਂ ਨਸਲਾਂ ਪੈਦਾ ਹੁੰਦੀਆਂ ਰਹੀਆਂ ਅਤੇ ਇੱਥੇ ਵਸਦੀਆਂ ਰਹੀਆਂ। ਗੁਰੂ ਨਾਨਕ ਸਾਹਿਬ ਉਚੀਆਂ ਜਾਤਾਂ ਦੇ ਨਾਲ ਖੜ੍ਹਦੇ ਵੀ ਨਹੀਂ, ਉਹ ਤਾਂ ਜਾਤ ਦੀ ਥਾਂ ਸੱਚ ਦੀ ਪਰਖ ਕਰਦੇ ਹਨ। ਉਹ ਸ਼ੂਦਰ ਅਤੇ ਅਤਿ ਸ਼ੂਦਰ ਨਾਲ ਖੜ੍ਹਦੇ ਹਨ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ ਪੰਨਾ 15

ਸਨਾਤਨੀ ਸੋਚ ਔਰਤ ਨੂੰ 'ਪੈਰ ਦੀ ਜੁੱਤੀ' 'ਤਾੜਨ ਦੀ ਅਧਿਕਾਰੀ' ਮੰਨਦੀ ਹੈ। ਮਾਹਵਾਰੀ ਮੌਕੇ ਉਸ ਨੂੰ ਕੁਚੀਲ ਮੰਨਦੀ, ਮੰਦਰਾਂ ਵਿਚ ਜਾਣ ਤੋਂ ਵੀ ਰੋਕਦੀ ਹੈ। ਸਬਰੀਮਾਲਾ ਦਾ ਉਦਾਹਰਣ ਸਾਹਮਣੇ ਹੈ। ਪਰ ਗੁਰੂ ਨਾਨਕ ਸਾਹਿਬ ਔਰਤ ਨੂੰ ਰੱਬ ਤੋਂ ਬਾਅਦ ਦੂਜਾ ਦਰਜਾ ਦਿੰਦੇ ਹਨ। (ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥) ਉਨ੍ਹਾਂ ਦੀਆਂ ਇਨ੍ਹਾਂ ਪੰਗਤੀਆਂ ਨੂੰ ਵਾਰ ਵਾਰ ਵਿਚਾਰਨ ਅਤੇ ਅਮਲ ਵਿਚ ਲਿਆਉਣ ਦੀ ਜ਼ਰੂਰਤ ਹੈ ਕਿ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ॥

ਸਨਾਤਨੀ ਇਤਿਹਾਸ ਨੂੰ ਕਿਵੇਂ ਪਲੀਤ ਕਰਦਾ ਹੈ, ਉਸ ਦਾ ਇਕ ਉਦਾਹਰਣ ਇਹ ਹੈ ਕਿ ਬ੍ਰਾਹਮਣਵਾਦੀ/ਮਨੂੰਵਾਦੀ ਵਿਚਾਰਧਾਰਾ ਖਿਲਾਫ਼ ਪੈਦਾ ਹੋਏ ਭਗਤੀ ਅੰਦੋਲਨ ਨੂੰ ਵੀ ਉਹ ਇਸਲਾਮ ਦੇ ਵਿਰੋਧ ਵਿਚ ਪੈਦਾ ਹੋਇਆ ਅੰਦੋਲਨ ਮਨਵਾਉਣ ਦਾ ਯਤਨ ਕਰਦਾ ਹੈ। ਜੇ ਇਓਂ ਹੈ ਤਾਂ ਇਨ੍ਹਾਂ ਪੰਕਤੀਆਂ ਦਾ ਕੀ ਅਰਥ ਬਣਦਾ ਹੈ?

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥
ਪੰਨਾ 324

ਅਸਲ ਵਿਚ ਭਗਤੀ ਅੰਦੋਲਨ ਇਕ ਪਾਸੇ ਮੁਸਲਮਾਨੀ ਸਮਾਜ ਦੀ ਬਰਾਬਰੀ ਦੀ ਵਿਚਾਰਧਾਰਾ ਅਧੀਨ ਮਾਨਵਵਾਦੀ ਸੁਰ ਅਪਣਾਉਂਦਾ ਹੈ ਤੇ ਨਾਲ ਹੀ ਮੁਸਲਮਾਨੀ ਧਰਮ ਦੇ ਬਾਹਰੀ ਕਰਮਕਾਂਡਾਂ ਅਤੇ ਵਿਚਾਰਧਾਰਾ ਦਾ ਵਿਰੋਧ ਵੀ ਕਰਦਾ ਹੈ। ਦੂਜੇ ਪਾਸੇ ਮਨੂੰਵਾਦੀ ਵਿਚਾਰਧਾਰਾ ਉਪਰ ਚੋਟ ਵੀ ਕਰਦਾ ਹੈ। ਇਨ੍ਹਾਂ ਦੋਨਾਂ ਦੇ ਵਿਰੋਧ ਵਿਚੋਂ ਭਗਤੀ ਅੰਦੋਲਨ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ। ਕਬੀਰ ਬਹੁਤ ਸਪੱਸ਼ਟ ਹਨ।

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥੧॥
ਕਾਜੀ ਤੈ ਕਵਨ ਕਤੇਬ ਬਖਾਨੀ॥
ਪੜ੍ਹਤ ਗੁਨਤ ਐਸੇ ਸਭ ਮਾਰੇ
ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥
ਸਕਤਿ ਸਨੇਹੁ ਕਰਿ ਸੁੰਨਤਿ ਕਰੀਐ
ਮੈ ਨ ਬਦਉਗਾ ਭਾਈ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ
ਆਪਨ ਹੀ ਕਟਿ ਜਾਈ॥੨॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ॥੩॥
ਛਾਡਿ ਕਤੇਬ ਰਾਮੁ ਭਜੁ ਬਉਰੇ
ਜੁਲਮ ਕਰਤ ਹੈ ਭਾਰੀ॥
ਕਬੀਰੈ ਪਕਰੀ ਟੇਕ ਰਾਮ ਕੀ
ਤੁਰਕ ਰਹੇ ਪਚਿਹਾਰੀ॥੪॥੮॥ ਪੰਨਾ 477

ਸਨਾਤਨੀਆਂ ਅਨੁਸਾਰ ਭਾਰਤੀ ਸਮਾਜ ਦੀਆਂ ਕੁਰੀਤੀਆਂ ਉਪਰ ਉਂਗਲ ਰੱਖਣ ਵਾਲੇ 'ਬਹੁਲਤਾਵਾਦੀ ਸਭਿਅਤਾ' ਨੂੰ ਜ਼ਖ਼ਮੀ ਕਰ ਰਹੇ ਹਨ। ਕੀ ਇਹ ਦੂਹਰਾ ਚਰਿੱਤਰ ਨਹੀਂ, ਉਹ ਇਸ ਗੱਲ ਨੂੰ ਜਾਣਬੁੱਝ ਕੇ ਓਹਲੇ ਕਰਨਾ ਚਾਹੁੰਦੇ ਹਨ ਕਿ ਅਸਲ ਵਿਚ ਅਜੋਕੀ ਹਿੰਦੂਤਵਵਾਦੀ ਸੱਤਾ ਭਾਰਤ ਦੀ ਬਹੁਲਤਾਵਾਦੀ ਸਭਿਅਤਾ ਅਤੇ ਸਭਿਆਚਾਰ ਨੂੰ ਲਗਾਤਾਰ ਢਾਹ ਲਾ ਰਹੀ ਹੈ। ਦਲਿਤਾਂ ਉਪਰ ਲਗਾਤਾਰ ਹਮਲੇ, ਗਾਂ ਦੇ ਨਾਂਅ 'ਤੇ ਗੁੰਡਾਗਰਦੀ ਤੇ ਭੀੜਤੰਤਰ ਵਲੋਂ ਘੱਟ ਗਿਣਤੀਆਂ ਤੇ ਦਲਿਤਾਂ ਦੀ ਮਾਰ ਮਰਾਈ, ਖਾਣ-ਪੀਣ, ਪਹਿਨਣ, ਪਿਆਰ ਕਰਨ ਦੇ ਨਾਮ ਉਪਰ ਫਿਰਕੂ ਐਲਾਨ ਤੇ ਕੁੱਟਮਾਰ, ਹਿੰਦੂ, ਹਿੰਦੀ, ਹਿੰਦੂਸਤਾਨ ਵੱਲ ਨੂੰ ਵਧਣ ਲਈ ਸੰਸਕ੍ਰਿਤ ਨੂੰ ਪਹਿਲ ਆਦਿ ਸਭ ਕੁਝ ਸਨਾਤਨੀਆਂ ਦੀ ਵਿਚਾਰਧਾਰਾ ਅਨੁਸਾਰ ਕੀਤਾ ਜਾ ਰਿਹਾ ਹੈ। ਪਰ ਮੱਧਕਾਲ ਵਿਚ ਅਜਿਹੇ ਕੰਮਾਂ ਦਾ ਸਿਹਰਾ ਮੁਸਲਮਾਨਾਂ ਦੇ ਸਿਰ ਮੜ੍ਹਨ ਵਿਚ ਵੀ ਸਨਾਤਨੀਆਂ ਨੂੰ ਸ਼ਰਮ ਮਹਿਸੂਸ ਨਹੀਂ ਹੁੰਦੀ। ਭਾਰਤੀ ਮੌਕਾਪ੍ਰਸਤ ਲੋਕਾਂ ਵਲੋਂ ਵਿਦੇਸ਼ੀ ਧਰਮ ਅਪਨਾਉਣ ਜਾਂ ਗਰੀਬਾਂ/ਦਲਿਤਾਂ ਵਲੋਂ ਆਪਣੀ ਮਰਜ਼ੀ ਨਾਲ ਸੂਫੀਆਂ ਦੇ ਪ੍ਰਭਾਵ ਹੇਠ ਧਰਮ ਪਰਿਵਰਤਨ ਨੂੰ ਭਗਵੇਂ ਰੰਗ ਵਿਚ ਸਨਾਤਨੀ ਇਉਂ ਪੇਸ਼ ਕਰਦੇ ਹਨ : 'ਅਤਿਆਚਾਰਾਂ ਤੋਂ ਡਰ ਕੇ ਬਹੁਤੇ ਲੋਕ ਆਪਣੀ ਪੂਜਾ ਪ੍ਰਣਾਲੀ ਨੂੰ ਭੁੱਲ ਚੁੱਕੇ ਸਨ, ਇੱਥੋਂ ਤੱਕ ਕਿ ਉਨ੍ਹਾਂ ਦੇ ਗੁੱਸੇ ਤੋਂ ਬਚਣ ਲਈ ਉਹ ਆਪਣੀ ਮੂਲ ਸ਼ੈਲੀ ਤੇ ਖਾਣਪੀਣ ਵਿਚ ਵੀ ਸਾਵਧਾਨੀ ਵਰਤ ਰਹੇ ਸਨ।"

ਕਮਾਲ ਇਹ ਹੈ ਕਿ ਮੌਕਾਪ੍ਰਸਤ ਲੋਕਾਂ ਵਲੋਂ 'ਮਲੇਛ ਭਾਖਿਆ' ਅਪਣਾਉਣ ਨੂੰ ਇਹ ਸਨਾਤਨੀ ਭੁੱਲ ਜਾਂਦੇ ਹਨ। ਸ਼ਾਇਦ ਇਸ ਕਰਕੇ ਕਿ ਦਇਆਨੰਦ ਸਰਸਵਤੀ ਸਤਿਆਰਥ ਪ੍ਰਕਾਸ਼ ਵਿਚ 'ਨਿਰਭਊ' ਸ਼ਬਦ ਵਰਤਣ ਕਰਕੇ ਗੁਰੂ ਨਾਨਕ ਸਾਹਿਬ ਨੂੰ ਅਨਪੜ੍ਹ ਕਰਾਰ ਦੇ ਦਿੰਦਾ ਹੈ। ਸਨਾਤਨੀ ਕਹਿ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ 'ਸਨਾਤਨ ਅਧਿਆਤਮਕ ਖਜਾਨਾ ਹੈ?' ਪਰ ਇਸ ਖਜ਼ਾਨੇ ਵਿਚ ਮਨੂੰਵਾਦੀ/ਬ੍ਰਾਹਮਣਵਾਦੀ ਸਭਿਆਚਾਰ ਦੀਆਂ ਜੋ ਪਰਤਾਂ ਗੁਰੂ ਸਾਹਿਬ ਨੇ ਉਧੇੜੀਆਂ ਹਨ, ਉਸ ਨੂੰ ਅਮਲੀ ਰੂਪ ਵਿਚ ਸਵੀਕਾਰ ਨਹੀਂ ਕਰਦਾ। ਕਿਤੇ ਸਨਾਤਨੀ ਉਪਰ ਹਾਸਾ ਵੀ ਆਉਂਦਾ ਹੈ ਜਦੋਂ ਉਹ ਗੁਰੂ ਹਰਗੋਬਿੰਦ ਅਤੇ ਗੁਰੂ ਤੇਗ ਬਹਾਦਰ ਦੇ ਸਮੇਂ ਮੁਸਲਮਾਨ ਹੋਏ ਹਿੰਦੂਆਂ ਨੂੰ ਮੁੜ ਆਪਣੇ ਧਰਮ ਵਿਚ ਆ ਜਾਣ ਦਾ ਵਿਚਾਰ ਪੇਸ਼ ਕਰਦਾ ਹੈ। ਅਸਲ ਵਿਚ ਗੁਰੂਆਂ ਦੇ ਮੱਤ ਵਿਚ ਸ਼ਾਮਲ ਹੋਣਾ ਹਿੰਦੂ ਤਹਿਆਂ ਵਿਚ ਵਾਪਸੀ ਨਹੀਂ ਸੀ। ਇਸ ਦਾ ਤਾਂ ਕੱਟੜ ਹਿੰਦੂਤਵ ਹਮੇਸ਼ਾ ਇਹ ਕਹਿ ਕੇ ਵਿਰੋਧ ਕਰਦਾ ਰਿਹਾ ਹੈ ਕਿ ਗੁਰੂਆਂ ਨੇ ਸ਼ੂਦਰਾਂ ਨੂੰ ਆਪਣੇ ਵਿਚ ਕਿਉਂ ਸ਼ਾਮਿਲ ਕੀਤਾ। ਹਿੰਦੂ ਪ੍ਰਭਾਵ ਵਾਲੇ ਡੇਰੇ ਤਾਂ ਅੱਜ ਵੀ ਦਲਿਤਾਂ ਲਈ ਲੰਗਰ ਵਿਚ ਵੱਖਰੀਆਂ ਪੰਗਤੀਆਂ ਲਗਵਾਉਂਦੇ ਹਨ।

ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਦਾ 550ਵਾਂ ਜਨਮ ਦਿਵਸ ਮਨਾਉਣ ਸਮੇਂ ਸਾਨੂੰ ਇਕ ਪਾਸੇ ਸਨਾਤਨੀ ਵਿਚਾਰਾਂ ਦੀ ਪੁਣ-ਛਾਣ ਕਰਨੀ ਪਏਗੀ ਤੇ ਦੂਜੇ ਪਾਸੇ ਨਿਰੋਲ ਸ਼ਰਧਾ ਵੱਸ ਪਰੰਪਰਾ ਨਿਭਾਉਣ ਤਕ ਗੁਰੂ ਸਾਹਿਬ ਨੂੰ ਸੀਮਤ ਕਰਨ ਤੋਂ ਬਚਣਾ ਪਵੇਗਾ ਤੇ ਆਪਣਾ ਸਾਰਾ ਧਿਆਨ ਉਨ੍ਹਾਂ ਦੀ 975 ਸ਼ਬਦਾਂ ਵਿਚ ਰਚੀ ਬਾਣੀ ਉਪਰ ਕੇਂਦਰਿਤ ਕਰਨਾ ਪਵੇਗਾ। ਉਨ੍ਹਾਂ ਦੇ ਮਾਇਆ ਦੇ ਸੰਕਲਪ, ਰਾਜਨੀਤਕ ਚੇਤਨਾ ਅਤੇ ਉਨ੍ਹਾਂ ਵਲੋਂ ਅੱਜ ਵੀ ਸਾਰਥਕ, ਕਦਰਾਂ ਕੀਮਤਾਂ ਨੂੰ ਵਾਰ ਵਾਰ ਯਾਦ ਕਰਨਾ ਪਵੇਗਾ।

- ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥

- ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥

- ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ ॥

- ਵਿਚਿ ਦੁਨੀਆਂ ਸੇਵ ਕਮਾਈਐ
ਤਾ ਦਰਗਾਹ ਬੈਸਣ ਪਾਈਐ

- ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤ।
ਨਾਮ ਬੀਜ਼ ਸੰਤੋਖ਼ ਸੁਹਾਗਾ
ਰਖੁ ਗਰੀਬੀ ਵੇਸੁ।



# ਪਾਠਕਾਂ ਦਾ ਨਜ਼ਰੀਆ

## ਸਭ ਦਾ 'ਵਿਕਾਸ', ਵੱਡਾ ਹੁੰਦੇ-ਹੁੰਦੇ ਹਿੰਦੂ ਕਿਵੇਂ ਹੋ ਗਿਆ

ਵਿਕਾਸ, ਮੇਰਾ ਵਿਕਾਸ, ਸਾਡਾ ਵਿਕਾਸ, ਸਾਡਾ ਸਭ ਦਾ ਵਿਕਾਸ, ਇਹੀ ਨਵਾਂ ਨਾਅਰਾ ਮਿਲਿਆ ਸੀ16ਵੀਂ ਲੋਕ ਸਭਾ ਦੀਆਂ ਚੋਣਾਂ ਦੌਰਾਨ। ਇੱਕ ਉਮੀਦ ਜਾਗੀ ਸੀ, ਇੱਕ ਯਕੀਨ ਕਿ ਕੁਝ ਨਵਾਂ ਹੋਵੇਗਾ। 'ਅੱਛੇ ਦਿਨ ਆਉਣਗੇ' ਦੀ ਗੱਲ ਵੀ ਹੋਈ ਸੀ। ਇੱਕ ਪਾਸੇ ਵਿਕਾਸ ਦੇ ਗੁਣ ਗਾਏ ਗਏ ਤੇ ਨਾਲ ਹੀ ਦੇਸ਼ ਅੰਦਰ ਇੱਕ ਨਵੇਂ ਸੱਭਿਆਚਾਰ ਦਾ ਵੀ ਅਰੰਭ ਹੋਇਆ। ਘੱਟ ਗਿਣਤੀਆਂ ਦੇ ਲੋਕਾਂ ਨੂੰ ਮੁੱਖ ਧਾਰਾ ਨਾਲ ਜੁੜਨ ਦੇ ਸੰਕੇਤ ਦਿੱਤੇ ਜਾਣ ਲੱਗੇ। ਦਲਿਤਾਂ ਅਤੇ ਮੁਸਲਮਾਨਾਂ ਵਿੱਚ ਅਨਿਸ਼ਚਿਤਾ ਦਾ ਭਾਵ ਫੈਲਣ ਲੱਗਿਆ। ਇੱਕ ਸੰਦੇਸ਼ ਜਾਣ ਲੱਗਿਆ ਕੇ ਹਿੰਦੂ ਅਤੇ ਹਿੰਦੂਤਵ ਦੀਆਂ ਗੱਲਾਂ ਹੋਣ ਲੱਗੀਆਂ। 'ਭਾਰਤ ਮਾਤਾ ਦੀ ਜੈ', ਜਨ ਗਣ ਗਾਉਣ, ਵੰਦੇ ਮਾਤਰਮ ਨੂੰ ਸਕੂਲਾਂ ਵਿੱਚ ਸ਼ਾਮਲ ਕਰਨ ਅਤੇ ਹੌਲੀ-ਹੌਲੀ ਸਿਲੇਬਸ ਨਾਲ ਛੇੜਛਾੜ, ਸੜਕਾਂ-ਸ਼ਹਿਰਾਂ ਦੇ ਨਾਂਅ ਦੀ ਤਬਦੀਲੀ ਨੇ ਦੇਸ਼ ਦੀ ਦਸ਼ਾ ਅਤੇ ਦਿਸ਼ਾ ਦਾ ਰੁਖ ਬਦਲਦੇ ਦੇਖਿਆ। ਨੋਟਬੰਦੀ ਨਾਲ 50 ਲੱਖ ਨੌਕਰੀਆਂ ਹੱਥੋਂ ਨਿਕਲ ਗਈਆਂ ਹਨ। ਕਾਲਾ ਧਨ ਕਿੱਥੇ ਸੀ? ਜੇ ਸੀ ਤਾਂ ਕਿੱਥੇ ਗਿਆ? ਨਾ ਵਿਦੇਸ਼ੋਂ ਆਇਆ, ਨਾ ਦੇਸ਼ ਦੇ ਅੰਦਰੋਂ ਹੀ ਮਿਲਿਆ। ਸਾਰੇ ਨੋਟ ਬੈਂਕਾਂ ਵਿੱਚ ਪਹੁੰਚ ਗਏ, ਖੱਜਲ-ਖੁਆਰੀ ਵਾਧੂ, ਨਵੇਂ ਨੋਟ ਛਾਪਣ ਦਾ ਖਰਚਾ ਹੋਰ। ਅੱਤਵਾਦ, ਨਕਸਲੀ, ਕਸ਼ਮੀਰ, ਕੀ ਕੁਝ ਬਦਲ ਗਿਆ ਹੈ।

ਰਾਮ ਲੱਲਾ ਨੇ ਕਾਫ਼ੀ ਲੰਮਾ ਸਾਥ ਦਿੱਤਾ ਹੈ। ਹੁਣ ਉਹ ਵੀ ਨਾਲ ਨਹੀਂ ਚੱਲਣਾ ਚਾਹ ਰਹੇ। ਕੀ ਕੀਤਾ ਜਾਵੇ, ਵਿਕਾਸ ਦੀ ਥਾਂ 'ਤੇ ਕਿਹੜਾ ਅਜਿਹਾ ਭਰਮ ਹੋਵੇ, ਜੋ ਸਭ ਨੂੰ ਚੁੰਬਕੀ ਤਰੀਕੇ ਨਾਲ ਆਪਣੇ ਵੱਲ ਖਿੱਚ ਲਵੇ। ਸਾਡੇ ਦੇਸ਼ ਵਿੱਚ ਇੱਕ ਖਾਸ ਮਾਹੌਲ ਹੈ, ਜਿਸ ਨੂੰ ਐਮਰਜੈਂਸੀ ਹਾਲਤਾਂ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ। ਸਾਡੇ ਪੜੋਸੀ ਪਾਕਿਸਤਾਨ ਦੇ ਖ਼ਿਲਾਫ਼ ਦੇਸ਼ ਵਿੱਚ ਮਾਹੌਲ ਬਣਾਉਣ ਲਈ ਕੋਈ ਉਚੇਚ ਨਹੀਂ ਕਰਨਾ ਪੈਂਦਾ। ਇਸ ਲਈ ਜ਼ਮੀਨ ਤਾਂ ਪਹਿਲਾਂ ਹੀ ਤਿਆਰ ਹੈ। ਦੂਸਰਾ ਮੁੱਦਾ ਹੈ, ਧਰਮ ਖਤਰੇ ਵਿੱਚ ਹੈ। ਇਹ ਹਿਦੁਸਤਾਨ ਹੈ, ਹਿਦੂਆਂ ਦੀ ਥਾਂ। ਇਸ ਲਈ ਵੀ ਜ਼ਮੀਨ ਬਣਾਈ ਗਈ ਹੈ। ਇਸ ਲਈ ਵੀ ਸ਼ੁਰੂ ਤੋਂ ਕਸ਼ਮੀਰ ਨੂੰ ਮੁੱਦਾ ਬਣਾ ਕੇ, ਧਾਰਾ 370 ਨੂੰ ਵਿੱਚ ਲਿਆ ਕੇ, ਰਾਮ ਮੰਦਰ ਦੇ ਨਾਂਅ 'ਤੇ, 'ਰਾਮ ਮੰਦਰ ਜੇਕਰ ਇੱਥੇ ਨਹੀਂ ਤਾਂ ਫਿਰ ਕਿਸ ਦੇਸ਼ ਵਿੱਚ' ਵਰਗੇ ਨਾਅਰਿਆਂ ਨਾਲ ਦੇਸ਼ ਵੰਡਿਆ ਗਿਆ, ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ ਤਾਂ ਮਤਲਬ ਸਪਸ਼ਟ ਹੈ ਕਿ ਇਹ ਦੇਸ਼ ਹੁਣ ਹਿਦੂਆਂ ਵਾਸਤੇ ਹੈ। ਮੁਸਲਮਾਨ ਸਮਾਜ ਨੂੰ ਲਗਾਤਾਰ ਕਿਸੇ ਨਾ ਕਿਸੇ ਬਹਾਨੇ ਪਿਛਲੇ ਕੁਝ ਸਮੇਂ ਤੋਂ ਗਾਂ ਦੇ ਨਾਂਅ 'ਤੇ ਕੁੱਟ-ਕੁੱਟ ਕੇ ਮਾਰਨ ਤਕ ਪਹੁੰਚ ਜਾਣਾ। ਇਨ੍ਹਾਂ ਦੋਹਾਂ ਪੱਖਾਂ ਦੇ ਮੱਦੇਨਜ਼ਰ ਵਿਕਾਸ ਦੇ ਸਾਹਮਣੇ ਪਹਿਲਾਂ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਗੱਲ ਹੋਈ। ਉਹ ਮੁੱਦਾ ਵੀ ਹੌਲੀ-ਹੌਲੀ ਫਿੱਕਾ ਪੈਣ ਲੱਗਿਆ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਭਗਵਾਂ ਰੂਪ ਧਾਰ ਕੇ ਆਪਣੀ ਚੋਣ ਲਈ ਰੋਡ ਸ਼ੋਅ ਕਰਨਾ ਪਿਆ। ਪੂਰੀ ਵੇਸ਼ਭੂਸ਼ਾ ਵਿਚ ਗੰਗਾ ਕਿਨਾਰੇ ਆਰਤੀ ਵਿਚ ਸ਼ਾਮਲ ਹੋਣਾ ਪਿਆ। ਫਿਰਕੂ ਦੰਗਿਆਂ ਵਿਚ ਮੁਲਜ਼ਮ ਸਾਧਵੀ ਪ੍ਰਗਿਆ ਠਾਕੁਰ ਨੂੰ ਪੂਰੇ ਜ਼ੋਰ-ਸ਼ੋਰ ਨਾਲ ਉਮੀਦਵਾਰ ਬਣਾ ਕੇ ਲਿਆਉਣਾ ਪਿਆ ਅਤੇ ਹਿਦੂਆਂ ਦੀ ਤਸਵੀਰ ਸਾਰੀ ਦੁਨੀਆ ਵਿਚ ਵਿਗਾੜੀ ਜਾ ਰਹੀ ਹੈ, ਭਗਵੇਂ ਨੂੰ ਸਨਮਾਨ ਦਿਵਾਉਣ ਦੀ ਗੱਲ ਹੋਣੀ ਸ਼ੁਰੂ ਹੋਈ, ਮੁਸਲਮਾਨਾਂ ਦਾ ਦੇਸ਼ ਭਰ ਵਿਚ ਬਾਈਕਾਟ ਕਰਨ ਦੀ ਗੱਲ ਵੀ ਹੋਣੀ ਸ਼ੁਰੂ ਹੋਈ।

ਚੋਣ ਪ੍ਰਕ੍ਰਿਆ ਅਤੇ ਪ੍ਰਚਾਰ ਦੀ ਉਲੰਘਣਾ ਕਰਦੇ ਹੋਏ ਹਰ ਤਰ੍ਹਾਂ ਦੇ ਨੇਮ ਨੂੰ ਤੋੜਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸ ਤਰ੍ਹਾਂ ਵਿਕਾਸ ਬਾਰੇ ਕਿਸੇ ਨੂੰ ਕੋਈ ਫਿਕਰ ਨਹੀਂ, ਵਿਕਾਸ ਬਾਰੇ ਉਸ ਦੀ ਤੰਦਰੁਸਤੀ ਬਾਰੇ ਕੋਈ ਨਹੀਂ ਪੁੱਛ ਰਿਹਾ, ਉਸ ਦੇ ਰੰਗ ਬਾਰੇ ਗੱਲ ਹੋ ਰਹੀ ਹੈ। ਉਸ ਦੇ ਧਰਮ ਬਾਰੇ, ਉਸ ਦੀ ਜਾਤ-ਗੋਤ ਬਾਰੇ ਗੱਲ ਚਰਚਾ ਦਾ ਵਿਸ਼ਾ ਬਣ ਗਈ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਉਨ੍ਹਾਂ ਦੀ ਆਮਦਨ ਦੁੱਗਣੀ ਕਰਨੀ, ਪੜ੍ਹਾਈ, ਸਿਹਤ, ਰੋਜ਼ਗਾਰ, ਸਭ ਕੁਝ ਇੱਕ ਰੰਗ ਵਿਚ ਹੀ ਜਜ਼ਬ ਹੋ ਗਿਆ ਹੈ।

**-ਡਾ. ਸ਼ਿਆਮ ਸੁੰਦਰ ਦੀਪਤੀ**

## ਧਰਤੀ ਨੂੰ ਬਚਾਉ ਕੁਦਰਤੀ ਸਰੋਤਾਂ ਦਾ ਪ੍ਰਯੋਗ ਕਰੋ

ਸਾਡੀ ਧਰਤੀ 'ਤੇ ਕੁਦਰਤ ਨੇ ਅਨੇਕ ਪ੍ਰਕਾਰ ਦੀਆਂ ਜੀਵ ਨਸਲਾਂ ਸਿਰਜੀਆਂ ਹਨ, ਪਰ ਕੁਦਰਤ ਵਿਚ ਮਨੁੱਖਾਂ ਦੀ ਦਖਲਅੰਦਾਜ਼ੀ ਕਾਰਨ ਬਹੁਤ ਸਾਰੀਆਂ ਜੀਵ ਨਸਲਾਂ ਦੀ ਹੋਂਦ ਗੁਆਚ ਚੁੱਕੀ ਹੈ। ਮਨੁੱਖ ਆਪਣੀਆਂ ਅਸੀਮ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜੰਗਲਾਂ ਅਤੇ ਜੰਗਲੀ ਜੀਵਾਂ ਦਾ ਖਾਤਮਾ ਕਰਦਾ ਜਾ ਰਿਹਾ ਹੈ। ਨਤੀਜੇ ਵਜੋਂ ਅੱਜ ਮਨੁੱਖ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਜਿਵੇਂ ਜਲਵਾਯੂ ਤਬਦੀਲੀ ਅਤੇ ਰਹਿਣ ਲਈ ਥਾਂ ਦੀ ਕਮੀ ਆਦਿ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਗੱਲ ਪੂਰੀ ਤਰ੍ਹਾਂ ਸਹੀ ਹੈ ਕਿ ਇਸ ਸੰਸਾਰ ਵਿਚ ਸਾਰੀਆਂ ਵਸਤੂਆਂ ਆਪੋ-ਆਪਣੇ ਤਰੀਕੇ ਨਾਲ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੁਦਰਤ ਵਿਚ ਮੌਜੂਦ ਹਰ ਪ੍ਰਜਾਤੀ, ਜੋ ਇਕ ਦੂਜੇ 'ਤੇ ਨਿਰਭਰ ਹੈ, ਨੂੰ ਬਚਾਉਣ ਲਈ ਲੋੜੀਂਦੇ ਯਤਨ ਕਰਨੇ ਚਾਹੀਦੇ ਹਨ।

ਧਰਤੀ ਦਿਵਸ ਨਾਲ ਸੰਬੰਧਿਤ ਕੁਝ ਅਜਿਹੇ ਤੱਥ ਹਨ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ :

- ਅਸੀਂ ਪਿਛਲੇ 60 ਲੱਖ ਸਾਲਾਂ ਵਿਚ ਕਈ ਜੀਵ ਪ੍ਰਜਾਤੀਆਂ ਦੇ ਲੋਪ ਹੋਣ ਦੀ ਸਥਿਤੀ ਦੇ ਵਿਚਕਾਰ ਹਾਂ।
- ਕਈ ਅਜਿਹੀਆਂ ਪ੍ਰਜਾਤੀਆਂ ਹਨ ਜਿਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਹੋਣ ਤੋਂ ਪਹਿਲਾਂ ਹੀ ਉਹ ਗਾਇਬ ਹੋ ਚੁੱਕੀਆਂ ਹਨ।
- 80 ਫ਼ੀਸਦੀ ਜੰਗਲੀ ਪੌਦੇ ਪਰਾਗਣ ਦੀ ਕਿਰਿਆ ਲਈ ਮਧੂ-ਮੱਖੀਆਂ ਅਤੇ ਕੀੜਿਆਂ 'ਤੇ ਨਿਰਭਰ ਹੁੰਦੇ ਹਨ ਅਤੇ 60 ਫ਼ੀਸਦੀ ਪੰਛੀ ਆਪਣੇ ਭੋਜਨ ਲਈ ਇਨ੍ਹਾਂ ਕੀੜਿਆਂ 'ਤੇ ਨਿਰਭਰ ਕਰਦੇ ਹਨ। ਮਨੁੱਖ ਇਸ ਪ੍ਰਕਿਰਿਆ ਨੂੰ ਵਿਭਿੰਨ ਤਰੀਕਿਆਂ ਨਾਲ ਪ੍ਰਭਾਵਿਤ ਕਰ ਚੁੱਕਿਆ ਹੈ।
- ਵਿਸ਼ਵ ਪੱਧਰ 'ਤੇ ਪਿਛਲੇ 20 ਸਾਲਾਂ ਵਿਚ ਮੱਛੀਆਂ ਫੜਨ ਦੀ ਪ੍ਰਕਿਰਿਆ ਕਾਰਨ ਤਕਰੀਬਨ 75 ਫ਼ੀਸਦੀ ਦੰਦਾਂ ਵਾਲੀ ਵ੍ਹੇਲ ਪ੍ਰਜਾਤੀਆਂ ਜਿਵੇਂ ਡੌਲਫਿਨ, ਪੋਰਪੋਏਸਿਸ, 65 ਫ਼ੀਸਦੀ ਬਲੇਨ ਵ੍ਹੇਲ ਸਪੀਸ਼ੀਜ਼ (ਨੀਲੀ ਹੰਪਬੈਕ) ਅਤੇ 65 ਫ਼ੀਸਦੀ ਪੀਨੀਪੀਡ ਸਪੀਸ਼ੀਜ਼ (ਸਮੁੰਦਰੀ ਸ਼ੇਰ) ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਹਨ।
- ਦੁਨੀਆਂ ਭਰ ਵਿਚ 40 ਫ਼ੀਸਦੀ ਦੇ ਕਰੀਬ ਪੰਛੀਆਂ ਦੀਆਂ ਪ੍ਰਜਾਤੀਆਂ ਘਟਦੀਆਂ ਜਾ ਰਹੀਆਂ ਹਨ ਜਾਂ ਦੂਜੇ ਸ਼ਬਦਾਂ ਵਿਚ ਹਰ 8 ਵਿਚੋਂ 1 ਪੰਛੀ ਖ਼ਤਰੇ ਵਿਚ ਹੈ।
- ਇਕ ਅਧਿਐਨ ਅਨੁਸਾਰ ਸਾਲ 2080 ਤਕ ਕਿਰਲੀਆਂ ਦੀਆਂ 40 ਫ਼ੀਸਦੀ ਕਿਸਮਾਂ ਗਾਇਬ ਹੋ ਜਾਣਗੀਆਂ।
- ਸਾਲ 1970 ਤੋਂ ਬਾਅਦ ਸਮੁੰਦਰੀ ਆਬਾਦੀ ਦੇ ਨਾਲ-ਨਾਲ ਜ਼ਮੀਨ 'ਤੇ ਰਹਿਣ ਵਾਲੇ ਜਾਨਵਰਾਂ ਦੀ ਗਿਣਤੀ ਵਿਚ ਵੀ 40 ਫ਼ੀਸਦੀ ਤਕ ਕਮੀ ਆਈ ਹੈ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਸਾਨੂੰ ਧਰਤੀ ਦੀ ਰੱਖਿਆ ਲਈ ਲੋੜੀਂਦੇ ਯਤਨ ਕਰਨੇ ਚਾਹੀਦੇ ਹਨ ਅਤੇ ਆਪਣੀਆਂ ਜ਼ਰੂਰਤਾਂ ਨੂੰ ਕਾਬੂ ਰੱਖਦਿਆਂ ਕੁਦਰਤੀ ਸਰੋਤਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

**-ਡਾ. ਮਨੀਸ਼ਾ ਬੱਤਰਾ**

## ਬੇਰੁਜ਼ਗਾਰੀ ਦਾ ਝੰਬਿਆ ਨੌਜਵਾਨ ਵਿਦੇਸ਼ ਜਾਣ ਨੂੰ ਪੱਬਾਂ ਭਾਰ

ਉਚੇਰੀ ਵਿੱਦਿਆ ਹਾਸਲ ਹੋਣ 'ਤੇ ਵੀ ਅਜਿਹੀਆਂ ਖੱਜਲ-ਖੁਆਰੀਆਂ ਤੋਂ ਡਰਦਾ ਅੱਜ ਦਾ ਨੌਜਵਾਨ ਵਿਦੇਸ਼ ਜਾਣ ਨੂੰ ਪੱਬਾਂ ਭਾਰ ਹੈ। ਜੇ ਇਹ ਵਰਤਾਰਾ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਦੇਸ਼ ਦਾ ਭਵਿੱਖ ਦਾ ਸੂਰਜ ਕਾਲੇ ਹਨੇਰੇ ਵਿੱਚ ਡੁਬਦਿਆਂ ਦੇਰ ਨਹੀਂ ਲੱਗਣੀ। ਸੋ, ਸਰਕਾਰ ਨੂੰ ਚਾਹੀਦਾ ਹੈ ਕਿ ਆਪਣੇ ਨੌਜਵਾਨ ਵਰਗ ਦੀ ਮਾਯੂਸੀ ਨੂੰ ਦੂਰ ਕਰਨ ਵਿਚ ਉਹ ਪਹਿਲ ਵਿਖਾਵੇ। ਉਨ੍ਹਾਂ ਨੂੰ ਸੱਚ-ਮੁੱਚ ਦੇਸ਼-ਕੌਮ ਦਾ ਭਵਿੱਖ ਬਣਾਵੇ, ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਕੁਝ ਸੰਵਰ ਸਕੇ। ਉਸ ਤੋਂ ਵੀ ਵੱਧ ਸਾਡੇ ਆਪਣੇ ਸੀਨੀਅਰ ਸੀਟੀਜ਼ਨਾਂ ਨੂੰ ਚਾਹੀਦਾ ਹੈ ਕਿ ਉਹ ਸੱਚੇ ਦਿਲੋਂ ਨੌਜਵਾਨਾਂ ਦੇ ਪੱਖ ਵਿੱਚ ਭੁਗਤਣ। ਕੀ ਪਤਾ ਸਭ ਤੋਂ ਵੱਧ ਕਾਰਗਰ ਕਹੀ ਜਾਂਦੀ ਬਜ਼ੁਰਗਾਂ ਦੀ ਅਸੀਸ ਹੀ ਨੌਜਵਾਨਾਂ ਲਈ ਕੋਈ ਨਵੀਂ ਰੌਸ਼ਨੀ ਦੀ ਕਿਰਨ ਲੈ ਆਵੇ।

**-ਹਰਵਿੰਦਰ ਸਿੰਘ ਰੋਡੇ**

## ਭਾਰਤ-ਪਾਕ ਵੰਡ ਤੇ ਡਾ. ਅੰਬੇਡਕਰ ਦੀ ਸੋਚ

ਭਾਰਤ ਦੀ ਵੰਡ ਹੋਈ। 15 ਅਗਸਤ 1947 ਨੂੰ ਭਾਰਤ ਦੇਸ਼ ਦੋਫਾੜ ਹੋ ਕੇ ਹਿੰਦੋਸਤਾਨ ਤੇ ਪਾਕਿਸਤਾਨ ਬਣ ਗਿਆ। ਪਾਕਿਸਤਾਨ ਇਕ ਦਿਨ ਪਹਿਲਾਂ ਹੀ 14 ਅਗਸਤ ਨੂੰ ਹੀ ਬਣ ਚੁੱਕਾ ਸੀ ਪਰ ਪਾਕਿਸਤਾਨ ਗਾਂਧੀ ਜੀ ਦੀ ਲਾਸ਼ ਉੱਤੇ ਨਹੀਂ, ਸਗੋਂ ਲੱਖਾਂ ਬੇਕਸੂਰਾਂ ਦੀਆਂ ਲਾਸ਼ਾਂ 'ਤੇ ਬਣਿਆ। ਭਾਰਤ ਦੀ ਵੰਡ ਸਮੇਂ ਦੋਹਾਂ ਪਾਸਿਆਂ ਤੋਂ ਜਦੋਂ ਵੱਡੇ ਪੱਧਰ 'ਤੇ ਅਬਾਦੀ ਦਾ ਤਬਾਦਲਾ ਹੋਇਆ ਤਾਂ ਫਿਰਕੂ ਫਸਾਦਾਂ ਦੇ ਰੂਪ ਵਿਚ ਵੱਡਾ ਘੱਲੂਘਾਰਾ ਵਾਪਰਿਆ। ਬਟਵਾਰੇ ਦੇ ਐਲਾਨ ਤੋਂ ਬਾਅਦ 1947 ਵਿਚ ਜਿੱਥੇ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਆਗੂ ਆਪਣੀ ਆਜ਼ਾਦ ਹਸਤੀ ਦੇ ਜਸ਼ਨ ਮਨਾ ਰਹੇ ਸਨ, ਉੱਥੇ ਦੋਹਾਂ ਦੇਸ਼ਾਂ ਦੇ ਲੋਕ ਫਿਰਕੂ ਫਸਾਦਾਂ ਵਿਚ ਮਾਰੇ ਜਾ ਰਹੇ ਸਨ। ਕਰੀਬ 10 ਲੱਖ ਲੋਕ ਮਾਰੇ ਗਏ ਤੇ ਇਕੱਲੇ ਕੋਲਕਾਤਾ ਵਿਚ ਹੀ 5 ਹਜ਼ਾਰ ਤੋਂ ਵੱਧ ਮੌਤਾਂ ਹੋਈਆਂ। ਇਕ ਰਿਪੋਰਟ ਅਨੁਸਾਰ 1.30 ਕਰੋੜ ਲੋਕਾਂ ਨੂੰ ਘਰਾਂ ਤੋਂ ਉੱਜੜਨਾ ਪਿਆ। ਦੋਹਾਂ ਪਾਸਿਓਂ ਤੋਂ ਇਕ ਲੱਖ ਲੜਕੀਆਂ ਉਧਾਲੀਆਂ ਗਈਆਂ, ਜਬਰੀ ਉਨ੍ਹਾਂ ਦਾ ਧਰਮ ਬਦਲਿਆ ਗਿਆ, ਇੱਜ਼ਤ ਲੁੱਟੀ ਗਈ ਅਤੇ ਸ਼ਰੇਆਮ ਵੇਚਿਆ ਗਿਆ।

ਡਾ. ਅੰਬੇਡਕਰ ਇਸ ਹਾਲਾਤ ਬਾਰੇ ਪਹਿਲਾਂ ਹੀ ਜਾਣੂ ਸਨ। ਉਨ੍ਹਾਂ ਆਪਣੀ ਕਿਤਾਬ 'ਥੌਟਸ ਆਨ ਪਾਕਿਸਤਾਨ' ਵਿਚ ਸਪੱਸ਼ਟ ਸੁਝਾਅ ਦਿੱਤਾ ਸੀ ਕਿ ਪਾਕਿਸਤਾਨ ਬਣਨਾ ਤੈਅ ਹੈ, ਇਸ ਲਈ ਤਬਾਹੀ ਤੋਂ ਬਚਣ ਵਾਸਤੇ ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਹੀ ਮਿਲਟਰੀ ਦੀ ਦੇਖ ਰੇਖ ਵਿਚ ਦੋਹਾਂ ਪਾਸਿਆਂ ਦੇ ਲੋਕਾਂ ਦਾ ਉਨ੍ਹਾਂ ਦੇ ਮਾਲ ਡੰਗਰ ਸਣੇ ਤਬਾਦਲਾ ਕਰ ਲੈਣਾ ਚਾਹੀਦਾ ਹੈ, ਪਰ ਉਨ੍ਹਾਂ ਦਾ ਕੋਈ ਸੁਝਾਅ ਨਾ ਮੰਨਿਆ ਗਿਆ। ਕਾਂਗਰਸ ਤੇ ਮੁਸਲਿਮ ਲੀਗ ਨੇ ਡਾ. ਅੰਬੇਡਕਰ ਦੀ ਇਸ ਦੂਰਦਰਸ਼ੀ ਸੋਚ ਵੱਲ ਕੋਈ ਧਿਆਨ ਨਾ ਦਿੱਤਾ, ਪਰ ਉਨ੍ਹਾਂ ਵੱਲੋਂ ਆਪਣੀ ਕਿਤਾਬ ਵਿਚ ਦਿੱਤੇ ਵਿਚਾਰ ਹੂ-ਬ-ਹੂ ਸਭ ਸੱਚ ਸਾਬਤ ਹੋਏ।

**-ਐੱਸ.ਐੱਲ. ਵਿਰਦੀ ਐਡਵੋਕੇਟ**

## ਕਿਸਾਨੀ ਕਰਜ਼ੇ ਅਤੇ ਭਿਅੰਕਰ ਬੇਰੁਜ਼ਗਾਰੀ ਕਾਰਨ ਭਾਰਤ ਵਿਚ ਵਧ ਰਿਹਾ ਹੈ ਰੋਹ ਤੇ ਵਿਦਰੋਹ

ਲੋਕ ਸਭਾ ਚੋਣਾਂ ਉਸ ਸਮੇਂ ਹੋ ਰਹੀਆਂ ਹਨ ਜਦੋਂ ਭਾਰਤ ਨੂੰ ਸਰਬਵਿਆਪੀ ਸੰਕਟ ਦਰਪੇਸ਼ ਹੈ। ਇਨ੍ਹਾਂ ਸਮੱਸਿਆਵਾਂ ਵਿਚੋਂ ਕਿਸਾਨੀ ਸੰਕਟ ਅਤੇ ਬੇਰੁਜ਼ਗਾਰੀ ਸਭ ਤੋਂ ਵੱਡੀਆਂ ਸਮੱਸਿਆਵਾਂ ਹਨ। ਭਾਰਤੀ ਕਿਸਾਨ ਵੱਡੀ ਪੱਧਰ 'ਤੇ ਕਰਜ਼ਈ ਹੋ ਚੁੱਕੇ ਹਨ ਅਤੇ ਅਤੇ ਕਰਜ਼ੇ ਦੇ ਵਿੰਨ੍ਹੇ ਹੋਏ ਪਿਛਲੇ ਦੋ ਦਹਾਕਿਆਂ 'ਚ ਤਿੰਨ ਲੱਖ ਤੋਂ ਵੱਧ ਖੁਦਕੁਸ਼ੀਆਂ ਕਰ ਚੁੱਕੇ ਹਨ। ਮੋਦੀ ਦੇ ਹਰ ਸਾਲ 2 ਕਰੋੜ ਰੁਜ਼ਗਾਰ ਪੈਦਾ ਕਰਨ ਦੇ ਦਾਅਵਿਆਂ ਦੇ ਉਲਟ ਬੇਰੁਜ਼ਗਾਰੀ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਚੁੱਕੀ ਹੈ। ਪਿਛਲੇ ਛੇ ਸਾਲਾਂ ਦੌਰਾਨ ਪਹਿਲਾਂ ਤੋਂ ਮੌਜੂਦ ਰੁਜ਼ਗਾਰ ਵਿਚੋਂ 90 ਲੱਖ ਮਰਦ ਮਜ਼ਦੂਰ ਬੇਰੁਜ਼ਗਾਰ ਹੋ ਗਏ ਹਨ। ਤਕਰੀਬਨ 3 ਕਰੋੜ ਪੇਂਡੂ ਔਰਤਾਂ ਤੇ 3 ਕਰੋੜ ਪੇਂਡੂ ਦਿਹਾੜੀਦਾਰ ਮਜ਼ਦੂਰ ਰੁਜ਼ਗਾਰ ਤੋਂ ਹੱਥ ਧੋ ਚੁੱਕੇ ਹਨ ਅਤੇ 2 ਕਰੋੜ ਸਵੈ-ਰੁਜ਼ਗਾਰ ਲੋਕ ਖੇਤੀ ਵਿਚੋਂ ਬਾਹਰ ਧੱਕੇ ਗਏ ਹਨ। ਇਕ ਪਾਸੇ ਕਰਜ਼ੇ ਥੱਲੇ ਕਿਸਾਨ ਖੁਦਕੁਸ਼ੀ ਕਰ ਰਹੇ ਹਨ, ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਬੈਂਕਾਂ ਦੇ 10 ਲੱਖ ਕਰੋੜ ਰੁਪਏ ਦੇ ਵੱਟੇ-ਖਾਤੇ ਹੋਣ ਦੇ ਬਾਵਜੂਦ, ਪਿਛਲੇ 15 ਸਾਲਾਂ ਵਿਚ ਸਰਕਾਰ ਨੇ ਉਨ੍ਹਾਂ ਨੂੰ 5300 ਲੱਖ ਕਰੋੜ ਰੁਪਏ ਦੀਆਂ ਟੈਕਸ ਰਿਆਇਤਾਂ ਅਤੇ 7,00,000 ਕਰੋੜ ਰੁਪਏ ਦੇ ਕਰਜ਼ੇ 'ਤੇ ਲੀਕ ਮਾਰੀ ਹੈ। ਸੰਕਟ ਦੇ ਬਾਵਜੂਦ 9 ਵੱਡੇ ਘਰਾਣਿਆਂ ਨੇ ਮੁਲਕ ਦੀ 50 ਫ਼ੀਸਦੀ ਜਾਇਦਾਦ 'ਤੇ ਕਬਜ਼ਾ ਜਮਾ ਲਿਆ ਹੈ। ਇਹ ਜਾਇਦਾਦ ਉਨ੍ਹਾਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਸਸਤੀਆਂ ਐਕੁਆਇਰ ਕਰਨ, ਖੇਤੀ ਲਾਗਤਾਂ ਦੀ ਸਅਨਤ 'ਤੇ ਏਕਾਧਿਕਾਰ ਕਰਕੇ ਖੇਤੀ ਲਾਗਤਾਂ ਦੀਆਂ ਕੀਮਤਾਂ ਉਚੀਆਂ ਤੇ ਫ਼ਸਲਾਂ ਦੀਆਂ ਕੀਮਤਾਂ ਬੇਓੜਕ ਨੀਵੀਆਂ ਰੱਖਣ, ਅਪਨਿਵੇਸ਼ ਨਾਲ ਪਬਲਿਕ ਖੇਤਰ ਨੂੰ ਕੌਡੀਆਂ ਦੇ ਭਾਅ ਖਰੀਦਣ, ਬੈਂਕਾਂ ਵਿਚ ਪਬਲਿਕ ਦਾ ਜਮ੍ਹਾਂ ਪੈਸਾ ਹੜੱਪ ਕਰਨ, ਠੇਕੇ ਭਰਤੀ ਨਾਲ ਮੁਲਾਜ਼ਮਾਂ ਅਤੇ ਮਜ਼ਦੂਰਾਂ ਤੋਂ ਦਾਬੇ ਨਾਲ ਘੱਟ ਤਨਖਾਹ 'ਤੇ ਵੱਧ ਕੰਮ ਲੈਣ, ਆਟੋਮੇਸ਼ਨ ਨਾਲ ਮਜ਼ਦੂਰਾਂ ਦੀ ਛਾਂਟੀ ਕਰਕੇ ਕੰਮ ਦੇ ਘੰਟੇ ਵਧਾਉਣ ਆਦਿ ਨਾਲ ਬੇਲਗਾਮ ਲੁੱਟ ਕਰਨ ਰਾਹੀਂ ਇਕੱਤਰ ਕੀਤੀ ਹੈ।

ਨਵ-ਉਦਾਰਵਾਦੀ ਨੀਤੀਆਂ ਨਾਲ ਦੇਸੀ-ਵਿਦੇਸ਼ੀ ਕਾਰਪੋਰੇਟ ਵੱਡੇ ਮਗਰਮੱਛਾਂ ਨੂੰ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਪੂਰੀ ਖੁੱਲ੍ਹ ਮਿਲ ਗਈ ਹੈ। ਭਾਰਤ ਅੰਦਰ ਇਨ੍ਹਾਂ ਮਗਰਮੱਛਾਂ ਦਾ ਸ਼ਿਕਾਰ ਕਿਸਾਨੀ ਵੀ ਬਣ ਰਹੀ ਹੈ ਪਰ ਹੁਣ ਹੋ ਰਹੀਆਂ ਲੋਕ ਸਭਾ ਚੋਣਾਂ ਅੰਦਰ ਨਾ ਯੂਪੀਏ, ਨਾ ਐਨਡੀਏ ਅਤੇ ਨਾ ਹੋਰ ਪਾਰਟੀਆਂ, ਨਾ ਬੇਰੁਜ਼ਗਾਰੀ ਤੇ ਨਾ ਹੀ ਕਿਸਾਨਾਂ ਦੀਆਂ ਬੁਨਿਆਦੀ ਮੰਗਾਂ ਨੂੰ ਸੰਬੋਧਤ ਹੋ ਰਹੀਆਂ ਹਨ। ਮੋਦੀ ਦੇ 'ਮੈਂ ਚੌਕੀਦਾਰ ਹੈਂ' ਅਤੇ ਰਾਹੁਲ ਗਾਂਧੀ ਦੇ 'ਮੋਦੀ ਚੋਰ ਹੈ' ਦੇ ਸ਼ੋਰ-ਓ-ਗੁਲ ਅਧੀਨ ਮੁਲਕ ਦੀਆਂ ਵੱਡੀਆਂ ਸਮੱਸਿਆਵਾਂ ਨੂੰ ਰੋਲ ਦਿੱਤਾ ਗਿਆ ਹੈ।

ਕਿਸਾਨੀ ਕਰਜ਼ੇ ਅਤੇ ਭਿਅੰਕਰ ਬੇਰੁਜ਼ਗਾਰੀ ਕਾਰਨ ਮੁਲਕ ਭਰ ਅੰਦਰ ਰੋਹ ਤੇ ਵਿਦਰੋਹ ਵਧ ਰਿਹਾ ਹੈ।

**-ਮੋਹਨ ਸਿੰਘ (ਡਾ.)**

## ਬਾਂਝ ਹੋ ਰਹੀ ਹੈ ਮੇਰੀ ਧਰਤ ਪੰਜਾਬ

ਅੱਜ ਮੇਰੀ ਧਰਤੀ ਵਾਤਾਵਰਨ ਪੱਖੋਂ ਵੀ ਤਬਾਹ ਹੋ ਰਹੀ ਹੈ। ਜਿਸ ਧਰਤੀ ਨੂੰ ਪੰਜਾਂ ਪਾਣੀਆਂ ਨੇ ਆਬਾਦ ਕੀਤਾ ਸੀ ਉਹ ਅੱਜ ਰੇਗਿਸਤਾਨ ਵੱਲ ਪੈਰ ਪਸਾਰ ਰਹੀ ਹੈ। ਗੁਰਬਾਣੀ ਵਿੱਚ ਪਾਣੀ ਨੂੰ ਪਿਤਾ, ਹਵਾ ਨੂੰ ਗੁਰੂ ਅਤੇ ਧਰਤੀ ਨੂੰ ਮਾਤਾ ਕਹਿ ਕੇ ਸੰਬੋਧਨ ਕੀਤਾ ਗਿਆ ਹੈ ਪਰ ਅਸੀਂ ਗੁਰਬਾਣੀ ਦੇ ਸ਼ਬਦਾਂ ਤੋਂ ਮੁੱਖ ਮੋੜ ਕੇ ਉਲਟਾ ਇਸ ਸਭ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਾਂ। ਅੱਜ ਪਾਣੀ ਖੁਣੋਂ ਸਾਡੀ ਧਰਤੀ ਬਾਂਝ ਹੋ ਰਹੀ ਹੈ, ਹਵਾ ਪ੍ਰਦੂਸ਼ਣ ਕਰ ਕੇ ਗੰਧਲੀ ਹੋ ਗਈ ਅਤੇ ਮਿੱਟੀ ਨੂੰ ਅਸੀਂ ਗੰਦਗੀ ਅਤੇ ਜ਼ਹਿਰੀਲੀਆਂ ਦਵਾਈਆਂ ਨਾਲ ਬੰਜਰ ਕਰ ਦਿੱਤਾ। ਸੋਚੋ, ਸਾਡਾ ਭਵਿੱਖ ਕੀ ਹੋਵੇਗਾ? ਅਸੀਂ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਲਈ ਹੱਡ-ਭੰਨਵੀਂ ਮਿਹਨਤ ਕਰਦੇ ਹਾਂ ਤਾਂ ਕਿ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਕਮੀ-ਪੇਸ਼ੀ ਨਾ ਆਵੇ। ਪਰ ਅਸੀਂ ਕਦੇ ਇਹ ਨਹੀਂ ਸੋਚਿਆ ਕਿ ਕਿ ਸਾਡੇ ਬੱਚੇ ਇਸ ਜ਼ਹਿਰੀਲੇ ਵਾਤਾਵਰਨ ਵਿੱਚ ਕਿਵੇਂ ਰਹਿ ਪਾਉਣਗੇ? ਸਾਡੀ ਔਲਾਦ ਤਾਂ ਸਾਨੂੰ ਮੂਰਖ ਹੀ ਕਹੇਗੀ ਕਿ ਜਿਸ ਟਾਹਣ 'ਤੇ ਅਸੀਂ ਬੈਠੇ ਸਾਂ, ਉਸੇ ਨੂੰ ਵੱਢੀ ਜਾ ਰਹੇ ਸਾਂ।

ਜਵਾਨੀ ਅਤੇ ਵਾਤਾਵਰਨ ਤੋਂ ਇਲਾਵਾ ਸਾਡੇ ਸਭਿਆਚਾਰ ਨੂੰ ਵੀ ਖੋਰਾ ਲੱਗ ਰਿਹਾ ਹੈ। ਸਾਡੇ ਪੰਜਾਬ ਦੇ ਗੀਤਾਂ ਵਿਚ ਅਸ਼ਲੀਲਤਾ, ਨਸ਼ੇ, ਹਥਿਆਰ, ਅਤੇ ਗੈਂਗਸਟਰਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਸੋਚੀ ਸਮਝੀ ਸਾਜ਼ਿਸ਼ ਕਾਰਨ ਸਾਡੀ ਜਵਾਨੀ ਅਤੇ ਸਾਡਾ ਸਭਿਆਚਾਰ ਰਸਾਤਲ ਵੱਲ ਵਧ ਰਿਹਾ ਹੈ। ਇਨ੍ਹਾਂ ਗੀਤਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਸੁਚੱਜਾ ਗਾਉਣ ਵਾਲੇ ਵੀ ਹਨ ਜਿਨ੍ਹਾਂ ਦੇ ਸ਼ਬਦ ਸਦੀਵੀ ਬਣ ਜਾਂਦੇ ਹਨ ਅਤੇ ਹਰ ਬੱਚੇ ਤੋਂ ਲੈ ਕੇ ਬਜ਼ੁਰਗ ਤਕ ਦੀ ਜ਼ੁਬਾਨ 'ਤੇ ਚੰਗੇ ਗੀਤਾਂ ਦੇ ਬੋਲ ਸਦਾ ਰਹਿੰਦੇ ਹਨ। ਲੱਚਰ ਗਾਇਕੀ ਕਦੇ ਵੀ ਸੂਝਵਾਨ ਲੋਕਾਂ ਦੇ ਦਿਲਾਂ ਵਿਚ ਘਰ ਨਹੀਂ ਕਰ ਸਕੀ ਅਤੇ ਅਜਿਹੇ ਗੀਤ ਕੁਝ ਪਲਾਂ ਦੇ ਮਹਿਮਾਨ ਹੀ ਹੁੰਦੇ ਹਨ।

ਅੱਜ ਜੇਕਰ ਮਿਹਨਤਕਸ਼ ਲੋਕਾਂ ਦਾ ਜੀਵਨ ਵੇਖਿਆ ਜਾਵੇ ਤਾਂ ਉਨ੍ਹਾਂ ਲਈ ਪਲ-ਪਲ ਜੀਣਾ ਮੁਸ਼ਕਿਲ ਹੋ ਰਿਹਾ ਹੈ। ਉਨ੍ਹਾਂ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਕਿਸਾਨ ਅਤੇ ਮਜ਼ਦੂਰ ਕਰਜ਼ਾਈ ਹੋਏ ਖੁਦਕੁਸ਼ੀਆਂ ਕਰ ਰਹੇ ਹਨ। ਸਰਮਾਏਦਾਰੀ ਨੇ ਮਜ਼ਦੂਰਾਂ ਨੂੰ ਕੰਗਾਲੀ ਅਤੇ ਕਿਸਾਨਾਂ ਨੂੰ ਫ਼ਸਲਾਂ ਲਈ ਮਹਿੰਗੀਆਂ ਜ਼ਹਿਰਾਂ ਪਰੋਸ ਕੇ ਦਿੱਤੀਆਂ ਹਨ। ਸਮਾਜਿਕ ਵਿਕਾਸ ਵਿਚ ਸਭ ਤੋਂ ਵੱਧ ਹਿੱਸਾ ਕਿਸਾਨਾਂ ਅਤੇ ਮਜ਼ਦੂਰਾਂ ਦਾ ਹੁੰਦਾ ਹੈ, ਪ੍ਰੰਤੂ ਗੰਧਲੀ ਰਾਜਨੀਤੀ ਨੇ ਇਨ੍ਹਾਂ ਨੂੰ ਮੌਤ ਗਲ ਲਗਾਉਣ ਲਈ ਮਜਬੂਰ ਕਰ ਦਿੱਤਾ ਹੈ। ਕਦੇ ਸੋਚਿਆ ਹੈ ਕਿ ਦੇਸ਼ ਦਾ ਵਿਕਾਸ ਇਨ੍ਹਾਂ ਦੋਨਾਂ ਬਗੈਰ ਕਿਵੇਂ ਹੋਵੇਗਾ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਅਜੇ ਵੀ ਸਾਡੇ ਕੋਲ ਆਪਣੀ ਪੰਜਾਬ ਦੀ ਧਰਤੀ ਨੂੰ ਸੰਭਾਲਣ ਦਾ ਸਮਾਂ ਹੈ। ਸਾਨੂੰ ਆਪਣੇ ਇਤਿਹਾਸ ਤੋਂ ਸੇਧ ਲੈ ਕੇ ਅਤੇ ਆਪਣੇ ਮਹਾਂ ਪੁਰਖਾਂ ਦੇ ਦਰਸਾਏ ਰਾਹਾਂ 'ਤੇ ਚੱਲਣਾ ਪਵੇਗਾ। ਸਾਨੂੰ ਆਪਣੇ ਅੰਦਰਲੇ ਦੁਸ਼ਮਣਾਂ ਦੀ ਪਛਾਣ ਕਰ ਕੇ, ਉਨ੍ਹਾਂ ਦੀ ਦੈਂਤ ਰੂਪੀ ਬਿਰਤੀ ਨੂੰ ਖਤਮ ਕਰ ਕੇ ਸਿੱਧੇ ਰਾਹ ਲਿਆਉਣਾ ਪਵੇਗਾ। ਉਨ੍ਹਾਂ ਨੂੰ ਆਪਣੇ ਪੁਰਖਿਆਂ ਦੇ ਸਿਧਾਂਤਾਂ ਤੋਂ ਜਾਣੂ ਕਰਾ ਕੇ ਸਿੱਧੇ ਰਾਹ 'ਤੇ ਲਿਆਉਣਾ ਪਵੇਗਾ। ਇਸਦੇ ਨਾਲ ਹੀ ਸਾਨੂੰ ਰਾਜਨੀਤੀ ਦੀ ਵਾਗਡੋਰ ਵੀ ਸੁਹਿਰਦ ਅਤੇ ਸੂਝਵਾਨ ਹੱਥਾਂ ਵਿੱਚ ਦੇਣੀ ਪਵੇਗੀ। ਕਿਸੇ ਦਾਰਸ਼ਨਿਕ ਨੇ ਕਿਹਾ ਸੀ ਜਿੱਥੇ ਦੇ ਲੋਕ ਸੂਝਵਾਨ ਹੁੰਦੇ ਹਨ, ਉੱਥੋਂ ਦੀ ਰਾਜਨੀਤੀ ਵੀ ਸੂਝਵਾਨਾਂ ਦੇ ਹੱਥਾਂ ਵਿੱਚ ਹੁੰਦੀ ਹੈ। ਆਓ ਸਭ ਇਕੱਠੇ ਹੋ ਕੇ ਚੱਲੀਏ, ਭਾਈਚਾਰੇ ਨੂੰ ਕਾਇਮ ਰੱਖੀਏ, ਵੰਡ ਛਕੀਏ ਅਤੇ ਸੂਝਵਾਨਾਂ ਅਤੇ ਬਹਾਦਰੀ ਵਾਲਾ ਰਾਹ ਚੁਣੀਏ, ਆਪਣੀ ਧਰਤ ਪੰਜਾਬ ਨੂੰ ਸੋਨੇ ਦੀ ਚਿੜੀ ਬਣਾਈਏ।

**-ਹਰਨੰਦ ਸਿੰਘ ਭੁੱਲਰ**

## ਸੱਭਿਅਕ ਕੌਣ ਹੈ ?

ਕੁਝ ਲੋਕ ਰਹਿਣ ਸਹਿਣ ਭਾਵ ਜੀਵਨ ਪੱਧਰ ਨੂੰ ਸੱਭਿਅਤਾ ਸਮਝਦੇ ਹਨ। ਮਨੁੱਖੀ ਰਹਿਣ ਸਹਿਣ ਸੱਭਿਅਤਾ ਦਾ ਇਕ ਅੰਗ ਹੈ। ਸੱਭਿਅਕ ਲੋਕਾਂ ਅਤੇ ਸੱਭਿਅਕ ਕੌਮਾਂ ਵਿਚ ਕੁਝ ਹੋਰ ਗੁਣ ਵੀ ਹੁੰਦੇ ਹਨ। ਮਨੁੱਖੀ ਵਤੀਰਾ ਸ਼ਖਸੀਅਤ ਦਾ ਪ੍ਰਗਟਾਵਾ ਹੁੰਦਾ ਹੈ। ਉਸ ਦੇ ਮੂੰਹ ਵਿਚੋਂ ਸ਼ਬਦ, ਉਸ ਮਨੁੱਖ ਦੇ ਸੱਭਿਅਕ ਹੋਣ ਨੂੰ ਉਜਾਗਰ ਕਰਦੇ ਹਨ। ਸੱਭਿਅਕ ਮਨੁੱਖ ਉਹ ਹੁੰਦਾ ਹੈ ਜਿਸ ਵਿਚ ਨਿਮਰਤਾ, ਸਹਿਣਸ਼ੀਲਤਾ, ਈਮਾਨਦਾਰੀ, ਕ੍ਰਿਪਾਲਤਾ, ਹਮਦਰਦੀ, ਦਇਆ ਅਤੇ ਨੈਤਿਕਤਾ ਆਦਿ ਗੁਣ ਹੋਣ। ਕੁਝ ਲੋਕ ਅੱਖਰੀ ਗਿਆਨ ਪ੍ਰਾਪਤ ਕਰਕੇ ਵੀ ਇਨ੍ਹਾਂ ਗੁਣਾਂ ਤੋਂ ਸੱਖਣੇ ਹੀ ਹੁੰਦੇ ਹਨ। ਅਜਿਹੇ ਲੋਕਾਂ ਨੂੰ ਸੱਭਿਅਕ ਨਹੀਂ ਕਹਿ ਸਕਦੇ। ਉਨ੍ਹਾਂ ਵਿਚ ਨੈਤਿਕਤਾ ਅਤੇ ਤਹਿਜ਼ੀਬ ਦੀ ਘਾਟ ਹੁੰਦੀ ਹੈ। ਉਨ੍ਹਾਂ ਦੀ ਬੋਲਚਾਲ ਵਿਚੋਂ ਅਹੰਕਾਰ, ਈਰਖਾ ਅਤੇ ਹੈਂਕੜਬਾਜ਼ੀ ਪ੍ਰਗਟ ਹੁੰਦੀ ਹੈ। ਕੁਝ ਲੋਕ ਵੱਡਿਆਂ ਤੇ ਛੋਟਿਆਂ ਨਾਲ ਵਤੀਰੇ ਵਿਚ ਫਰਕ ਕਰਦੇ ਹਨ। ਪਰ ਚਾਹੀਦਾ ਹੈ ਕਿ ਵੱਡਿਆਂ ਦਾ ਸਤਿਕਾਰ ਅਤੇ ਛੋਟਿਆਂ ਨਾਲ ਪਿਆਰ ਨਾਲ ਪੇਸ਼ ਆਵੋ। ਚਾਲ, ਗੁਫ਼ਤਾਰ ਅਤੇ ਦਸਤਾਰ, ਚੰਗੀ ਸ਼ਖਸੀਅਤ ਪ੍ਰਗਟਾਉਂਦੇ ਹਨ। ਕੁਝ ਲੋਕ ਬਾਹਰੋਂ ਬਹੁਤ ਮਿੱਠਾ ਬੋਲਦੇ ਹਨ ਪਰ ਦੂਜਿਆਂ ਪ੍ਰਤੀ ਉਹ ਸੁਹਿਰਦ ਅਤੇ ਨੈਤਿਕਤਾ ਪੱਖੋਂ ਸੱਖਣੇ ਹੁੰਦੇ ਹਨ। ਆਦਮੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਲਈ ਘੱਟ ਅਤੇ ਦੂਜਿਆਂ ਲਈ ਜ਼ਿਆਦਾ ਜੀਵੇ। ਪ੍ਰਸ਼ਨ ਇਹ ਨਹੀਂ ਕਿ ਮਨੁੱਖ ਮਰਿਆ ਕਿਵੇਂ, ਪ੍ਰਸ਼ਨ ਇਹ ਹੈ ਕਿ ਕੋਈ ਆਦਮੀ ਜੀਵਿਆ ਕਿਵੇਂ?

ਦੂਜਿਆਂ ਨਾਲ ਅਜਿਹਾ ਵਤੀਰਾ ਕਰੋ ਜਿਵੇਂ ਕਿ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਇਸ ਲਈ ਸੱਭਿਅਕ ਮਨੁੱਖ ਲਈ ਜੀਵਨ ਪੱਧਰ ਦੇ ਨਾਲ ਤਾਲੀਮ, ਤਹਿਜ਼ੀਬ, ਨੈਤਿਕਤਾ ਵੀ ਜ਼ਰੂਰੀ ਹੈ। ਤਹਿਜ਼ੀਬ ਅਤੇ ਨੈਤਿਕਤਾ ਜੀਵਨ ਦੇ ਦੋ ਪਹੀਏ ਹਨ ਇਨ੍ਹਾਂ ਤੋਂ ਬਿਨਾਂ ਮਨੁੱਖਤਾ ਅਤੇ ਸੱਭਿਅਕ ਹੋਣ ਦਾ ਦਰਜਾ ਮਨੁੱਖ ਪ੍ਰਾਪਤ ਨਹੀਂ ਕਰ ਸਕਦਾ। ਵਿਚਾਰਾਂ ਦੀ ਸ੍ਰੇਸ਼ਟਤਾ, ਸਦਾਚਾਰਕ ਸੁਸ਼ੀਲਤਾ ਅਤੇ ਸ਼ਿਸ਼ਟਾਚਾਰ ਸੱਭਿਅਕ ਮਨ ਦੇ ਗੁਣ ਹਨ।

A civilized person is he who possesses moral character and good conscience.

**-ਮਾਸਟਰ ਨਿਰਮਲ ਸਿੰਘ ਲਾਲੀ**

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# 'ਬਾਣੀ ਕਾ ਬੋਹਿਥਾ' ਤੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)



ਗੁਰੂ ਕਾਲ ਵਿਚ ਸਿੱਖ ਗੁਰੂਆਂ ਨੇ ਸਮੁੱਚੀ ਲੋਕਾਈ ਨੂੰ ਸਮੇਂ ਦੇ ਪ੍ਰਚਲਿਤ ਝੂਠੇ ਪਾਖੰਡਾਂ ਅਤੇ ਸਮਾਜਿਕ, ਰਾਜਨੀਤਕ ਕੁਰੀਤੀਆਂ ਦੀ ਨਿਖੇਧੀ ਕਰਕੇ ਵਹਿਮਾਂ ਭਰਮਾਂ ਵਿਚੋਂ ਨਿਕਲਣ ਦਾ ਰਾਹ ਵਿਖਾਇਆ। ਸ਼ਾਂਤ ਪੱਧਰੀ ਜੀਵਨ ਜਾਚ ਸਿਖਾਈ। ਇਸ ਕ੍ਰਾਂਤੀਕਾਰੀ ਪ੍ਰੇਰਣਾ ਵਿਚ ਮੁਢਲੇ ਅਸੂਲਾਂ ਤੇ ਚੱਲਣ ਦਾ ਉਪਦੇਸ਼ ਦਿੱਤਾ ਕਿ ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਕੇ ਛਕਣਾ ਹੈ। ਅੱਗੇ ਜਾ ਕੇ ਦਸਾਂ ਗੁਰੂਆਂ ਵਿਚ ਇਕੋ ਨਿਰੰਤਰ ਜੋਤ ਨੇ ਇਸ ਧਰਮ ਸੰਕਲਪ ਨੂੰ ਅੱਗੇ ਤੋਰਿਆ। ਇਸੇ ਸੰਦਰਭ ਵਿਚ ਪੰਜਵੇਂ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਪ੍ਰਕਾਸ਼ 15 ਅਪ੍ਰੈਲ ਸੰਨ 1653 ਵਿਚ ਗੋਇੰਦਵਾਲ (ਤਰਨ ਤਾਰਨ) ਵਿਖੇ ਪਿਤਾ ਗੁਰੂ ਰਾਮਦਾਸ ਸਾਹਿਬ ਜੀ ਤੇ ਮਾਤਾ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ।

ਗੁਰੂ ਜੀ ਦਾ ਬਚਪਨ ਗੋਇੰਦਵਾਲ ਵਿਖੇ ਆਪਣੇ ਨਾਨਾ (ਗੁਰੂ ਅਮਰਦਾਸ ਜੀ ) ਜੀ ਦੇ ਕੋਲ ਬੀਤਿਆ। ਬਚਪਨ ਵਿਚ ਹੀ ਇਨ੍ਹਾਂ ਦੀ ਧਾਰਮਿਕ ਬਿਰਤੀ ਵੇਖਦਿਆਂ ਚੰਗੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ। ਆਪ ਮੁੱਢ ਤੋਂ ਹੀ ਸੰਤ ਬਿਰਤੀ ਦੇ ਸਨ। ਸ਼ਾਂਤ ਚਿੱਤ ਠਹਿਰਾਉ ਵਿਚ ਰਹਿਣ ਵਾਲੇ ਸਨ। ਆਪ ਹਮੇਸ਼ਾ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਸਨ। ਆਪ ਸਤ ਗੁਣੀ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਹੋਇਆ। ਉਨ੍ਹਾਂ ਦੇ ਸਪੁੱਤਰ ਗੁਰੂ ਹਰਗੋਬਿੰਦ ਸਿੰਘ ਜੀ ਹੋਏ। ਗੁਰੂ ਰਾਮਦਾਸ ਜੀ ਆਪਣੇ ਗੁਰੂ ਕਾਲ ਦੇ ਅੰਤਿਮ ਪੜਾਅ ਵਿਚ ਗੋਇੰਦਵਾਲ ਚਲੇ ਗਏ ਸਨ। ਇਥੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪਣ ਦਾ ਫੈਸਲਾ ਕੀਤਾ। ਹਮੇਸ਼ਾ ਗੁਰਗੱਦੀ ਸੌਂਪਣ ਦਾ ਫੈਸਲਾ ਪਰਖ ਕੇ ਹੁੰਦਾ ਰਿਹਾ ਹੈ। ਸੰਗਤਾਂ ਦਾ ਵਿਸ਼ਵਾਸ ਬਿਨਾਂ ਕਿਸੇ ਸ਼ੰਕੇ ਦੇ ਜਿੱਤਿਆ ਜਾਂਦਾ। ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਅਤੇ ਮਹਾਂਦੇਵ ਸਨ। ਪ੍ਰਿਥੀ ਚੰਦ ਦਾ ਸੰਗਤਾਂ ਵਿਚ ਬੜਾ ਰਸੂਖ ਸੀ, ਇਸ ਲਈ ਉਹ ਆਪਣੇ ਆਪ ਨੂੰ ਗੁਰਗੱਦੀ ਦਾ ਅਧਿਕਾਰੀ ਵਧੇਰੇ ਸਮਝਦਾ ਸੀ। ਇਸ ਕਰਕੇ ਉਸ ਨੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਨਾਲ ਝਗੜਾ ਵੀ ਕੀਤਾ। ਪਰ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਵਿਖੇ ਸੰਗਤਾਂ ਦੇ ਇਕ ਭਾਰੀ ਇਕੱਠ ਵਿਚ 1 ਨਵੰਬਰ, 1581 ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਕੁਝ ਸਮੇਂ ਬਾਅਦ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ ਆ ਗਏ ਤੇ ਉਥੇ ਆਪਣੀ ਜਿੰਮੇਵਾਰੀ ਨਿਭਾਉਣੀ ਸ਼ੁਰੂ ਕਰ ਦਿੱਤੀ। ਉਧਰੋਂ ਪ੍ਰਿਥੀ ਚੰਦ ਵੱਲੋਂ ਉਨ੍ਹਾਂ ਦਾ ਵਿਰੋਧ ਵੀ ਜਾਰੀ ਰਿਹਾ। ਉਹ ਗੁਰੂ ਜੀ ਦੀ ਬਰਾਬਰੀ ਕਰਨ ਲੱਗਾ। ਸੰਗਤਾਂ ਨੂੰ ਗੁੰਮਰਾਹ ਕਰਕੇ ਭੇਟਾ ਵੀ ਵਸੂਲਣ ਲੱਗਾ। ਗੁਰੂ ਅਰਜਨ ਦੇਵ ਸਾਹਿਬ ਜੀ ਸ਼ਾਂਤ ਚਿੱਤ ਰੱਬ ਦੇ ਭਾਣੇ ਵਿਚ ਰਹੇ, ਜਿੰਨੀ ਭੇਟਾ ਪੁੱਜਦੀ, ਉਸ ਵਿਚ ਹੀ ਗੁਜ਼ਾਰਾ ਕਰ ਲੈਂਦੇ। ਉਹ ਆਪਣੀਆਂ ਜਿੰਮੇਵਾਰੀਆਂ ਨਿਭਾਈ ਗਏ। ਉਨ੍ਹਾਂ ਦੇ ਸਬਰ ਨਾਲ ਸਭ ਕੁਝ ਠੀਕ ਹੋ ਗਿਆ। ਸੰਗਤਾਂ ਨੇ ਪ੍ਰਿਥੀ ਚੰਦ ਦੀਆਂ ਕੋਝੀਆਂ ਚਾਲਾਂ ਨੂੰ ਪਛਾੜ ਦਿੱਤਾ। ਪ੍ਰਿਥੀ ਚੰਦ ਨੇ ਸਰਕਾਰੇ-ਦਰਬਾਰੇ ਵੀ ਪਹੁੰਚ ਕੀਤੀ ਪਰ ਸਫਲ ਨਾ ਹੋਇਆ। ਉਸ ਨੇ ਗੁਰੂ ਜੀ ਦੇ ਸਪੁੱਤਰ ਹਰਗੋਬਿੰਦ ਜੀ ਨੂੰ ਵੀ ਮਾਰਨ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਗੁਰੂ ਜੀ ਨੇ ਮਕਾਨਾਂ ਅਤੇ ਜ਼ਮੀਨ ਦੀ ਆਮਦਨ ਪ੍ਰਿਥੀਚੰਦ ਅਤੇ ਮਹਾਂਦੇਵ ਦੇ ਹਵਾਲੇ ਕਰ ਦਿੱਤੀ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸਮੇਂ ਵਿਚ ਸਿੱਖਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ। ਸਿੱਖੀ ਦਾ ਪ੍ਰਚਾਰ ਦੂਰ ਦੂਰ ਤੱਕ ਫੈਲ ਗਿਆ। ਸੰਗਤ ਜੁੜਦੀ ਗਈ। ਗੁਰੂ ਜੀ ਨੇ ਮਰਯਾਦਾ ਤਹਿਤ ਹਰੇਕ ਸਿੱਖ ਨੂੰ ਕਿਹਾ ਕਿ ਉਹ ਆਪਣੀ ਨੇਕ ਕਮਾਈ ਵਿਚੋਂ ਸਾਂਝੇ ਕੰਮਾਂ ਲਈ ਦਸਵੰਧ ਅਦਾ ਕਰੇ। ਇਸ ਕਾਰਜ ਲਈ ਮਸੰਦ ਪ੍ਰਥਾ ਚਲਾਈ। ਧਾਰਮਿਕ ਰੁਤਬੇ ਵਾਲੇ ਅਤੇ ਸੰਗਤ ਵਿਚ ਚੰਗਾ ਰਸੂਖ ਰੱਖਣ ਵਾਲਿਆਂ ਨੂੰ ਮਸੰਦ ਨਿਯੁਕਤ ਕੀਤਾ। ਜੋ ਦਸਵੰਧ ਦੀ ਭੇਟਾ ਇਕੱਠੀ ਕਰਕੇ ਖਜ਼ਾਨੇ ਵਿਚ ਜਮ੍ਹਾਂ ਕਰਾਉਂਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਲੋੜਾਂ ਨੂੰ ਪੂਰਾ ਕਰਦੇ ਅਤੇ ਸੰਗਤਾਂ ਨੂੰ ਗੁਰੂ ਦਰਬਾਰ ਨਾਲ ਜੋੜਦੇ। ਮਸੰਦਾਂ ਨੂੰ ਹਦਾਇਤ ਸੀ ਕਿ ਉਹ ਵਿਸਾਖੀ ਦੇ ਦਿਨ ਆਪਣੇ ਇਲਾਕੇ ਦੀਆਂ ਸੰਗਤਾਂ ਦਾ ਚੜ੍ਹਾਵਾ ਗੁਰੂ ਦਰਬਾਰ ਵਿਚ ਜਮ੍ਹਾਂ ਕਰਵਾਉਣ। ਗੁਰੂ ਜੀ ਨੇ ਜਾਤ ਪਾਤ ਦਾ ਵਿਤਕਰਾ ਦੂਰ ਕਰਦੇ ਹੋਏ ਲੰਗਰ ਦੀ ਪ੍ਰਥਾ ਨੂੰ ਹੋਰ ਪ੍ਰਫੁੱਲਤ ਕੀਤਾ ਅਤੇ ਸੰਗਤਾਂ ਵਿਚ ਲੰਗਰ ਦੀ ਮਹੱਤਤਾ ਨੂੰ ਕਾਇਮ ਰੱਖਿਆ।

ਗੁਰੂ ਜੀ ਨੇ ਉਸਾਰੀ ਦੇ ਕੰਮਾਂ ਨੂੰ ਮੁਕੰਮਲ ਕੀਤਾ। 'ਗੁਰੂ ਦਾ ਚੱਕ' ਦਾ ਨਾਉਂ ਚੱਕ ਰਾਮਦਾਸ ਜਾਂ ਰਾਮਦਾਸਪੁਰ ਰੱਖਿਆ। ਉਸਾਰੀ ਦੇ ਕੰਮਾਂ ਦੇ ਵੇਰਵੇ :-1. ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਗੁਰੂ ਰਾਮਦਾਸ ਜੀ ਨੇ 1577 ਈ. ਵਿਚ ਸ਼ੁਰੂ ਕਰਵਾਈ ਸੀ। ਸਰੋਵਰ ਨੂੰ ਹੋਰ ਡੂੰਘਾ ਅਤੇ ਪੱਕਾ ਕਰਨ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਪੂਰਾ ਕੀਤਾ।

2. ਡਿਉੜੀ ਸਾਹਿਬ- ਗੁਰੂ ਬਾਜ਼ਾਰ ਦੇ ਕੋਲ ਰਾਮਦਾਸਪੁਰ ਦੀ ਡਿਉੜੀ ਬਣਵਾਈ।

3. ਗੁਰੂ ਕੇ ਮਹਿਲ-ਗੁਰੂ ਬਾਜ਼ਾਰ ਦੇ ਕੋਲ ਹੀ ਰਿਹਾਇਸ਼ੀ ਮਕਾਨ ਜੋ ਗੁਰੂ ਰਾਮਦਾਸ ਜੀ ਨੇ ਬਣਵਾਏ ਸਨ, ਨੂੰ ਪੱਕਿਆਂ ਕੀਤਾ।

4. ਸੰਤੋਖਸਰ-ਸੰਤੋਖਸਰ ਦੀ ਖੁਦਵਾਈ ਗੁਰੂ ਰਾਮਦਾਸ ਜੀ ਨੇ 1570 ਈ. ਵਿਚ ਸ਼ੁਰੂ ਕੀਤੀ ਸੀ। ਗੁਰੂ ਅਰਜਨ ਦੇਵ ਜੀ ਨੇ ਇਕ ਪਿਸ਼ੌਰੀ ਸਿੱਖ ਭਾਈ ਸੰਤੋਖ ਸਿੰਘ ਜੀ ਦੀ ਭੇਟਾ ਨਾਲ 1588 ਈ. ਵਿਚ ਪੱਕਾ ਕੀਤਾ।

5.ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਜਨਵਰੀ 1588 ਈ. ਵਿਚ ਸਾਂਈਂ ਮੀਆਂ ਮੀਰ ਜੀ ਦੇ ਹੱਥੀਂ ਰਖਵਾਇਆ, ਉਸ ਦੀ ਵਿਉਂਤਬੰਦੀ ਗੁਰੂ ਜੀ ਦੀ ਆਪਣੀ ਸੋਚ ਸੀ।

6. ਤਰਨ ਤਾਰਨ ਸ਼ਹਿਰ ਵਿਚ ਇਕ ਵੱਡਾ ਸਰੋਵਰ ਅਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ।

7. ਇਕ ਵਾਰ ਗੁਰੂ ਜੀ ਨਗਰ ਡੱਲਾ ਵਿਖੇ ਠਹਿਰੇ ਸਨ, ਉਥੇ ਜਲੰਧਰ ਦਾ ਸੂਬਾ ਅਜ਼ੀਮ ਖਾਂ ਗੁਰੂ ਦਰਸ਼ਨਾਂ ਲਈ ਆਇਆ। ਸੰਗਤਾਂ ਦਾ ਪ੍ਰਬੰਧ ਵੇਖ ਕੇ ਬੜਾ ਪ੍ਰਸੰਨ ਹੋਇਆ। ਉਸ ਨੇ ਬੇਨਤੀ ਕੀਤੀ ਕਿ ਦੁਆਬਾ ਵਿਚ ਵੀ ਕੋਈ ਅਜਿਹਾ ਨਗਰ ਵਸਾਓ। ਉਸ ਦੀ ਬੇਨਤੀ ਤੇ ਕਰਤਾਰਪੁਰ (ਜਲੰਧਰ) ਵਸਾਇਆ।

8. ਛੇਹਰਟਾ ਸਾਹਿਬ- ਵਡਾਲੀ ਪਿੰਡ ਦੇ ਕੋਲ ਸਿੰਚਾਈ ਲਈ ਇਕ ਅਜਿਹਾ ਖੂਹ ਲਗਵਾਇਆ ਜਿਸ ਦੇ 6 ਹਰਟ ਚਲਦੇ ਸਨ। ਇਸ ਦਾ ਨਾਉਂ ਛੇਹਰਟਾ ਰੱਖਿਆ। ਇਥੇ ਗੁਰਦੁਆਰੇ ਵਿਚ ਬਸੰਤ ਪੰਚਮੀਂ 'ਤੇ ਜੋੜ ਮੇਲਾ ਲਗਦਾ ਹੈ। ਵਡਾਲੀ ਵਿਚ ਤਿੰਨ ਹਰਟਾ ਖੂਹ ਵੀ ਲਗਵਾਇਆ ਗਿਆ।

9. ਸ੍ਰੀ ਗੁਰੂ ਹਰਗੋਬਿੰਦਪੁਰਾ-ਗੁਰਦਾਸਪੁਰ ਬਟਾਲਾ ਵਿਚ ਗੋਬਿੰਦਪੁਰਾ ਨਗਰ ਵਸਾਇਆ ਗਿਆ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਸ ਦੀ ਬੜੀ ਰੌਣਕ ਵਧ ਗਈ, ਤਾਂ ਇਸ ਦਾ ਨਾਉਂ ਹਰਗੋਬਿੰਦਪੁਰਾ ਪੈ ਗਿਆ।

10. ਬਾਉਲੀ ਸਾਹਿਬ-ਡੱਬੀ ਬਜ਼ਾਰ ਲਾਹੌਰ ਵਿਚ ਇਕ ਬਾਉਲੀ ਤਿਆਰ ਕੀਤੀ ਅਤੇ ਗੁਰਦੁਆਰਾ ਵੀ ਸਥਾਪਤ ਕੀਤਾ।

11. ਗੁਰੂ ਕਾ ਬਾਗ : ਪਹਿਲਾਂ ਇਸ ਸਥਾਨ ਨੂੰ ਗੁਰੂ ਕੀ ਰੋਜ਼ ਕਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਥੇ ਬਾਗ ਲਗਵਾਇਆ, ਜਿਸ ਨਾਲ ਇਸ ਸਥਾਨ ਦਾ ਨਾਂ 'ਗੁਰੂ ਕਾ ਬਾਗ' ਪੈ ਗਿਆ। 1922 ਵਿਚ ਇਥੇ ਅਕਾਲੀ ਮੋਰਚਾ ਲੱਗਾ ਸੀ।

12. ਸ੍ਰੀ ਰਾਮਸਰ-ਰਾਮਸਰ ਦਾ ਇਕ ਛੋਟਾ ਜਿਹਾ ਸਰੋਵਰ ਬਣਵਾਇਆ। ਸੁਖਮਨੀ ਸਾਹਿਬ ਦੀ ਰਚਨਾ ਹੋਈ। ਫਿਰ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਗਈ।

ਗੁਰੂ ਅਰਜਨ ਦੇਵ ਜੀ ਕਮਾਲ ਦੇ ਸ਼ਾਇਰ ਸਨ ਅਤੇ ਸੰਗੀਤਕਾਰ ਵੀ। ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ 'ਬਾਣੀ ਕਾ ਬੋਹਿਥਾ' ਦਾ ਵਰ ਦਿੱਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਸੰਪਾਦਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਦੇ 2218 ਸ਼ਬਦ ਹਨ, ਇਨ੍ਹਾਂ ਦੀਆਂ ਬਾਣੀਆਂ ਹਨ : ਬਾਰਾਂ ਮਾਹਾ, ਬਾਵਨ ਅੱਖਰੀ, ਗਾਉੜੀ ਥਿੱਤੀ, ਸੁਖਮਨੀ ਅਤੇ ਗਾਥਾ।

ਸਿੱਖ ਗੁਰੂਕਾਲ ਵਿਚ ਗੁਰੂਆਂ ਨੇ ਸਮਾਜ ਨੂੰ ਸਵੈਮਾਣ ਅਤੇ ਸਵੈ ਰੱਖਿਆ ਲਈ ਜਥੇਬੰਦ ਕੀਤਾ। ਸਿੱਖਾਂ ਨੂੰ ਰੂਹਾਨੀਅਤ, ਸਮਾਜਿਕ ਵਿਦਿਆ, ਆਰਥਿਕ, ਰਾਜਨੀਤੀ ਪੱਖੋਂ ਸੰਪੂਰਨ ਬਣਾ ਕੇ ਫੌਜੀ ਖ਼ਾਲਸਾ ਸਾਜਿਆ। ਸਿੱਖਾਂ ਦੀ ਵਧਦੀ ਤਾਕਤ ਅਤੇ ਹਰਮਨਪਿਆਰਤਾ ਤੋਂ ਦੁਖੀ ਹੋ ਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਬਹਾਨੇ ਨਾਲ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਨੇ ਸ਼ਾਂਤ ਚਿੱਤ ਰਹਿ ਕੇ ਸਿੱਖਾਂ ਨੂੰ ਰੱਬ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਲੋਕਾਈ ਦੇ ਭਾਣੇ ਦੇ ਸੰਕਲਪ ਵਿਚ ਚਲਾਏ ਧਰਮ ਨੂੰ ਕਾਇਮ ਰੱਖਣ ਲਈ ਲਾਸਾਨੀ ਕੁਰਬਾਨੀ ਦਿੱਤੀ, ਜੋ ਇਕ ਵੱਖਰਾ ਵਿਸ਼ਾਲ ਵਿਸ਼ਾ ਹੈ।

# ਬੌਧਿਕ ਸੱਭਿਆਚਾਰ ਦਾ ਬਦਲਦਾ ਮੁਹਾਂਦਰਾ

**ਜਸਵਿੰਦਰ ਖੁੱਡੀਆਂ**

ਅਸੀਂ ਕੀ ਸੋਚਦੇ ਹਾਂ, ਅਸੀਂ ਕਿਵੇਂ ਸੋਚਦੇ ਹਾਂ ਅਤੇ ਅਸੀਂ ਕਿਉਂ ਸੋਚਦੇ ਹਾਂ। ਇਹਨਾਂ ਸਾਰੇ ਸਵਾਲਾਂ ਦੇ ਜਵਾਬ ਮਨੁੱਖੀ ਸੱਭਿਆਚਾਰ ਦੇ ਗਰਭ ਵਿਚ ਹੀ ਹਨ। ਸੱਭਿਆਚਾਰ ਹੀ ਮਨੁੱਖੀ ਸੋਚ ਨੂੰ ਜਨਮਦਾ, ਤਰਾਸ਼ਦਾ ਅਤੇ ਸੰਵਾਰਦਾ ਹੈ। ਮਨੁੱਖੀ ਸੱਭਿਆਚਾਰ ਹੀ ਆਪਣੇ ਵੱਖ ਵੱਖ ਅੰਗਾਂ ਰਾਹੀਂ ਮਨੁੱਖੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ। ਕਿਸੇ ਸਮੂਹ ਦੀ ਚੰਗੀ ਜਾਂ ਮਾੜੀ ਸੋਚ ਦਾ ਉਪਜਣਾ ਉਸ ਦੇ ਸੱਭਿਆਚਾਰਕ ਪਿਛੋਕੜ ਦੀ ਧਰਾਤਲ ਵਿੱਚੋਂ ਹੀ ਪੈਦਾ ਹੁੰਦਾ ਹੈ। ਕਿਸੇ ਸੱਭਿਅਤਾ ਦੀ ਪਹਿਚਾਣ ਉਸ ਦੇ ਸੱਭਿਆਚਾਰ ਤੋਂ ਹੀ ਹੁੰਦੀ ਹੈ। ਵਿਕਸਤ ਅਤੇ ਅਵਿਕਸਤ ਸੱਭਿਅਤਾਵਾਂ ਵਿਚ ਭੌਤਿਕ ਅਤੇ ਪਦਾਰਥਕ ਉੱਨਤੀ ਦੇ ਨਾਲੋਂ ਬੌਧਿਕ ਉੱਨਤੀ ਦਾ ਫ਼ਰਕ ਜ਼ਿਆਦਾ ਹੁੰਦਾ ਹੈ।

ਮਨੁੱਖੀ ਸੱਭਿਆਚਾਰ ਮੁੱਖ ਰੂਪ ਵਿਚ ਤਿੰਨ ਪ੍ਰਕਾਰ ਦਾ ਹੁੰਦਾ ਹੈ। ਪਦਾਰਥਕ, ਪ੍ਰਤੀਮਾਨਕ ਅਤੇ ਬੌਧਿਕ। ਪਹਿਲੇ ਭਾਗ ਪਦਾਰਥਕ ਸੱਭਿਆਚਾਰ ਵਿਚ ਖਾਣ ਪੀਣ ਦੀ ਸਮੱਗਰੀ, ਪਹਿਰਾਵਾ, ਹਾਰ ਸ਼ਿੰਗਾਰ, ਆਵਾਜਾਈ ਅਤੇ ਢੋਆ ਢੁਆਈ ਦੇ ਸਾਧਨ, ਸੰਚਾਰ ਸਾਧਨ, ਮਾਪ ਯੰਤਰ, ਇਮਾਰਤਾਂ, ਪੂਜਾ ਸਮੱਗਰੀ, ਸੰਦ ਅਤੇ ਹਥਿਆਰ ਆਦਿ ਸ਼ਾਮਿਲ ਹਨ। ਦੂਜੇ ਭਾਗ ਪ੍ਰਤੀਮਾਨਕ ਸੱਭਿਆਚਾਰ ਵਿੱਚ ਲੋਕਾਚਾਰ, ਸਦਾਚਾਰ, ਟੈਬੂ ਅਤੇ ਕਾਨੂੰਨੀ ਨਿਯਮ ਹੁੰਦੇ ਹਨ। ਸੱਭਿਆਚਾਰ ਦਾ ਤੀਜਾ ਭਾਗ ਸਭ ਤੋਂ ਮਹੱਤਵਪੂਰਨ ਭਾਗ ਹੈ। ਬੌਧਿਕ ਸੱਭਿਆਚਾਰ ਵਿੱਚ ਗਿਆਨ, ਵਿਚਾਰ, ਰੁਚੀਆਂ, ਕਦਰਾਂ ਅਤੇ ਵਿਸ਼ਵਾਸ ਦੇ ਅੰਸ਼ ਪਾਏ ਜਾਂਦੇ ਹਨ। ਇਹ ਅੰਸ਼ ਮੁੱਖ ਤੌਰ 'ਤੇ ਸਾਹਿਤ, ਕਲਾ, ਧਰਮ, ਮਿਥਿਹਾਸ ਅਤੇ ਫਲਸਫੇ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਸੱਭਿਆਚਾਰ ਦਾ ਇਹ ਪੱਖ ਹੀ ਮਨੁੱਖ ਦੇ ਭੂਤ ਨੂੰ ਪ੍ਰਗਟਾਉਂਦਾ, ਵਰਤਮਾਨ ਨੂੰ ਦਰਸਾਉਂਦਾ ਅਤੇ ਭਵਿੱਖ ਨੂੰ ਕਿਆਸਦਾ ਹੈ। ਜੇ ਸਾਡਾ ਵਰਤਮਾਨ ਸੱਭਿਆਚਾਰ ਬੌਧਿਕ ਪੱਖ ਤੋਂ ਅਮੀਰ ਨਹੀਂ ਹੈ ਤਾਂ ਅਸੀਂ ਆਪਣੇ ਚੰਗੇਰੇ ਭਵਿੱਖ ਦੀਆਂ ਕਿਆਸ ਅਰਾਈਆਂ ਵੀ ਨਹੀਂ ਲਗਾ ਸਕਦੇ।

ਬੌਧਿਕ ਸੱਭਿਆਚਾਰ ਆਪਣਾ ਮੁਹਾਂਦਰਾ ਬਦਲ ਰਿਹਾ ਹੈ ਤੇ ਇਹ ਬਦਲਾਅ ਬੜੇ ਕੋਝੇ ਰੂਪ ਵਿਚ ਸਾਡੇ ਸਾਹਮਣੇ ਆ ਰਿਹਾ ਹੈ। ਬੌਧਿਕ ਸੱਭਿਆਚਾਰ ਦੇ ਅੰਸ਼ਾਂ ਵਿੱਚੋਂ ਧਰਮ ਮੌਜੂਦਾ ਦੌਰ ਵਿਚ ਸਿਰਫ ਕੱਟੜਵਾਦਤਾ ਫੈਲਾ ਰਿਹਾ ਹੈ। ਧਰਮ ਦੇ ਨਾਂ 'ਤੇ ਘੱਟ ਗਿਣਤੀ ਫਿਰਕਿਆਂ ਨੂੰ ਨਪੀੜਿਆ ਜਾ ਰਿਹਾ ਹੈ। ਉਹਨਾਂ ਨੂੰ ਖਾਣ ਪੀਣ, ਰਹਿਣ ਸਹਿਣ ਆਦਿ ਦੇ ਨਾਮ 'ਤੇ ਬਹੁ ਗਿਣਤੀ ਧਰਮ ਵੱਲੋਂ ਖ਼ੌਫ਼ਜ਼ਦਾ ਕੀਤਾ ਜਾ ਰਿਹਾ ਹੈ। ਭੀੜ ਰੂਪੀ ਦਹਿਸ਼ਤ ਨਾਲ ਕਿਸੇ ਸਮੇਂ, ਕਿਸੇ ਦਾ ਵੀ ਕਤਲ ਹੋ ਜਾਣਾ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਸਾਹਿਤ ਨੂੰ ਅਜੋਕੇ ਦੌਰ ਵਿਚ ਟੀਵੀ. ਅਤੇ ਮੋਬਾਇਲ ਦੀ ਵੱਡੀ ਮਾਰ ਪੈ ਰਹੀ ਹੈ। ਜੀਵਨ ਦੇ ਮੁੱਖ ਫਲਸਫੇ ਵਜੋਂ ਸਿਰਫ ਅਤੇ ਸਿਰਫ ਖਪਤਕਾਰੀ, ਪੂੰਜੀਵਾਦੀ ਤੇ ਮੁਨਾਫ਼ਾਖ਼ੋਰੀ ਪ੍ਰਵਿਰਤੀ ਉੱਭਰਵੇਂ ਰੂਪ ਵਿਚ ਸਾਹਮਣੇ ਆ ਰਹੀ ਹੈ। ਕਲਾ ਅਤੇ ਗੀਤ ਸੰਗੀਤ ਦੇ ਨਾਮ 'ਤੇ ਸਿਰਫ ਲੱਚਰਤਾ, ਫੁਹੜਪੁਣਾ, ਹੈਂਕੜ, ਅਸ਼ਲੀਲਤਾ ਅਤੇ ਅਯਾਸ਼ੀ ਹੀ ਪਰੋਸੀ ਜਾ ਰਹੀ ਹੈ। ਆਈਆਈਐੱਮ. ਅਹਿਮਦਾਬਾਦ ਵੱਲੋਂ ਪੰਜਾਬ ਵਿੱਚ ਇੱਕ ਸਰਵੇ ਵਿੱਚ ਯੂਨੀਵਰਸਿਟੀਆਂ ਦੇ ਨੌਜਵਾਨ ਮੁੰਡੇ ਕੁੜੀਆਂ ਤੋਂ ਉਹਨਾਂ ਦੇ ਪਸੰਦ ਦੇ ਕੁਝ ਗਾਣੇ ਚੁਣ ਕੇ ਦੇਣ ਲਈ ਕਿਹਾ ਗਿਆ। ਇਸ ਤਰ੍ਹਾਂ ਇਕੱਤਰ 2000 ਗਾਣਿਆਂ ਵਿੱਚੋਂ 1200 ਗਾਣਿਆਂ ਵਿੱਚ ਸਿਰਫ ਔਰਤ ਦੀ ਅੰਗ ਸਿਫ਼ਤ, ਹਥਿਆਰਾਂ ਅਤੇ ਨਸ਼ਿਆਂ ਦਾ ਜ਼ਿਕਰ ਜਿਹੇ ਵਿਸ਼ੇ ਹੀ ਸਨ। ਇਸ ਸਰਵੇ ਦੇ ਸਿੱਟੇ ਇਹ ਸਾਹਮਣੇ ਆਏ ਕਿ ਕੁੜੀਆਂ ਅਤੇ ਮੁੰਡਿਆਂ ਵਿਚ ਨਸ਼ਿਆਂ ਦੀ ਰੁਚੀ ਅਤੇ ਔਰਤ ਪ੍ਰਤੀ ਨਾਂਹ ਪੱਖੀ ਨਜ਼ਰੀਆ ਸਾਂਝਾ ਹੈ। ਜਵਾਨੀ ਦੇ ਮੂੰਹ ਚੜ੍ਹੇ ਗੀਤ ਹੀ ਅਗਲੇਰੀ ਜਵਾਨੀ ਲਈ ਪਗਡੰਡੀਆਂ ਤੈਅ ਕਰਨਗੇ।



ਮੌਜੂਦਾ ਧਰਮ, ਸਾਹਿਤ, ਕਲਾ, ਫਲਸਫਾ ਵਰਤਮਾਨ ਪੀੜ੍ਹੀ ਦੇ ਵਤੀਰੇ ਵਿਚ ਰੁੱਖਾਪਨ, ਹੈਂਕੜਬਾਜੀ, ਬੰਦੂਕ ਸੱਭਿਆਚਾਰ, ਕੱਟੜਵਾਦ, ਅਯਾਸ਼ੀਪੁਣੇ ਦੇ ਬੀਜ ਹੀ ਬੋਅ ਰਹੇ ਹਨ। ਆਦਰਸ਼ ਵਜੋਂ ਸਿਰਫ ਟੀਵੀ. ਸਿਨੇਮਾ ਕਲਾਕਾਰ, ਗੈਂਗਸਟਰ, ਕ੍ਰਿਕਟਰ ਅਤੇ ਨੇਤਾ ਹੀ ਬਚਦੇ ਹਨ। ਸ਼ਾਇਦ ਹੀ ਕਿਸੇ ਨੌਜਵਾਨ ਦਾ ਆਦਰਸ਼ ਕੋਈ ਵਿਗਿਆਨੀ, ਕੋਈ ਲੇਖਕ ਅਤੇ ਕੋਈ ਚਿੰਤਕ ਹੋਵੇ। ਰੌਬਰਟ ਮੁਗਾਬੇ ਦੇ

**ਬਾਕੀ ਸਫ਼ਾ 32 'ਤੇ**

# ਆਗਰੇ ਦਾ ਇਤਿਹਾਸਕ ਗੁਰਦੁਆਰਾ ਗੁਰੂ ਕਾ ਤਾਲ

**ਨਿਰਮੈਲ ਸਿੰਘ ਰਾਮਪੁਰ**

ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਕੌਮ, ਇਨਸਾਨੀਅਤ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਕੌਮ ਵੱਲੋਂ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰ ਕੇ ਸੰਭਾਲਿਆ ਗਿਆ ਹੈ। ਇਨ੍ਹਾਂ ਵਿਚੋਂ ਹੀ ਇੱਕ ਇਤਿਹਾਸਕ ਸਥਾਨ ਹੈ ਗੁਰਦੁਆਰਾ ਗੁਰੂ ਕਾ ਤਾਲ, ਆਗਰਾ (ਉੱਤਰ ਪ੍ਰਦੇਸ਼)। ਇਹ ਅਸਥਾਨ ਨੌਂਵੇ ਗੁਰੂ ਸਾਹਿਬਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਬੰਧਤ ਹੈ।

ਇਤਿਹਾਸਕ ਪੱਖ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਨੰਦਪੁਰ ਸਾਹਿਬ ਤੋਂ ਆਪਣੇ ਨੇੜਲੇ ਪਿਆਰਿਆਂ ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਊਦੋ ਜੀ, ਭਾਈ ਜੈਤਾ ਜੀ ਨੂੰ ਨਾਲ ਲੈ ਕੇ ਘੋੜਿਆਂ ਉੱਤੇ ਸਵਾਰ ਹੋ ਕੇ ਰੋਪੜ, ਪਟਿਆਲਾ, ਸੈਫ਼ਾਬਾਦ, ਜੀਂਦ, ਰੋਹਤਕ ਅਤੇ ਜਾਨੀਪੁਰ ਹੁੰਦੇ ਹੋਏ ਹਾੜ੍ਹ ਸੰਮਤ 1731 ਨੂੰ ਆਗਰਾ ਪਹੁੰਚੇ। ਇਥੇ ਗੁਰੂ ਸਾਹਿਬ ਨੇ ਸ਼ਹਿਰ ਤੋਂ ਬਾਹਰ ਆ ਕੇ ਤਲਾਅ ਦੇ ਕਿਨਾਰੇ ਡੇਰਾ ਲਗਾਇਆ। ਇਸ ਥਾਂ ਉਤੇ ਹੁਣ ਗੁਰਦੁਆਰਾ ਮੰਜੀ ਸਾਹਿਬ ਸ਼ੋਭਾ-ਏ-ਮਾਨ ਹੈ।

ਇਥੇ ਆਗਰੇ ਵਿੱਚ ਇੱਕ ਇਆਲੀ, ਜਿਸ ਦਾ ਨਾਂ ਇਤਿਹਾਸ ਵਿੱਚ ਹਸਨ-ਅਲੀ ਦੱਸਿਆ ਹੈ, ਭੇਡਾਂ ਚਾਰ ਰਿਹਾ ਸੀ। ਇਹ ਸਾਰਾ ਪਰਿਵਾਰ ਅੱਲ੍ਹਾ ਤਾਲਾ ਅੱਗੇ ਅਰਦਾਸ ਕਰਦਾ ਸੀ ਕਿ ਜੇ ਸਿੱਖਾਂ ਦੇ ਗੁਰੂ ਨੇ ਗ੍ਰਿਫ਼ਤਾਰ ਹੋਣਾ ਹੀ ਹੈ ਤਾਂ ਸਾਡੇ ਉਤੇ ਕਿਉਂ ਨਾ ਕਿਰਪਾ ਕਰੀ ਜਾਵਣ। ਗੁਰੂ ਸਾਹਿਬ ਹਸਨ ਨੂੰ ਕੋਲ ਬੁਲਾ ਕੇ ਕਹਿਣ ਲੱਗੇ ਕਿ ਸਾਨੂੰ ਭੁੱਖ ਲੱਗੀ ਹੋਈ ਹੈ। ਸ਼ਹਿਰ ਵਿੱਚ ਜਾ ਕੇ ਸਾਡੇ ਲਈ ਮਠਿਆਈ ਲੈ ਆ। ਇੰਨੀ ਗੱਲ ਕਹਿ ਕੇ ਗੁਰੂ ਸਾਹਿਬ ਨੇ ਇਕ ਕੀਮਤੀ ਅੰਗੂਠੀ (ਜਿਸ ਵਿੱਚ ਅੱਠ ਕੋਰਾਂ ਵਾਲਾ ਹੀਰਾ ਜੜਤ ਸੀ) ਉਤਾਰ ਕੇ ਉਸ ਨੂੰ ਦਿੱਤੀ ਅਤੇ ਨਾਲ ਹੀ ਕੀਮਤੀ ਦੁਸ਼ਾਲਾ ਮਠਿਆਈ ਪਵਾਉਣ ਲਈ ਦਿੱਤਾ। ਇਹ ਦੋਵੇਂ ਚੀਜ਼ਾਂ ਲੈ ਕੇ ਹਸਨ ਅਲੀ ਮਠਿਆਈ ਦੀ ਦੁਕਾਨ 'ਤੇ ਪੁੱਜਾ। ਅੰਗੂਠੀ ਹਲਵਾਈ ਨੂੰ ਦਿੱਤੀ ਤੇ ਦੁਸ਼ਾਲਾ ਮਠਿਆਈ ਪਵਾਉਣ ਲਈ ਅੱਗੇ ਵਿਛਾਇਆ, ਜਿਸ ਨੂੰ ਵੇਖ ਕੇ ਹਲਵਾਈ ਨੂੰ ਸ਼ੱਕ ਹੋ ਗਿਆ। ਇੰਨੀਆਂ ਕੀਮਤੀ ਵਸਤੂਆਂ ਕਿੱਥੋਂ ਲਿਆਇਆ ਹੈ ? ਹੋ ਸਕਦਾ ਹੈ ਇਹ ਵਸਤੂਆਂ ਚੋਰੀ ਦੀਆਂ ਹੋਣ। ਇਸ ਖਿਆਲ ਵਿੱਚ ਆ ਕੇ ਹਲਵਾਈ ਨੇ ਨੇੜੇ ਦੀ ਕੋਤਵਾਲੀ ਵਿੱਚ ਜਾ ਦੱਸਿਆ। ਕੋਤਵਾਲ ਨੇ ਹਸਨ-ਅਲੀ ਨੂੰ ਡਰਾ ਕੇ ਪੁੱਛਿਆ ਕਿ ਇਨ੍ਹਾਂ ਚੀਜ਼ਾਂ ਦਾ ਮਾਲਕ ਕੌਣ ਹੈ ? ਵਿਚਾਰੇ ਨੇ ਡਰਦੇ ਮਾਰੇ ਦੱਸ ਦਿੱਤਾ ਕਿ ਇਨ੍ਹਾਂ ਵਸਤੂਆਂ ਦੇ ਮਾਲਕ ਆਪਣੇ ਘੋੜ-ਸਵਾਰ ਸਾਥੀਆਂ ਸਮੇਤ ਤਲਾਅ ਦੇ ਕਿਨਾਰੇ ਬਾਗ ਵਿੱਚ ਬੈਠੇ ਹਨ। "ਤੁਸੀਂ ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਮਿਲਾ ਦਿੰਦਾ ਹਾਂ।" ਕੋਤਵਾਲ ਸਾਹਿਬ ਬਹੁਤ ਸਾਰੇ ਸਿਪਾਹੀ, ਹਸਨ ਅਲੀ ਨੂੰ ਨਾਲ ਲੈ ਕੇ ਇਸ ਜਗ੍ਹਾ 'ਤੇ ਆਏ ਤੇ ਗੁਰੂ ਜੀ ਨੂੰ ਪੁੱਛਣ ਲੱਗੇ ਤੁਸੀਂ ਕੌਣ ਹੋ ? ਗੁਰੂ ਜੀ ਨੇ ਕਿਹਾ ਕਿ ਤੇਗ ਬਹਾਦਰ ਸਾਡਾ ਨਾਂ ਹੈ। ਇੰਨੀ ਕਹਿਣ ਦੀ ਦੇਰ ਸੀ, ਗੁਰੂ ਜੀ ਨੂੰ ਸਾਥੀਆਂ ਸਮੇਤ ਇਥੇ ਹੀ ਬਣੇ ਭੋਰਾ ਸਾਹਿਬ ਵਿੱਚ ਨੌਂ ਦਿਨ ਨਜ਼ਰਬੰਦ ਕਰ ਦਿੱਤਾ ਗਿਆ, ਜੋ ਵੱਡੇ ਦਰਬਾਰ ਸਾਹਿਬ ਦੇ ਥੱਲੇ ਸੁਸ਼ੋਭਿਤ ਹੈ। ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਇਨਾਮ 500 ਮੋਹਰਾਂ ਹਸਨ ਅਲੀ ਨੂੰ ਮਿਲ ਗਿਆ। ਇੱਥੋਂ ਗੁਰੂ ਸਾਹਿਬ ਨੂੰ ਪਾਲਕੀ ਵਿੱਚ ਬਿਠਾ ਕੇ ਭਾਰੀ ਫ਼ੌਜ ਦੀ ਨਿਗਰਾਨੀ ਵਿੱਚ ਦਿੱਲੀ ਲਿਜਾਇਆ ਗਿਆ। ਦਿੱਲੀ ਪਹੁੰਚ ਕੇ ਚਾਂਦਨੀ ਚੌਕ ਵਿਖੇ ਗੁਰੂ ਸਾਹਿਬ ਨੇ ਮਨੁੱਖੀ ਬਰਾਬਰਤਾ ਤੇ ਧਾਰਮਿਕ ਆਜ਼ਾਦੀ ਲਈ ਸ਼ਹਾਦਤ ਦਿੱਤੀ। ਗੁਰੂ ਕਾ ਤਾਲ ਗੁਰਦੁਆਰਾ ਸਾਹਿਬ ਵਿਖੇ ਸ਼ਾਨਦਾਰ ਦਰਬਾਰ ਸਾਹਿਬ ਉਸਾਰਿਆ ਗਿਆ ਹੈ, ਜੋ ਕਿ ਪਹਿਲੀ ਮੰਜ਼ਿਲ ਉਤੇ ਸਥਿਤ ਹੈ। ਦਰਬਾਰ ਸਾਹਿਬ ਦੇ ਹੇਠਾਂ ਇਤਿਹਾਸਕ ਭੋਰਾ ਸਾਹਿਬ ਹੈ। ਸਾਹਮਣੇ ਮਾਰਬਲ ਨਾਲ ਢਕਿਆ ਖੁੱਲ੍ਹਾ ਵਿਹੜਾ ਹੈ। ਇਸ ਦੇ ਸਾਹਮਣੇ ਸੱਜੇ ਤੇ ਖੱਬੇ ਦੋਵੇਂ ਪਾਸੇ ਸ਼ਾਨਦਾਰ ਪਾਰਕ ਬਣੇ ਹੋਏ ਹਨ। ਵਿਚਕਾਰ ਮੱਛੀਆਂ ਦੇ ਛੋਟੇ ਤਲਾਅ ਹਨ। ਦਰਬਾਰ ਸਾਹਿਬ ਦੇ ਸੱਜੇ ਹੱਥ ਭਾਈ ਗੁਰਦਾਸ ਜੀ ਨਿਵਾਸ ਸਥਾਨ ਹੈ। ਇਥੇ ਹਰ ਤਰ੍ਹਾਂ ਦੇ ਆਧੁਨਿਕ ਸਹੂਲਤ ਵਾਲੇ ਬਹੁਗਿਣਤੀ ਖੁੱਲ੍ਹੇ-ਡੁੱਲੇ ਕਮਰੇ ਹਨ। ਨਿਵਾਸ-ਸਥਾਨ ਦੀਆਂ ਦੋ ਮੰਜ਼ਿਲਾਂ ਹਨ। ਉਪਰ ਦਰਬਾਰ ਸਾਹਿਬ ਦੇ ਖੱਬੇ ਹੱਥ ਖੁੱਲ੍ਹਾ ਤੇ ਸਫ਼ਾਈ ਭਰਪੂਰ ਲੰਗਰ ਹਾਲ ਹੈ ਜਿੱਥੇ 24 ਘੰਟੇ ਲੰਗਰ ਚਲਦਾ ਹੈ। ਦਰਬਾਰ ਸਾਹਿਬ ਦੇ ਖੱਬੇ ਪਾਸੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਮੰਜੀ ਸਾਹਿਬ ਨੂੰ ਜਾਂਦੇ ਰਸਤੇ ਦੀ ਹੈ ਚਾਰਦੀਵਾਰੀ 'ਤੇ ਫੁੱਲਾਂ ਦੀਆਂ ਕਿਆਰੀਆਂ ਵੇਖਣਯੋਗ ਹਨ।




# ਸਰਬ ਸਾਂਝੀਵਾਲਤਾ ਦਾ ਕੇਂਦਰ ਮਜ਼ਾਰ ਸਾਈਂ ਮੀਆਂ ਮੀਰ ਲਾਹੌਰ

**ਬੂਟਾ ਸਿੰਘ ਭੰਦੋਹਲ**

ਹਜ਼ਰਤ ਮੀਆਂ ਮੀਰ ਇੱਕ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਉਨ੍ਹਾਂ ਦਾ ਜਨਮ 11 ਅਗਸਤ 1550 ਈਸਵੀ ਨੂੰ ਸਿੰਧ ਨੇੜੇ ਸੇਵਾਸਤਨ (ਸਿਸਤਨ) ਅੱਜ ਕੱਲ੍ਹ ਪਾਕਿਸਤਾਨ ਵਿਚ, ਮਾਤਾ ਬੀਬੀ ਫ਼ਾਤਿਮਾ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਦਾ ਨਾਮ ਕਾਜ਼ੀ ਸਾਈਂਦਿੱਤਾ ਸੀ ਜੋ ਕਿ ਕਾਜ਼ੀ ਕਲੰਦਰ ਫ਼ਾਰੂਕੀ ਦਾ ਪੁੱਤਰ ਸੀ। ਆਪ ਦਾ ਪਰਿਵਾਰ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧ ਰੱਖਦਾ ਸੀ। ਸਾਈਂ ਜੀ ਦੇ ਚਾਰ ਭਰਾ ਕਾਜ਼ੀ ਬੋਲਾਂ, ਕਾਜ਼ੀ ਮੁਹੰਮਦ ਉਸਮਾਨ, ਕਾਜ਼ੀ ਤਾਹਿਰ ਅਤੇ ਕਾਜ਼ੀ ਮੁਹੰਮਦ ਸਨ ਅਤੇ ਆਪ ਦੀਆਂ ਦੋ ਭੈਣਾਂ ਬੀਬੀ ਜਾਮਲ ਖਾਤੂਨ ਤੇ ਬੀਬੀ ਹਾਦੀਆ ਸਨ। ਸੱਤ ਸਾਲ ਦੀ ਉਮਰ ਵਿੱਚ ਹੀ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਆਪ ਦੀ ਮਾਤਾ ਬੀਬੀ ਫ਼ਾਤਿਮਾ ਬਹੁਤ ਹੀ ਧਾਰਮਿਕ ਅਕੀਦੇ ਵਾਲੀ ਔਰਤ ਸੀ ਜਿਸ ਨੇ ਸਾਈਂ ਜੀ ਨੂੰ ਬਚਪਨ ਵਿੱਚ ਹੀ ਧਾਰਮਿਕ ਲਿਆਕਤ ਪ੍ਰਦਾਨ ਕੀਤੀ। ਆਪ ਜੀ ਦੀ ਮਾਤਾ ਦੀ ਧਾਰਮਿਕ ਸਿੱਖਿਆ ਅਤੇ ਖ਼ੁਦਾਬੰਦ ਕਰੀਮ ਦੀ ਰਹਿਮਤ ਸਦਕਾ ਆਪ ਦਾ ਮਨ ਦੁਨੀਆ ਤੋਂ ਉਪਰਾਮ ਹੋ ਗਿਆ ਅਤੇ ਆਪਣੀ ਮਾਤਾ ਤੋਂ ਆਗਿਆ ਲੈ ਕੇ ਇਨ੍ਹਾਂ ਨੇ ਘਰ ਬਾਰ ਤਿਆਗ ਦਿੱਤਾ ਅਤੇ ਸੱਚ ਦੀ ਖ਼ੋਜ ਲਈ ਨਿਕਲ ਪਏ। ਕਾਫ਼ੀ ਭਾਲ ਤੋਂ ਬਾਅਦ ਆਪ ਹਜ਼ਰਤ ਸ਼ੇਖ਼ ਖ਼ਿਜ਼ਰ ਦੇ ਚੇਲੇ ਬਣ ਗਏ ਜੋ ਕਿ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧਤ ਸਨ। ਹਜ਼ਰਤ ਸ਼ੇਖ਼ ਖ਼ਿਜ਼ਰ ਦੀ ਸੰਗਤ ਦੌਰਾਨ ਸਾਈਂ ਮੀਆਂ ਮੀਰ ਨੇ ਬਹੁਤ ਸਾਰੀ ਧਾਰਮਿਕ ਸਿੱਖਿਆ ਗ੍ਰਹਿਣ ਕੀਤੀ ਅਤੇ ਇੱਕ ਦਿਨ ਹਜ਼ਰਤ ਸ਼ੇਖ਼ ਖ਼ਿਜ਼ਰ ਨੇ ਆਪ ਨੂੰ ਕਿਹਾ ਕਿ ਹੁਣ ਤੁਹਾਡੀ ਧਾਰਮਿਕ ਤਾਲੀਮ ਪੂਰੀ ਹੋ ਚੁੱਕੀ ਹੈ, ਜਿੱਥੇ ਕਿਤੇ ਜੀਅ ਕਰਦਾ ਹੈ ਜਾਉ ਤੇ ਲੋਕਾਂ ਨੂੰ ਸੱਚ ਅਤੇ ਸੱਚੇ ਪਰਵਿਦਗਾਰ ਦੇ ਲੜ ਲਾਉ। ਉਸ ਵਕਤ ਆਪ ਦੀ ਉਮਰ ਪੱਚੀ ਸਾਲ ਸੀ ਅਤੇ ਆਪ ਆਪਣੇ ਮੁਰਸ਼ਦ ਦੀ ਆਗਿਆ ਦਾ ਪਾਲਣ ਕਰਦੇ ਹੋਏ ਲਾਹੌਰ ਆ ਗਏ। ਇੱਥੇ ਆਪ ਨੇ ਮੌਲਾਨਾ ਸਾਦਉੱਲਾ ਦੇ ਮਦਰੱਸੇ ਵਿੱਚੋਂ ਸਾਦਉੱਲਾ ਅਤੇ ਉਸ ਦੇ ਸ਼ਾਗਿਰਦ ਨਿਆਮਤ ਉੱਲਾ ਪਾਸੋਂ ਵਿੱਦਿਆ ਗ੍ਰਹਿਣ ਕੀਤੀ। ਆਪ ਨੇ ਲਾਹੌਰ ਦੇ ਦੱਖਣ ਪੂਰਬ ਵੱਲ ਪਿੰਡ ਹਾਸ਼ਿਮਪੁਰ ਵਿੱਚ ਡੇਰਾ ਲਾ ਲਿਆ। ਸਾਈਂ ਜੀ ਲੋਕਾਂ ਨੂੰ ਬਹੁਤ ਘੱਟ ਮਿਲਿਆ ਕਰਦੇ ਸਨ ਅਤੇ ਆਪ ਰੁੱਖਾਂ ਦੇ ਹੇਠਾਂ ਅਤੇ ਦਰਿਆਵਾਂ ਦੇ ਕੰਢੇ ਇਕਾਂਤ ਥਾਵਾਂ 'ਤੇ ਬੈਠ ਕੇ ਅੱਲਾ ਦੀ ਬੰਦਗੀ ਕਰਦੇ ਰਹਿੰਦੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਰਾਜੇ, ਬਾਦਸ਼ਾਹ ਆਪਣੇ ਕਾਫ਼ਲਿਆਂ ਅਤੇ ਫ਼ੌਜਾਂ ਸਮੇਤ ਉਨ੍ਹਾਂ ਕੋਲ ਆਉਣ। ਆਪ ਬਹੁਤ ਹੀ ਘੱਟ ਬੋਲਦੇ ਸਨ ਅਤੇ ਕਈ ਕਈ ਰਾਤਾਂ ਆਪਣਾ ਧਿਆਨ ਅੱਲਾ ਤਾਲਾ ਦੇ ਚਰਨਾਂ ਵਿੱਚ ਜੋੜ ਕੇ ਅਹਿੱਲ ਬੈਠੇ ਰਹਿੰਦੇ ਸਨ।



ਸਾਈਂ ਜੀ ਸਿੱਖਾਂ ਦੇ ਪੰਜਵੇ ਗੁਰੁ ਸ੍ਰੀ ਗੁਰੁ ਅਰਜਨ ਦੇਵ ਜੀ ਦੇ ਗੂੜ੍ਹੇ ਮਿੱਤਰ ਸਨ ਕਿਉਂਕਿ ਦੋਵਾਂ ਵਿਚ ਵਿਚਾਰਧਾਰਕ ਅਤੇ ਸਿਧਾਂਤਕ ਸਾਂਝ ਸੀ ਅਤੇ ਦੋਵੇਂ ਇੱਕ ਹੀ ਮੰਜ਼ਿਲ ਦੇ ਪਾਂਧੀ ਸਨ। ਜਦੋਂ ਕਦੇ ਵੀ ਗੁਰੁ ਜੀ ਲਾਹੌਰ ਜਾਂਦੇ ਜਾਂ ਸਾਈਂ ਜੀ ਅੰਮ੍ਰਿਤਸਰ ਆਉਂਦੇ, ਤਾਂ ਦੋਵੇਂ ਇੱਕ ਦੂਜੇ ਨੂੰ ਮਿਲੇ ਬਿਨਾ ਵਾਪਸ ਨਹੀਂ ਸਨ ਆਉਂਦੇ। ਸਰਬ ਧਰਮ ਸਾਂਝੀਵਾਲਤਾ ਦੇ ਸਿਧਾਂਤ ਨੂੰ ਹੋਰ ਪ੍ਰਪੱਕ ਕਰਦਿਆਂ ਹੋਇਆਂ ਸ੍ਰੀ ਗੁਰੁ ਅਰਜਨ ਦੇਵ ਜੀ ਨੇ ਉਚੇਚੇ ਤੌਰ 'ਤੇ ਸੁਨੇਹਾ ਭੇਜ ਕੇ ਦਰਵੇਸ਼ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਨੂੰ ਅੰਮ੍ਰਿਤਸਰ ਬੁਲਾਇਆ ਅਤੇ ਸ੍ਰੀ ਗੁਰੁ ਰਾਮਦਾਸ ਜੀ ਦੁਆਰਾ ਖੁਦਵਾਏ ਗਏ ਸਰੋਵਰ ਵਿਚਕਾਰ ਉਸਾਰੇ ਜਾਣ ਵਾਲੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ 1 ਮਾਘ ਸੰਮਤ 1647 ਯਾਨੀ ਕਿ 3 ਜਨਵਰੀ 1588 ਈਸਵੀ ਨੂੰ ਸਾਈਂ ਮੀਆਂ ਮੀਰ ਜੀ ਦੇ ਹੱਥੋਂ ਰਖਵਾਈ। ਕਾਫ਼ੀ ਸਮੇਂ ਬਾਅਦ ਦੀਵਾਨ ਚੰਦੂ ਮੱਲ ਦੀਆਂ ਕੋਝੀਆਂ ਚਾਲਾਂ ਅਤੇ ਗੱਲਾਂ ਵਿੱਚ ਆ ਕੇ ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੁ ਅਰਜਨ ਦੇਵ ਜੀ ਨੂੰ ਕੈਦ ਕਰ ਲਿਆ ਅਤੇ ਲਾਹੌਰ ਵਿਚ ਗੁਰੁ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ। ਤਵੀ ਹੇਠਾਂ ਅੱਗ ਬਾਲ ਕੇ ਤਪਦੀ ਤਵੀ ਉਤੇ ਜੇਠ ਮਹੀਨੇ ਦੀ ਤਪਦੀ ਦੁਪਹਿਰ ਨੂੰ ਗੁਰੁ ਜੀ ਨੂੰ ਬਿਠਾਇਆ ਗਿਆ ਅਤੇ ਸਿਰ ਵਿਚ ਗਰਮ ਰੇਤ ਦੇ ਕੜਛੇ ਭਰ-ਭਰ ਕੇ ਪਾਏ ਗਏ। ਜਦੋਂ ਇਸ ਗੱਲ ਦਾ ਪਤਾ ਸਾਈਂ ਮੀਆਂ ਮੀਰ ਜੀ ਨੂੰ ਲੱਗਾ ਤਾਂ ਆਪ ਦਾ ਹਿਰਦਾ ਵਲੂੰਧਰਿਆ ਗਿਆ ਅਤੇ ਆਪ ਤੁਰੰਤ ਸਤਿਗੁਰਾਂ ਕੋਲ ਆਏ ਅਤੇ ਤੱਤੀ ਤਵੀ 'ਤੇ ਬੈਠ ਕੇ ਤਸੀਹੇ ਝੱਲਦੇ ਗੁਰੁ ਜੀ ਨੂੰ ਵੇਖ ਕੇ ਆਪ ਨੇ ਕਿਹਾ ਕਿ ਇੱਕ ਵਾਰੀ ਹੁਕਮ ਕਰ ਦਿਉ, ਮੈਂ ਦਿੱਲੀ ਦਰਬਾਰ ਅਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿੰਦਾ ਹਾਂ ਅਤੇ ਜ਼ਾਲਮ ਤੇ ਜ਼ੁਲਮ ਦਾ ਨਾਸ਼ ਕਰ ਦਿੰਦਾ ਹਾਂ। ਇਸ 'ਤੇ ਸ਼ਾਂਤ ਚਿੱਤ ਗੁਰੁ ਜੀ ਨੇ ਸਾਈਂ ਜੀ ਨੂੰ ਸ਼ਾਂਤ ਹੋਣ ਲਈ ਕਿਹਾ ਅਤੇ ਉਪਦੇਸ਼ ਦਿੱਤਾ ਕਿ ਇਹ ਸਭ ਕੁਝ ਅਕਾਲ ਦੇ ਭਾਣੇ ਅਨੁਸਾਰ ਹੀ ਹੋ ਰਿਹਾ ਹੈ। ਪ੍ਰਸਿੱਧ ਕਵੀਸ਼ਰ ਜੋਗਾ ਸਿੰਘ ਜੋਗੀ ਨੇ ਇਸ ਤਰ੍ਹਾਂ ਲਿਖਿਆ ਹੈ :

"ਓ ਸਾਈਂ ਮੀਆਂ ਮੀਰ-
ਤੂੰ ਮੇਰੇ ਦਿਲ ਦੀ ਬੁੱਝੀ ਨੀ, ਮੈਂ ਬੁੱਝਲੀ ਤੇਰੇ ਅੰਦਰ ਦੀ
ਓ ਧਰਨੀਆਂ ਸੀ ਦੋ ਨੀਹਾਂ, ਇੱਕ ਸਿਦਕੀ ਇੱਕ ਹਰਿਮੰਦਰ ਦੀ
ਉਹ ਤੂੰ ਧਰੀ ਇਹ ਮੈਂ ਧਰਾਂ, ਰਾਇ ਰਲਜੇ ਦੋਹਾਂ ਫ਼ਕੀਰਾਂ ਦੀ
ਵਿੱਥ ਅਸਾਂ ਵਿੱਚ ਕੋਈ ਨਹੀਂ ਐ, ਐਵੇਂ ਦਿਖਦੀ ਐ ਵਿੱਥ ਸਰੀਰਾਂ ਦੀ।"

ਸਾਈਂ ਮੀਆਂ ਮੀਰ ਗੁਰੁ ਜੀ ਦਾ ਉਪਦੇਸ਼ ਸੁਣ ਕੇ ਵਾਪਸ ਆ ਗਏ ਅਤੇ ਉਪਦੇਸ਼ ਦੇ ਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਂਦੇ ਰਹੇ ਅਤੇ ਖ਼ੁਦਾਬੰਦ ਕਰੀਮ ਦੇ ਲੜ ਲਾਉਂਦੇ ਰਹੇ। ਪਚਾਸੀ ਸਾਲਾਂ ਦੀ ਆਯੂ ਭੋਗ ਕੇ ਇਸਲਾਮਿਕ ਕੈਲੰਡਰ ਮੁਤਾਬਕ 7ਵੀਂ ਰਬੀ ਉਲ ਅੱਵਲ 1045 ਜਾਂ 22 ਅਗਸਤ 1635 ਈਸਵੀ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਪਿੰਡ ਹਾਸ਼ਿਮਪੁਰ ਜੋ ਕਿ ਹੁਣ ਬਸਤੀ ਮੀਆਂ ਮੀਰ ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਅੱਜ ਕੱਲ੍ਹ ਲਾਹੌਰ ਦਾ ਹੀ ਹਿੱਸਾ ਹੈ, ਵਿਖੇ ਆਪ ਜੀ ਦੀ ਕਬਰ ਉੱਪਰ ਬਹੁਤ ਖ਼ੂਬਸੂਰਤ ਮਕਬਰਾ ਬਣਿਆ ਹੋਇਆ ਹੈ।

ਮੁਗਲ ਬਾਦਸ਼ਾਹ ਸ਼ਾਹ ਜਹਾਂ ਦਾ ਸਹਿਜ਼ਾਦਾ ਦਾਰਾ ਸ਼ਿਕੋਹ ਸਾਈਂ ਮੀਆਂ ਮੀਰ ਦਾ ਮੁਰੀਦ ਅਤੇ ਅਥਾਹ ਸ਼ਰਧਾਵਾਨ ਸੀ। ਉਸ ਨੇ ਸਾਈਂ ਜੀ ਦੀ ਕਬਰ ਉੱਪਰ ਇੱਕ ਬਹੁਤ ਹੀ ਖ਼ੂਬਸੂਰਤ ਮਕਬਰੇ ਦੀ ਉਸਾਰੀ ਕਰਵਾਈ ਅਤੇ ਇਸ ਉੱਤੇ ਲਾਉਣ ਲਈ ਸੁੰਦਰ ਲਾਲ ਪੱਥਰ ਦੀ ਖਰੀਦ ਕੀਤੀ ਪ੍ਰੰਤੂ ਉਸ ਦੇ ਭਰਾ ਔਰੰਗਜ਼ੇਬ ਨੇ ਉਸ ਦਾ ਕਤਲ ਕਰ ਦਿੱਤਾ ਅਤੇ ਰਾਜ ਭਾਗ ਸੰਭਾਲ ਲਿਆ। ਸਾਈਂ ਮੀਆਂ ਮੀਰ ਦੇ ਮਕਬਰੇ 'ਤੇ ਲਾਉਣ ਲਈ ਮੰਗਵਾਇਆ ਗਿਆ ਲਾਲ ਪੱਥਰ ਲਾਹੌਰ ਵਿਖੇ ਹੀ ਸ਼ਾਹੀ ਕਿਲੇ ਦੇ ਸਾਹਮਣੇ ਬਣੀ ਬਾਦਸ਼ਾਹੀ ਮਸਜਿਦ ਉੱਪਰ ਲਗਵਾ ਦਿੱਤਾ ਗਿਆ। ਇਸ ਤਰ੍ਹਾਂ ਇਸ ਮਕਬਰੇ ਦੀ ਦਿੱਖ ਦਾਰਾ ਸ਼ਿਕੋਹ ਦੀ ਇੱਛਾ ਅਨੁਸਾਰ ਨਾ ਬਣ ਸਕੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਸ ਮਕਬਰੇ ਦੀ ਮੁਰੰਮਤ ਕਰਵਾਈ ਅਤੇ ਪੰਜ ਸੌ ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਛੇ ਹਜ਼ਾਰ ਰੁਪਏ ਸਾਲਾਨਾ ਜਾਗੀਰ ਇਸ ਮਕਬਰੇ ਦੇ ਨਾਮ ਲਗਵਾ ਦਿੱਤੀ ਜੋ ਕਿ ਅੰਗਰੇਜ਼ਾਂ ਦਾ ਰਾਜ ਕਾਲ ਸ਼ੁਰੂ ਹੋਣ ਤਕ ਲੱਗੀ ਰਹੀ ਸੀ। ਅੱਜ ਵੀ ਹਰ ਸਾਲ ਇਸਲਾਮਿਕ ਕੈਲੰਡਰ ਮੁਤਾਬਕ 24ਵੀਂ ਸਫ਼ਰ ਉਰ ਮੁਰੱਜ਼ਬ ਨੂੰ ਮਕਬਰੇ ਦੇ ਅੰਦਰ ਸਾਈਂ ਮੀਆਂ ਮੀਰ ਦੀ ਕਬਰ ਨੂੰ ਗੁਲਾਬ ਦੇ ਅਰਕ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ ਤੇ 7ਵੀਂ ਰਬੀ ਉਲ ਅੱਵਲ ਨੂੰ ਸਾਲਾਨਾ ਉਰਸ ਹੁੰਦਾ ਹੈ ਜਿਸ ਵਿਚ ਸਮੁੱਚੇ ਪਾਕਿਸਤਾਨ ਵਿਚੋਂ ਹੀ ਨਹੀਂ ਬਲਕਿ ਸੰਸਾਰ ਭਰ ਤੋਂ ਮੁਸਲਮਾਨ ਭਾਈਚਾਰੇ ਤੋਂ ਇਲਾਵਾ ਹੋਰ ਬਹੁਤ ਸਾਰੇ ਧਰਮਾਂ ਦੇ ਲੋਕ ਸ਼ਰਧਾਲੂਆਂ ਦੇ ਰੂਪ ਵਿਚ ਸਾਈਂ ਜੀ ਦੀ ਕਬਰ 'ਤੇ ਨਤਮਸਤਕ ਹੁੰਦੇ ਹਨ। ਨਮਕ ਦਾ ਪ੍ਰਸ਼ਾਦ ਲੈ ਕੇ ਸਾਈਂ ਮੀਆਂ ਮੀਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ ਅਤੇ ਪੂਰੇ ਦਿਨ ਰਾਤ ਕੱਵਾਲੀਆਂ ਦਾ ਦੌਰ ਚਲਦਾ ਰਹਿੰਦਾ ਹੈ ਅਤੇ ਲੋਕ ਮਜ਼ਾਰ 'ਤੇ ਦੀਵੇ ਬਾਲ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਇਸ ਮਜ਼ਾਰ ਦਾ ਵਿਹੜਾ ਬਹੁਤ ਖੁੱਲ੍ਹਾ ਹੈ ਅਤੇ ਸ਼ਰਧਾਲੂਆਂ ਦੇ ਠਹਿਰਨ ਲਈ ਕਮਰਿਆਂ ਦੀ ਉਸਾਰੀ ਵੀ ਕੀਤੀ ਗਈ ਹੈ।

## ਮੇਰੀ ਕਵਿਤਾ

**ਕੇਵਲ ਸਿੰਘ ਧਰਮਪੁਰਾ**
9878801561

ਸਵਾਰਥੀ ਲੋਕ
ਮੇਰੀ ਕਵਿਤਾ
ਵਰਗੇ ਨਹੀਂ ਹੁੰਦੇ
ਸਵਾਰਥੀ ਲੋਕ ਚਿੱਟੇ ਦਿਨ
ਵਰਗੇ ਨਹੀਂ ਹੁੰਦੇ
ਸਵਾਰਥੀ ਲੋਕ
ਭੁੱਖ ਨਾਲ ਤੜਫਦੇ
ਜਜ਼ਬਾਤਾਂ 'ਤੇ ਜੰਮੀ
ਬੇਬਸੀ ਵਰਗੇ ਹੁੰਦੇ ਹਨ
ਵਿਕਾਸ ਦੇ ਪਹੀਏ ਹੇਠ
ਦਰੜੇ ਪਏ ਲੋਕ ਵੀ
ਗੰਦੇ ਨਾਲੇ ਚੋਂ ਉੱਠਦੀ
ਹਵਾੜ ਵਰਗੇ ਹੁੰਦੇ ਹਨ
ਬੇਈਮਾਨ ਲੋਕ
ਆਪਣਾ ਪਰਾਇਆ ਨਹੀਂ ਦੇਖਦੇ
ਜਿਵੇਂ ਕਿ ਲੋਟੂ ਸਰਕਾਰਾਂ
ਫਰੇਬੀ ਲੀਡਰ
ਕਈ ਲੋਕ ਹੰਕਾਰ
ਦੇ ਘੋੜੇ ਤੇ ਸਵਾਰ ਰਹਿੰਦੇ ਹਨ
ਲਿਤਾੜਣਾ, ਕੁਚਲਣਾ
ਹੀ ਫਿਤਰਤ ਹੁੰਦੀ ਹੈ
ਇਹਨਾਂ ਦੀ
ਕਈ ਮੇਰੇ ਵਰਗੇ ਲੋਕ
ਬਾਹਰੋਂ ਸਾਬਤ ਜਾਪਦੇ ਹਨ
ਪਰ ਅੰਦਰੋਂ
ਤੂੜੀ ਦੀ ਪੰਡ
ਵਰਗੇ ਹੁੰਦੇ ਹਨ
ਖੁੱਲ ਜਾਣ ਤਾਂ 'ਕੱਠੇ ਕਰਨੇ
ਸੁਖਾਲੇ ਨਹੀਂ ਹੁੰਦੇ


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਦਲ ਖਾਲਸਾ ਦਾ ਭਾਰਤੀ ਚੋਣਾਂ ਦੇ ਮੱਦੇਨਜ਼ਰ ਨੀਤੀ-ਪੱਤਰ

ਲਿਆ ਹੈ। ਪਿਛਲੇ ਪੰਜ ਸਾਲਾਂ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੌਰਾਨ ਵਾਪਰੀਆਂ ਘਟਨਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਮੁਲਕ ਵਿੱਚ ਘੱਟ ਗਿਣਤੀਆਂ ਨੂੰ ਬਹੁ-ਗਿਣਤੀ ਦੀ ਸਰਦਾਰੀ ਅਤੇ ਅਧੀਨਗੀ ਨੂੰ ਮੰਨ ਕੇ ਰਹਿਣਾ ਪਵੇਗਾ। ਘੱਟ ਗਿਣਤੀਆਂ ਤੇ ਦਲਿਤਾਂ ਪ੍ਰਤੀ ਨਫ਼ਰਤ, ਧਾਰਮਿਕ ਅਸਹਿਣਸ਼ੀਲਤਾ, ਸਿੱਖ ਰਾਜਸੀ ਕੈਦੀਆਂ ਪ੍ਰਤੀ ਦੋਹਰੇ ਮਾਪਦੰਡ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੀਆਂ ਵੱਧਦੀਆਂ ਘਟਨਾਵਾਂ ਅਤੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਕਾਨੂੰਨੀ ਖੁੱਲ੍ਹ ਦੇਣਾ ਸਾਡੇ ਭਾਰਤੀ ਚੋਣ ਪ੍ਰਣਾਲੀ ਤੋਂ ਦੂਰ ਰਹਿਣ ਦੇ ਫੈਸਲੇ ਨੂੰ ਹੋਰ ਮਜ਼ਬੂਤ ਕਰਦਾ ਹੈ।

ਪੰਜਾਬ ਵਿਚ ਵਸਦੇ ਸਿੱਖਾਂ ਲਈ ਦਲ ਖਾਲਸਾ ਦਾ ਸੁਨੇਹਾ : ਜਿਹੜੇ ਸਿੱਖ ਅਕਾਲੀ/ਭਾਜਪਾ ਗਠਜੋੜ ਅਤੇ ਕਾਂਗਰਸ ਨੂੰ ਵੋਟਾਂ ਪਾਉਣ ਦਾ ਮਨ ਬਣਾਈ ਬੈਠੇ ਹਨ ਉਹ ਆਪਣੇ ਆਪ ਵਿੱਚ ਸ਼ਰਮਸਾਰ ਹੋਣ ਅਤੇ 1984 ਤੋਂ ਪਹਿਲਾਂ ਅਤੇ ਬਾਅਦ ਵਿੱਚ ਇਹਨਾਂ ਪਾਰਟੀਆਂ ਵਲੋਂ ਸੱਤਾ ਵਿੱਚ ਆ ਕੇ ਕੀਤੇ ਜ਼ੁਲਮਾਂ, ਅੱਤਿਆਚਾਰਾਂ, ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ, ਸਿੱਖੀ-ਵਿਰੋਧੀ ਡੇਰਿਆਂ, ਦਾਗੀ ਤੇ ਦੋਸ਼ੀ ਪੁਲਿਸ ਅਫਸਰਾਂ ਅਤੇ ਨਸ਼ਿਆਂ ਦੇ ਵਿਉਪਾਰੀਆਂ ਅਤੇ ਤਸਕਰਾਂ ਨੂੰ ਦਿੱਤੀ ਪੁਸ਼ਤਪਨਾਹੀ ਨੂੰ ਦਿਲੋ-ਦਿਮਾਗ ਵਿੱਚ ਚੇਤੇ ਕਰਨ।

ਪੰਜਾਬ ਦੇ ਰਾਜਨੀਤਿਕ ਪਿੜ ਵਿੱਚ ਕੁਝ ਅਜਿਹੀਆਂ ਸ਼ਖ਼ਸੀਅਤਾਂ ਨੇ ਆਪਣੇ ਆਪ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ ਜਿਹਨਾਂ ਦੀ ਪੁਹੰਚ ਸਾਡੇ ਤੋਂ ਅਲੱਗ ਹੈ ਪਰ ਮੰਜ਼ਿਲ ਇੱਕ ਹੈ। ਭਾਰਤੀ ਸਟੇਟ ਦੇ ਜ਼ੁਲਮੀ ਚੇਹਰੇ ਨੂੰ ਨੰਗਾ ਕਰਨ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹਾਦਤ ਦੇਣ ਵਾਲੇ ਜਸਵੰਤ ਸਿੰਘ ਖਾਲੜਾ ਦੀ ਧਰਮ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਆਉਂਦੇ ਹਨ। ਇਸੇ ਤਰ੍ਹਾਂ, ਪੰਜਾਬ ਦੇ ਹਿੱਤਾਂ ਲਈ ਬੇਬਾਕੀ ਨਾਲ ਆਵਾਜ਼ ਬੁਲੰਦ ਕਰਨ ਵਾਲੇ ਸਮਾਜਵਾਦੀ ਆਗੂ ਡਾ ਧਰਮਵੀਰ ਗਾਂਧੀ ਵੀ ਚੋਣ ਮੈਦਾਨ ਵਿੱਚ ਹਨ। ਦਲ ਖਾਲਸਾ ਭਾਰਤੀ ਨਿਜ਼ਾਮ ਹੇਠ ਹੋ ਰਹੀਆਂ ਚੋਣਾਂ ਵਿੱਚ ਹਿੱਸਾ ਨਾ ਲੈਣ ਦੇ ਆਪਣੇ ਸਟੈਂਡ ਤੇ ਦ੍ਰਿੜ ਰਹਿੰਦਿਆਂ ਮਾਨ ਸਾਹਿਬ, ਬੀਬੀ ਖਾਲੜਾ ਅਤੇ ਡਾ ਗਾਂਧੀ ਨੂੰ ਜਿੱਤ ਦੀਆਂ ਸ਼ੁੱਭ ਕਾਮਨਾਵਾਂ ਦਿੰਦਾ ਹੈ।

## ਜਲ੍ਹਿਆਂਵਾਲੇ ਬਾਗ ਦਾ ਸਾਕਾ

ਸਕੀਮ ਦੀ ਸੂਹ ਮਿਲ ਗਈ, ਫਲਸਰੂਪ, ਊਧਮ ਸਿੰਘ 'ਤੇ ਕੜੀ ਨਜ਼ਰ ਰੱਖੀ ਗਈ। ਊਧਮ ਸਿੰਘ ਨੇ ਜੇਲ੍ਹ ਵਿਚ 42 ਦਿਨ ਭੁੱਖ ਹੜਤਾਲ ਰੱਖੀ; ਉਸ ਨੂੰ 57 ਦਿਨ ਜੇਲ੍ਹ ਵਿਚ ਰੱਖ ਕੇ, ਜੇਲ੍ਹ ਦੇ ਅੰਦਰ ਫਾਂਸੀ ਦੇ ਦਿੱਤੀ ਅਤੇ ਦਾਹ ਸਸਕਾਰ ਵੀ ਜੇਲ੍ਹ ਵਿਚ ਹੀ ਕਰ ਦਿੱਤਾ।

ਇੰਡੀਆ ਦੀ ਗੌਰਮਿੰਟ ਨੇ ਊਧਮ ਸਿੰਘ ਦੀਆਂ ਅਸਤੀਆਂ ਅਤੇ ਉਸ ਦੇ ਜਾਤੀ ਸਾਮਾਨ ਨੂੰ ਵਾਪਸ ਲਿਆਉਣ ਲਈ ਇੰਗਲੈਂਡ ਦੀ ਗੌਰਮਿੰਟ ਨੂੰ ਬੇਨਤੀ ਕੀਤੀ। ਸੰਨ 1975 ਵਿਚ ਅਸਤੀਆਂ ਆਈਆਂ ਤੇ ਇੰਦਰਾ ਗਾਂਧੀ, ਸ਼ੰਕਰ ਦਿਆਲ ਸ਼ਰਮਾ ਅਤੇ ਜ਼ੈਲ ਸਿੰਘ ਹੋਰਾਂ ਅਸਤੀਆਂ ਦਾ ਸਵਾਗਤ ਕੀਤਾ। ਊਧਮ ਸਿੰਘ ਦਾ ਪਿਸਤੌਲ ਅਤੇ ਜੇਲ੍ਹ ਦਾ ਰਿਕਾਰਡ ਨਹੀਂ ਦਿੱਤੇ। ਇੰਗਲੈਂਡ ਦੀ ਗੌਰਮਿੰਟ ਅਨੁਸਾਰ, ਪਿਸਤੌਲ ਅਤੇ ਜੇਲ੍ਹ ਦਾ ਰਿਕਾਰਡ, ਜੋ ਊਧਮ ਸਿੰਘ ਦੇ ਮੁਕੱਦਮੇਂ ਦੀ ਗਵਾਹੀ ਦੀ ਨਿਸ਼ਾਨਦਹੀ ਕਰਦੇ ਹਨ, ਵਾਪਸ ਨਹੀਂ ਕੀਤੇ ਜਾ ਸਕਦੇ।

ਗਾਂਧੀ ਅਤੇ ਨਹਿਰੂ ਦੇ ਪ੍ਰਤੀਕਰਮ-

"The outrage has caused me deep pain. I regard it as an act of insanity...I hope this will not be allowed to affect political judgement. We had our differences with Michael O'Dwyer but that should not prevent us from being grieved over his assassination. We have our grievances against Lord Zetland. We must fight his reactionary policies, but there should be no malice or vindictiveness in our resistance. The accused is intoxicated with thought of bravery". (Ghandi)

"Assassination is regretted but it is earnestly hoped that it will not have far-reaching repercussions on political future of India. We have not been unaware of the trend of the feeling of non-violence, particularly among the younger section of Indians. " (Nehru).

ਮੌਤ ਤੋਂ ਛੇਤੀ ਬਾਅਦ ਗਾਂਧੀ ਅਤੇ ਨਹਿਰੂ ਨੇ ਊਧਮ ਸਿੰਘ ਦੀ ਸੂਰਮਗਤੀ ਨੂੰ ਮੂੜ੍ਹਮੱਤ ਕਿਹਾ ਸੀ। ਪਰ 1962 ਵਿਚ ਨਹਿਰੂ ਨੇ ਊਧਮ ਸਿੰਘ ਬਾਰੇ ਲਿਖਿਆ, "I salute Shaheed-i-Azam Udham Singh with reverence who had kissed the noose so that we may be free."

ਊਧਮ ਸਿੰਘ, ਭਗਤ ਸਿੰਘ ਦਾ ਪੱਕਾ ਭਗਤ ਸੀ। ਜਿਵੇਂ ਕਰਤਾਰ ਸਿੰਘ ਸਰਾਭਾ ਦੀ ਫੋਟੋ ਭਗਤ ਸਿੰਘ ਦੀ ਜੇਬ੍ਹ ਵਿਚ ਹੁੰਦੀ ਸੀ, ਉਸੇ ਤਰ੍ਹਾ ਊਧਮ ਸਿੰਘ ਨੇ ਭਗਤ ਸਿੰਘ ਦੀ ਫੋਟੋ ਆਪਣੇ ਖੀਸੇ ਵਿਚ ਰੱਖੀ ਹੋਈ ਸੀ। ਜਲ੍ਹਿਆਂਵਾਲ਼ਾ ਬਾਗ਼ ਦੀ ਘਟਨਾ ਨੇ ਹਿੰਦੋਸਤਾਨ ਦੀ ਆਜ਼ਾਦੀ ਦੀ ਜੱਦੋਜ਼ਹਿਦ ਨੂੰ ਨਵਾਂ ਮੋੜ ਦਿੱਤਾ। ਇਸ ਦੇ ਪ੍ਰਤੀਕਰਮ ਕਰਕੇ ਕਈ ਕ੍ਰਾਂਤੀਕਾਰੀ ਅੰਦੋਲਨ ਪੈਦਾ ਹੋਏ ਜਿਵੇਂ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਲਹਿਰ ਅਤੇ ਇੰਡੀਅਨ ਨੈਸ਼ਨਲ ਆਰਮੀ ਆਦਿ।

**ਹਵਾਲੇ:**


੧. ਰਾਮ ਸਿੰਘ ਮਜੀਠਾ. 1984. ਅੰਮ੍ਰਿਤਸਰ ਦੇ ਜੁਝਾਰੂ ਜੋਧੇ। ਜ਼ਿਲ੍ਹਾ ਫ਼ਰੀਡਮ ਫ਼ਾਈਟਰ ਆਰਗਨਾਈਜ਼ੇਸ਼ਨ, ਅੰਮ੍ਰਿਸਤਰ।

2. ਰਾਕੇਸ਼ ਕੁਮਾਰ. 2013. ਮਹਾਂ ਇਨਕਲਾਬੀ: ਸ਼ਹੀਦ ਊਧਮ ਸਿੰਘ। ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

3. ਬੱਗਾ ਸਿੰਘ ਦੀ ਅਣਛਪੀ ਸਵੇ-ਜੀਵਨੀ, 1985)।

D. Sikander Singh. 2002. Udham Singh alis Ram Mohammed Singh Azad. B. Chattar Singh Jiwan Singh, Bazar Mai Sewan, Amritsar.

E. Kesar Singh. 1993. Udham Singh: A Great Martyre. A-1 Graphic Inc. Surrey, B.C., Canada.

6. Public and Judicial, (S) Department File No. 466/1936, Udham Singh assassin of Sir Michael O'Dwyer, Public Record Office, London.

7. B. S., Maigowalia. 1969. Udham Singh, Hoshiarpur.

8. The Daily Telegraph, London, Marcrh 14, 1940.


(ਛਪਣ ਹੇਤ ਪੁਸਤਕ, "ਹਿੰਦੋਸਤਾਨ ਦੀ ਆਜ਼ਾਦੀ ਵਿਚ ਗ਼ਦਰੀ ਲਹਿਰਾਂ ਦਾ ਯੋਗਦਾਨ")

(**ਸਮਾਪਤ**)

## ਬੌਧਿਕ ਸੱਭਿਆਚਾਰ ਦਾ ਬਦਲਦਾ ਮੁਹਾਂਦਰਾ

ਕਥਨ ਅਨੁਸਾਰ ਤੁਸੀਂ ਆਉਣ ਵਾਲੀ ਪੀੜ੍ਹੀ ਨੂੰ ਇਹ ਕਿਵੇਂ ਸਮਝਾਉਗੇ ਕਿ ਸਿੱਖਿਆ ਸਫਲਤਾ ਦੀ ਕੂੰਜੀ ਹੈ ਜਦੋਂ ਕਿ ਅਸੀਂ ਮੌਜੂਦਾ ਦੌਰ ਵਿੱਚ ਪੜ੍ਹੇ ਲਿਖੇ ਹੋਏ ਗਰੀਬਾਂ ਅਤੇ ਮੁਜਰਿਮ ਅਮੀਰਾਂ ਨਾਲ ਘਿਰੇ ਹੋਏ ਹਾਂ।

ਮਾਰਕਸਵਾਦੀ ਚਿੰਤਕ ਅਨਤੋਨੀਓ ਗ੍ਰਾਮਸ਼ੀ ਸੱਭਿਆਚਾਰਕ ਦਾਬੇ ਬਾਰੇ ਕਹਿੰਦਾ ਹੈ ਕੇ ਕਿਸੇ ਸਮਾਜ ਦੀ ਮੁਕਤੀ ਕਈ ਪੱਖਾਂ ਤੋਂ ਪ੍ਰਭਾਵਿਤ ਹੁੰਦੀ ਹੈ। ਜੇ ਇਹ ਪੱਖ ਆਰਥਿਕ, ਰਾਜਨੀਤਿਕ, ਸਮਾਜਿਕ ਹਨ ਤਾਂ ਇੱਕ ਪੱਖ ਸੱਭਿਆਚਾਰਕ ਵੀ ਹੈ। ਜਿੰਨਾ ਸਮਾਂ ਸਾਡਾ ਸੱਭਿਆਚਾਰ ਕਿਸੇ ਗੈਰ ਸੱਭਿਆਚਾਰ ਦੇ ਦਾਬੇ ਦੇ ਅਧੀਨ ਵਿਕਸਤ ਹੁੰਦਾ ਰਹੇਗਾ, ਉਨਾ ਸਮਾਂ ਸਾਡਾ ਆਪਣਾ ਨਿਰੋਲ ਅਤੇ ਖਰਾ ਸੱਭਿਆਚਾਰ ਉਪਜਣਾ ਮੁਸ਼ਕਿਲ ਹੈ। ਇਸ ਉਪਜੇ ਸੱਭਿਆਚਾਰ ਉੱਪਰ ਵੀ ਗੈਰ ਸੱਭਿਆਚਾਰ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਵੇਗਾ। ਇਸ ਤਰ੍ਹਾਂ ਕਿਸੇ ਸਮਾਜ ਦੇ ਵਿਕਾਸ ਲਈ ਉਸ ਦੇ ਸੱਭਿਆਚਾਰ ਦਾ ਮੁਕਤ ਹੋਣਾ ਵੀ ਲਾਜ਼ਮੀ ਹੈ। ਅੱਜ ਬਜਾਰੂ ਮਾਨਸਿਕਤਾ ਅਤੇ ਪੂੰਜੀਵਾਦੀ ਪਿੱਠਭੂਮੀ ਨੇ ਸਾਡੇ ਸੱਭਿਆਚਾਰ ਨੂੰ ਗੰਧਲਾ ਕਰਕੇ ਇਸ ਦੇ ਬੌਧਿਕ ਪੱਖ ਨੂੰ ਵੀ ਖੁੰਢਾ ਕਰ ਦਿੱਤਾ ਹੈ। ਮਨੁੱਖ ਦੇ ਬੌਧਿਕ ਵਿਕਾਸ ਦਾ ਮੁੱਢਲਾ ਸਕੂਲ ਉਸ ਦਾ ਪਰਿਵਾਰ ਹੀ ਹੁੰਦਾ ਹੈ। ਅੱਜ ਦੇ ਮਸ਼ੀਨੀ ਯੁੱਗ ਵਿੱਚ ਮਨੁੱਖ ਦਾ ਮਸ਼ੀਨੀਕਰਨ ਹੁੰਦਾ ਜਾ ਰਿਹਾ ਹੈ। ਮਨੁੱਖ ਗੈਰ ਜਜ਼ਬਾਤੀ ਅਤੇ ਸੰਵੇਦਨਹੀਣ ਹੁੰਦਾ ਜਾ ਰਿਹਾ ਹੈ। ਜ਼ਿੰਦਗੀ ਦੀ ਤੇਜ਼ ਰਫਤਾਰ ਨੇ ਉਸ ਦੇ ਘਰ-ਪਰਿਵਾਰ ਦੇ ਮਾਹੌਲ ਨੂੰ ਵੀ ਪ੍ਰਭਾਵਿਤ ਕੀਤਾ ਹੈ। ਮਾਪੇ ਅਤੇ ਬੱਚਿਆਂ ਵਿਚ ਆਪਸੀ ਸਾਂਝਾਂ ਦਿਨੋ ਦਿਨ ਘਟਦੀਆਂ ਜਾ ਰਹੀਆਂ ਹਨ। ਘਰ ਤੋਂ ਬਾਅਦ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਸਾਡੀ ਬੌਧਿਕਤਾ ਨੂੰ ਪ੍ਰਭਾਵਿਤ ਕਰਨ ਅਤੇ ਇਸ ਨੂੰ ਲਿਸ਼ਕਾਉਣ ਦਾ ਕੰਮ ਕਰਦੇ ਹਨ ਅਤੇ ਇਹ ਕੰਮ ਅਧਿਆਪਕਾਂ ਦੀ ਉਸਾਰੂ ਸੋਚ ਰਾਹੀਂ ਹੀ ਸਿਰੇ ਚੜ੍ਹਦਾ ਹੈ। ਪਰ ਅੱਜ ਸਕੂਲਾਂ ਤੋਂ ਯੂਨੀਵਰਸਿਟੀਆਂ ਤਕ ਦਾ ਅਧਿਆਪਕ ਵਰਗ ਖੁਦ ਮਾਨਸਿਕ ਪੀੜਾ ਹੰਢਾ ਰਿਹਾ ਹੈ। ਨਿਗੂਣੀਆਂ ਤਨਖਾਹਾਂ, ਗੈਰ ਵਿੱਦਿਅਕ ਕੰਮਾਂ ਦਾ ਬੋਝ, ਠੇਕੇਦਾਰੀ ਪ੍ਰਥਾ ਅਤੇ ਡਾਵਾਂਡੋਲ ਭਵਿੱਖ ਅਧਿਆਪਕਾਂ ਨੂੰ ਵਿਦਿਆਰਥੀਆਂ ਤੱਕ ਬੌਧਿਕਤਾ ਦੇ ਪ੍ਰਸਾਰ ਵਿਚ ਅੜਿੱਕੇ ਦਾ ਕੰਮ ਕਰਦੇ ਹਨ।

ਵਰਤਮਾਨ ਵਿਚ ਬੌਧਿਕ ਸੱਭਿਆਚਾਰ ਦਾ ਮੁਹਾਂਦਰਾ ਪੂਰਨ ਰੂਪ ਵਿਚ ਬਦਲ ਰਿਹਾ ਹੈ। ਜਿਸ ਤਰ੍ਹਾਂ ਦਾ ਸੱਭਿਆਚਾਰ ਅੱਜ ਮੌਜੂਦ ਹੋਵੇਗਾ, ਉਸੇ ਵਿੱਚੋਂ ਹੀ ਤੁਹਾਡਾ ਭਵਿੱਖ ਪੈਦਾ ਹੋਵੇਗਾ। ਰਸੂਲ ਹਮਜ਼ਾਤੋਵ ਅਨੁਸਾਰ ਜੇ ਤੁਸੀਂ ਵਰਤਮਾਨ'ਤੇ ਗੋਲੀ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ। ਬੌਧਿਕ ਸੱਭਿਆਚਾਰ ਦੇ ਗੈਰ ਉਸਾਰੂ ਅੰਗਾਂ ਦੀ ਜਗ੍ਹਾ ਉਸਾਰੂ ਅੰਗਾਂ ਦਾ ਵਿਕਾਸ ਹੀ ਇਸ ਨਿਘਾਰ ਨੂੰ ਰੋਕ ਸਕਦਾ ਹੈ। ਪ੍ਰਚਲਿਤ ਲੱਚਰ ਗੀਤ ਸੰਗੀਤ ਦੀ ਜਗ੍ਹਾ ਲੋਕ ਪੱਖੀ ਗੀਤ ਸੰਗੀਤ ਅਤੇ ਕਲਾ ਨੂੰ ਹੱਲਾਸ਼ੇਰੀ ਮਿਲਣੀ ਚਾਹੀਦੀ ਹੈ। ਨਾਇਕਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਲੋਕ ਸੰਕਲਪਾਂ ਨੂੰ ਪ੍ਰਣਾਏ ਵਿਅਕਤੀ ਹੀ ਸਾਡੇ ਨਾਇਕਾਂ ਦੇ ਤੌਰ'ਤੇ ਉੱਭਰ ਸਕਣ। ਉਸਾਰੂ ਅਤੇ ਤਰਕਸ਼ੀਲ ਸਾਹਿਤ ਨੂੰ ਪ੍ਰਫੁਲਿਤ ਕਰਨ ਦੀ ਲੋੜ ਹੈ। ਵਰਤਮਾਨ ਨੌਜਵਾਨ ਪੀੜ੍ਹੀ ਦੀਆਂ ਰੁਚੀਆਂ ਅਤੇ ਕਦਰਾਂ ਕੀਮਤਾਂ ਨਿਘਾਰ ਦਾ ਸ਼ਿਕਾਰ ਹੋ ਰਹੀਆਂ ਹਨ। ਸਾਰਥਿਕ ਸਮਾਂ ਹੋਰ ਫਾਲਤੂ ਰੁਚੀਆਂ ਉੱਤੇ ਅਜਾਈਂ ਗਵਾਇਆ ਜਾ ਰਿਹਾ ਹੈ। ਕਦਰਾਂ ਕੀਮਤਾਂ ਨੂੰ ਪਿਛੜੇਪਨ ਦੀ ਨਿਸ਼ਾਨੀ ਸਮਝ ਕੇ ਅਪਣਾਉਣ ਤੋਂ ਇਨਕਾਰੀ ਹੋਇਆ ਜਾ ਰਿਹਾ ਹੈ। ਇਸ ਬਦਲਾਅ ਦਾ ਮੁੱਖ ਕਾਰਨ ਬੌਧਿਕ ਸੱਭਿਆਚਾਰ ਵਿਚ ਵਾਪਰ ਰਹੀ ਤਬਦੀਲੀ ਹੀ ਹੈ। ਜੇ ਅਸੀਂ ਮੌਜੂਦਾ ਬੌਧਿਕ ਸੱਭਿਆਚਾਰ ਨੂੰ ਨਾ ਸੰਭਾਲਿਆ ਤਾਂ ਸਾਡਾ ਭਵਿੱਖ ਵੀ ਖੇਰੂੰ ਖੇਰੂੰ ਹੁੰਦਿਆਂ ਦੇਰ ਨਹੀਂ ਲੱਗੇਗੀ। ਲੋੜ ਹੈ ਮੌਜੂਦਾ ਸਾਹਿਤ, ਕਲਾ, ਧਰਮ ਨੂੰ ਆਪਣਾ ਕੇ ਹਾਂ ਪੱਖੀ ਰੋਲ ਨਿਭਾਉਣ ਦੀ, ਤਾਂ ਜੋ ਚੰਗੇਰੇ ਭਵਿੱਖ ਦੀ ਆਸ ਬਣੀ ਰਹੇ।

## ਸਵਾਲ-ਦਰ-ਸਵਾਲ : ਪੰਜਾਬੀਆਂ ਨੇ ਲੀਡਰ ਵਾਹਣੀਂ ਪਾਏ

ਹੁਣ ਉਹ ਕੇਵਲ ਸਰੋਤੇ ਹੀ ਨਹੀਂ ਰਹੇ, ਸਗੋਂ ਬੋਲਣ ਵੀ ਲੱਗ ਪਏ ਹਨ।ਇਸ ਵਾਰ ਪੰਜਾਬ ਦੀ ਜਨਤਾ ਦਾ ਪਾਰਾ ਸੱਤਵੇਂ ਅਸਮਾਨੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਬਹਿਬਲ ਗੋਲੀ ਕਾਂਡ, ਨਸ਼ਿਆਂ ਤੋਂ ਮੁਕਤੀ ਅਤੇ ਬੇਰੁਜ਼ਗਾਰੀ ਆਦਿ ਮਸਲਿਆਂ 'ਤੇ ਚੋਣ ਵਾਅਦੇ ਕਰਕੇ ਵੋਟਾਂ ਲੈਂਦੇ ਆ ਰਹੇ ਰਾਜਸੀ ਆਗੂਆਂ ਲਈ ਐਤਕੀਂ ਇਹੀ ਮਸਲੇ ਵੱਡੀ ਸਿਰਦਰਦੀ ਬਣ ਗਏ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਾਂਗ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਇਨ੍ਹਾਂ ਚੋਣਾਂ ਵਿਚ ਵੀ ਸਭ ਤੋਂ ਵੱਡਾ ਮੁੱਦਾ ਹੈ। ਪੰਜਾਬ ਵਿੱਚ ਸੱਤਾਧਾਰੀ ਧਿਰ ਕਾਂਗਰਸ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ 'ਘਰ ਘਰ ਰੁਜ਼ਗਾਰ' ਦੇਣ ਦਾ ਨਾਅਰਾ ਦਿੱਤਾ ਤਾਂ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਨੌਜਵਾਨਾਂ ਦੇ ਪਰਿਵਾਰਾਂ ਦਾ ਸਾਥ ਮਿਲਿਆ ਪਰ ਹੁਣ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਇਹੀ ਨਾਅਰਾ ਸਰਕਾਰ ਲਈ ਚੁਣੌਤੀ ਬਣ ਰਿਹਾ ਹੈ। ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨ ਰੁਜ਼ਗਾਰ ਦੇ ਮਸਲੇ 'ਤੇ ਹੀ ਸਰਕਾਰ ਨੂੰ ਪਿੰਡਾਂ ਦੀਆ ਸੱਥਾਂ ਵਿਚ ਘੇਰ ਰਹੇ ਹਨ। ਬੇਰੁਜ਼ਗਾਰ ਨੌਜਵਾਨਾਂ ਵੱਲੋਂ ਆਪਣੇ ਘਰਾਂ ਅੱਗੇ 'ਰੁਜ਼ਗਾਰ ਨਹੀਂ ਤਾਂ ਵੋਟ ਨਹੀਂ' ਦੇ ਲਗਾਏ ਗਏ ਬੋਰਡ ਇਕ ਲਹਿਰ ਬਣਦੇ ਜਾ ਰਹੇ ਹਨ।

ਪੰਜਾਬ ਦੀ ਜਨਤਾ ਸੱਤਾਧਿਰ ਕਾਂਗਰਸ ਜਾਂ ਫਿਰ ਪਿਛਲੇ 10 ਸਾਲ ਰਾਜ ਕਰਕੇ ਗਏ ਸ਼੍ਰੋਮਣੀ ਅਕਾਲੀ ਦਲ-ਬੀਜੇਪੀ ਗੱਠਜੋੜ ਨੂੰ ਹੀ ਨਹੀਂ ਘੇਰ ਰਹੀ, ਸਗੋਂ ਵੱਡੇ-ਵੱਡੇ ਦਾਅਵੇ ਕਰਕੇ ਮੈਦਾਨ ਵਿੱਚ ਆਈਆਂ ਨਵੀਆਂ ਪਾਰਟੀਆਂ ਦੇ ਸੁਖਪਾਲ ਖਹਿਰਾ ਤੇ ਭਗਵੰਤ ਮਾਨ ਤੋਂ ਵੀ ਜਵਾਬ ਮੰਗ ਰਹੀ ਹੈ।

### ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੋਸ

ਦਰਅਸਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਦੌਰਾਨ ਵਾਪਰੇ ਗੋਲੀ ਕਾਂਡ ਨੂੰ ਲੈ ਕੇ ਸਿੱਖ ਸੰਗਤਾਂ ਵਿੱਚ ਕਾਫੀ ਰੋਸ ਹੈ। ਕਈ ਥਾਵਾਂ 'ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਕਾਲੀਆਂ ਝੰਡੀਆਂ ਵਿਖਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਉਮੀਦਵਾਰਾਂ ਤੋਂ ਚੋਣ ਜਲਸਿਆਂ ਵਿੱਚ ਹੀ ਸਿੱਧੇ ਸਵਾਲ ਪੁੱਛੇ ਜਾ ਰਹੇ ਹਨ। ਬਠਿੰਡਾ ਵਿੱਚ ਹਰਸਿਮਰਤ ਬਾਦਲ ਤੇ ਫਰੀਦਕੋਟ ਵਿੱਚ ਗੁਲਜ਼ਾਰ ਸਿੰਘ ਰਣੀਕੇ ਨੂੰ ਕਈ ਵਾਰ ਜਨਤਾ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਹੈ।

ਬਠਿੰਡਾ ਸੰਸਦੀ ਹਲਕੇ ਤੋਂ ਅਕਾਲੀ ਉਮੀਦਵਾਰ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਬੇਅਦਬੀ ਤੇ ਉਸ ਨਾਲ ਜੁੜੇ ਗੋਲੀ ਕਾਂਡ ਬਾਰੇ ਕੀਤੇ ਗਏ ਇਕ ਸਵਾਲ ਨੇ ਭਾਜੜ ਪਾ ਦਿੱਤੀ। ਦਰਅਸਲ ਬੀਬੀ ਬਾਦਲ ਜਦ ਬਠਿੰਡਾ ਦੇ ਰੋਜ਼ ਗਾਰਡਨ ਵਿਚ ਸਨ ਤਾਂ ਉੱਥੇ ਮੌਜੂਦ ਕਲੈਪਿੰਗ ਕਲੱਬ ਦੇ ਸੀਨੀਅਰ ਮੈਂਬਰ ਤੇ ਭੁੱਲਰ ਭਾਈਚਾਰੇ ਦੇ ਸੰਸਥਾਪਕ ਗੁਰਸਿੱਖ ਬਲਦੇਵ ਸਿੰਘ ਨੇ ਜਦ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਸਵਾਲ ਪੁੱਛਣਾ ਚਾਹਿਆ ਤਾਂ ਉਹ ਬਿਨਾਂ ਕੋਈ ਉੱਤਰ ਦਿੱਤਿਆਂ ਖਿਸਕ ਗਏ।

ਵੇਰਵਿਆਂ ਅਨੁਸਾਰ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਸਾਬਕਾ ਮੁੱਖ ਸੰਸਦੀ ਸਕੱਤਰ ਸਰੂਪ ਚੰਦ ਸਿੰਗਲਾ ਨਾਲ ਰੋਜ਼ ਗਾਰਡਨ ਪੁੱਜੇ ਸਨ। ਹਰਸਿਮਰਤ ਦੇ ਭਾਸ਼ਨ ਪਿੱਛੋਂ ਜਦ ਸਰੂਪ ਸਿੰਗਲਾ ਧੰਨਵਾਦੀ ਸ਼ਬਦ ਆਖਣ ਲੱਗੇ ਤਾਂ ਪਿੱਛਿਓਂ ਗੁਰਸਿੱਖ ਬਲਦੇਵ ਸਿੰਘ ਫਤਹਿ ਬੁਲਾ ਕੇ ਖੜ੍ਹਾ ਹੋ ਗਿਆ। ਉਸ ਨੇ ਕਿਹਾ ਕਿ ਉਹ ਇਕ ਦੋ ਸਵਾਲ ਕਰਨਾ ਚਾਹੁੰਦਾ ਹੈ ਤੇ ਹਰਸਿਮਰਤ ਜਵਾਬ ਦੇ ਕੇ ਜਾਣ। ਜਦਕਿ ਹਰਸਿਮਰਤ ਬਾਦਲ ਨੇ ਉਦੋਂ ਹੀ ਟੋਕਦਿਆਂ ਕਿਹਾ ਕਿ ਇਹ ਸਵਾਲਾਂ ਦਾ ਸਮਾਂ ਨਹੀਂ, ਚੋਣਾਂ ਦਾ ਸਮਾਂ ਹੈ। ਇਹ ਕਹਿ ਕੇ ਜਦ ਹਰਸਿਮਰਤ ਤੇ ਸਿੰਗਲਾ ਉੱਥੋਂ ਜਾਣ ਲੱਗੇ ਤਾਂ ਬਲਦੇਵ ਸਿੰਘ ਨੇ ਜੈਕਾਰਾ ਛੱਡ ਕੇ ਐਲਾਨ ਕਰ ਦਿੱਤਾ ਕਿ ਉਹ ਭੁੱਲਰ ਭਾਈਚਾਰੇ ਵੱਲੋਂ ਅਕਾਲੀ ਦਲ ਦਾ ਬਾਈਕਾਟ ਸਮੁੱਚੇ ਪੰਜਾਬ ਵਿਚ ਕਰਨਗੇ।

ਘਟਨਾ ਵਾਪਰਨ ਤੋਂ ਬਾਅਦ ਕਈਆਂ ਨੇ ਬਲਦੇਵ ਸਿੰਘ ਨੂੰ ਬੁੱਕਲ ਵਿਚ ਲੈ ਲਿਆ ਅਤੇ ਕਈਆਂ ਨੇ ਪੈਰਾਂ ਨੂੰ ਹੱਥ ਲਾਏ। ਉਨ੍ਹਾਂ ਸਵਾਲ ਪੁੱਛਣ ਲਈ ਬਲਦੇਵ ਸਿੰਘ ਦੀ ਸ਼ਲਾਘਾ ਕੀਤੀ। ਬਲਦੇਵ ਸਿੰਘ ਨੇ ਦੱਸਿਆ ਕਿ ਉਹ ਪੁੱਛਣਾ ਚਾਹੁੰਦਾ ਸੀ ਕਿ ਦੋ ਨੌਜਵਾਨਾਂ ਨੂੰ ਸ਼ਰੇਆਮ ਗੋਲੀ ਮਾਰਨ ਵਾਲੀ ਪੁਲੀਸ ਕਿਵੇਂ ਅਣਪਛਾਤੀ ਹੋ ਗਈ। ਉਨ੍ਹਾਂ ਕਿਹਾ ਕਿ ਜੇ ਬੀਬੀ ਗੱਲ ਸੁਣਦੀ ਤਾਂ ਉਹ ਮਗਰੋਂ ਭੁੱਲਰ ਭਾਈਚਾਰੇ ਦੇ ਮਸਲੇ 'ਤੇ ਵੱਡੇ ਬਾਦਲ ਵੱਲੋਂ ਖਾਧੀ ਸਹੁੰ ਵੀ ਯਾਦ ਕਰਵਾਉਂਦੇ।

ਦੂਸਰੇ ਪਾਸੇ ਸਾਬਕਾ ਮੁੱਖ ਸੰਸਦੀ ਸਕੱਤਰ ਸਰੂਪ ਸਿੰਗਲਾ ਦਾ ਪ੍ਰਤੀਕਰਮ ਸੀ ਕਿ ਅੱਜ ਕੋਈ ਆਦਮੀ ਪ੍ਰੋਗਰਾਮ ਸਮਾਪਤੀ ਮਗਰੋਂ ਬੀਬੀ ਹਰਸਿਮਰਤ ਤੋਂ ਸਵਾਲ ਪੁੱਛਣਾ ਚਾਹੁੰਦਾ ਸੀ ਜੋ ਦਿਮਾਗੀ ਤੌਰ 'ਤੇ ਠੀਕ ਨਹੀਂ ਸੀ ਲੱਗਦਾ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਨੇ ਉਸ ਨੂੰ ਆਖ ਦਿੱਤਾ ਸੀ ਕਿ ਹੁਣ ਸਮਾਂ ਨਹੀਂ ਰਿਹਾ ਪਰ ਉਹ ਆਖ਼ਣ ਲੱਗਾ ਕਿ ਵੋਟਾਂ ਨਹੀਂ ਪਾਵਾਂਗੇ।

### ਲੋਕ ਮੁੱਦਿਆਂ 'ਤੇ ਘਿਰੇ ਕਾਂਗਰਸੀ

ਦੂਜੇ ਪਾਸੇ ਸੱਤਾਧਿਰ ਕਾਂਗਰਸ ਖਿਲਾਫ ਵੀ ਜਨਤਾ ਵਿੱਚ ਗੁੱਸਾ ਹੈ। ਕਾਂਗਰਸੀ ਉਮੀਦਵਾਰਾਂ ਨੂੰ ਵੀ ਘੇਰਿਆ ਜਾ ਰਿਹਾ ਹੈ। ਉਨ੍ਹਾਂ ਤੋਂ ਰੁਜ਼ਗਾਰ, ਵਿਕਾਸ ਤੇ ਕਿਸਾਨਾਂ ਦੇ ਕਰਜ਼ਿਆਂ ਬਾਰੇ ਸਵਾਲ ਪੁੱਛੇ ਜਾ ਰਹੇ ਹਨ। ਬੀਤੇ ਦਿਨੀਂ ਪਿੰਡ ਕੋਲਿਆਂਵਾਲੀ ਵਿੱਚ ਕਾਂਗਰਸ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸਵਾਲ ਪੁੱਛਣ ਤੋਂ ਤੈਸ਼ ਵਿੱਚ ਆਏ ਕਾਂਗਰਸੀਆਂ ਨੇ ਅੰਮ੍ਰਿਤਧਾਰੀ ਗੁਰਜੀਤ ਸਿੰਘ ਗੀਤੂ ਸਹਾਇਕ ਪ੍ਰੋਫੈਸਰ ਮਾਤਾ ਸਾਹਿਬ ਕੌਰ ਕਾਲਜ ਤਲਵੰਡੀ ਸਾਬੋ ਵਾਸੀ ਕੋਲਿਆਂਵਾਲੀ ਦੀ ਕੁੱਟਮਾਰ ਕਰ ਦਿੱਤੀ ਤੇ ਪੱਗ ਲਾਹ ਦਿੱਤੀ। ਜਾਣਕਾਰੀ ਅਨੁਸਾਰ ਕੈਪਟਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਗੁਟਕਾ ਹੱਥ ਵਿੱਚ ਫੜ ਕੇ ਚੁੱਕੀ ਸਹੁੰ 'ਤੇ ਸਹਾਇਕ ਪ੍ਰੋਫੈਸਰ ਦੇ ਤਿੱਖੇ ਸੁਆਲਾਂ ਵਿਚ ਦਿਨ ਚੜ੍ਹਦਿਆਂ ਸਾਰ ਕਾਂਗਰਸ ਉਮੀਦਵਾਰ ਰਾਜਾ ਵੜਿੰਗ ਘਿਰ ਗਏ। ਇਸ ਤੋਂ ਗੁੱਸਾ ਖਾ ਕੇ ਕਾਂਗਰਸੀਆਂ ਨੇ ਉਸ ਨੂੰ ਧੂਹ ਕੇ ਕੁਟਾਪਾ ਚਾੜ੍ਹਿਆ ਅਤੇ ਉਸ ਦੀ ਦਸਤਾਰ ਤਕ ਲਾਹ ਦਿੱਤੀ।

ਗੁਰਜੀਤ ਸਿੰਘ ਨੇ ਥਾਣਾ ਕਬਰਵਾਲਾ ਵਿਚ ਲਿਖਤੀ ਸ਼ਿਕਾਇਤ ਕਰਕੇ ਰਾਜਾ ਵੜਿੰਗ 'ਤੇ ਧੱਕਾ ਮਾਰਨ, ਕਾਂਗਰਸੀ ਵਰਕਰ ਬਲਵਿੰਦਰ ਸਿੰਘ, ਪੂਰਨ ਸਿੰਘ, ਤਰਲੋਕ ਸਿੰਘ, ਗੁਰਨਾਮ ਸਿੰਘ ਤੇ 6-7 ਅਣਪਛਾਤੇ ਲੋਕਾਂ ਖਿਲਾਫ਼ ਉਸ ਦੀ ਮਾਰਕੁੱਟ ਤੇ ਦਸਤਾਰ ਲਾਹੁਣ ਦੇ ਦੋਸ਼ਾਂ ਤਹਿਤ ਸ਼ਿਕਾਇਤ ਕੀਤੀ ਹੈ।

ਹੁਣੇ ਜਿਹੇ ਲੋਕ ਸਭਾ ਹਲਕਾ ਸੰਗਰੂਰ ਦੇ ਮੂਨਕ ਇਲਾਕੇ ਦੇ ਪਿੰਡ ਬੁਸ਼ੈਹਰਾ ਵਿਚ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਸੁਆਲ ਪੁੱਛਣ ਵਾਲੇ ਇੱਕ ਨੌਜਵਾਨ ਕੁਲਦੀਪ ਸਿੰਘ ਦੇ ਮੂੰਹ 'ਤੇ ਥੱਪੜ ਜੜ ਦਿੱਤਾ। ਕੁਲਦੀਪ ਸਿੰਘ ਨੇ ਸਵਾਲ ਪੁੱਛਿਆ ਕਿ ਕਾਂਗਰਸ ਸਰਕਾਰ ਨੇ 25 ਸਾਲਾਂ ਵਿਚ ਕੀ ਕੀਤਾ ਹੈ। ਪਿੰਡ ਬੁਸ਼ੈਹਰਾ ਵਿਚ ਹਲਕਾ ਸੰਗਰੂਰ ਤੋਂ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਸਮੇਤ ਚੋਣ ਪ੍ਰਚਾਰ ਕਰਨ ਪੁੱਜੇ ਸੀ। ਇਸ ਤੋਂ ਰੋਹ ਵਿਚ ਆਈ ਬੀਬੀ ਭੱਠਲ ਨੇ ਨੌਜਵਾਨ ਦੇ ਮੂੰਹ ਉਪਰ ਥੱਪੜ ਮਾਰ ਦਿੱਤਾ। ਇਸ ਮਗਰੋਂ ਸੁਰੱਖਿਆ ਕਰਮਚਾਰੀਆਂ ਦੇ ਘੇਰੇ ਵਿਚ ਬੀਬੀ ਭੱਠਲ ਉਥੋਂ ਚਲੇ ਗਏ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਘਟਨਾ ਬਾਰੇ ਕੁਲਦੀਪ ਸਿੰਘ ਨੇ ਕਿਹਾ ਕਿ ਉਸ ਵਲੋਂ ਵਿਕਾਸ ਕਾਰਜਾਂ ਬਾਰੇ ਸਵਾਲ ਕੀਤੇ ਜਾਣ 'ਤੇ ਬੀਬੀ ਭੱਠਲ ਨੇ ਉਸਦੇ ਥੱਪੜ ਮਾਰ ਦਿੱਤਾ। ਉਸ ਨੇ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਉਸ ਨੇ ਅਜਿਹਾ ਕੀ ਆਖ ਦਿੱਤਾ ਕਿ ਉਸ ਨੂੰ ਜ਼ਿੰਮੇਵਾਰ ਆਗੂ ਨੇ ਥੱਪੜ ਮਾਰਿਆ। ਉਸ ਨੇ ਤਾਂ ਪਿੰਡ ਦੇ ਵਿਕਾਸ ਲਈ ਸਵਾਲ ਕੀਤਾ ਸੀ।

ਇਸ ਸਬੰਧੀ ਬੀਬੀ ਭੱਠਲ ਦਾ ਕਹਿਣਾ ਹੈ ਕਿ ਸਵਾਲ ਪੁੱਛਣਾ ਹਰੇਕ ਦਾ ਹੱਕ ਹੈ ਪ੍ਰੰਤੂ ਕੁਝ ਲੋਕ ਜਾਣਬੁੱਝ ਕੇ ਸਮਾਗਮ ਵਿਚ ਮਾਹੌਲ ਖ਼ਰਾਬ ਕਰਨਾ ਚਾਹੁੰਦੇ ਹਨ। ਇਹ ਤਾਂ ਆਪ ਦਾ ਏਜੰਟ ਹੈ ਤੇ ਕਾਂਗਰਸ ਦੀ ਮੁਹਿੰਮ ਖਰਾਬ ਕਰਨ ਆਇਆ ਸੀ। ਆਮ ਆਦਮੀ ਪਾਰਟੀ ਬੌਖਲਾਹਟ ਵਿਚ ਆ ਕੇ ਨੌਜਵਾਨਾਂ ਤੋਂ ਅਜਿਹੀਆਂ ਘਟੀਆ ਹਰਕਤਾਂ ਕਰਵਾ ਰਹੀ ਹੈ। ਦੂਜੇ ਪਾਸੇ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਇਸ ਘਟਨਾ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਕਿਹਾ ਹੈ ਕਿ ਥੱਪੜ ਮਾਰਨ ਦੀ ਬਜਾਏ ਬੀਬੀ ਭੱਠਲ ਨੂੰ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਸੀ। ਸਵਾਲਾਂ ਤੋਂ ਘਬਰਾ ਕੇ ਭੱਜਣਾ ਚੰਗੀ ਗੱਲ ਨਹੀਂ ਹੈ ਤੇ ਨਾ ਹੀ ਸਾਡੀ ਪਾਰਟੀ 'ਤੇ ਝੂਠ ਥੱਪਣਾ ਨੈਤਿਕਤਾ ਵਾਲੀ ਗੱਲ ਹੈ।

## ਪੰਜਾਬ ਦੇ ਅਹਿਮ ਮੁੱਦਿਆਂ ਤੋਂ ਸੱਖਣੀਆਂ ਹਨ ਲੋਕ ਸਭਾ ਚੋਣਾਂ

ਵਾਰ ਸੂਬੇ ਨਾਲ ਜੁੜੇ ਇਨ੍ਹਾਂ ਮੁੱਦਿਆਂ ਨੂੰ ਦਰ-ਕਿਨਾਰ ਕਰ ਦਿੱਤਾ ਗਿਆ ਹੈ। ਇਸ ਦੀ ਥਾਂ ਬੇਅਦਬੀ ਤੇ ਗੁਟਕਾ ਸਾਹਿਬ ਦੀ ਸਹੁੰ ਵਰਗੇ ਮੁੱਦੇ ਹਾਵੀ ਹੋ ਗਏ ਹਨ। ਇਸ ਤੋਂ ਇਲਾਵਾ ਨਿੱਜੀ ਦੂਸ਼ਣਬਾਜ਼ੀ ਨੂੰ ਵੀ ਪ੍ਰਚਾਰ ਦਾ ਹਥਿਆਰ ਬਣਾਇਆ ਜਾ ਰਿਹਾ ਹੈ।

ਰਵਾਇਤੀ ਪਾਰਟੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਆਪ ਨੂੰ ਪੰਜਾਬ ਦਾ ਹਿਤੈਸ਼ੀ ਦੱਸ ਕੇ ਸੂਬੇ ਨਾਲ ਸਬੰਧਿਤ ਮੁੱਦਿਆਂ ਨੂੰ ਹੱਲ ਕਰਵਾਉਣ ਲਈ ਦਮਗਜ਼ੇ ਮਾਰੇ ਜਾਂਦੇ ਰਹੇ ਹਨ। ਇਸ ਵਾਰ ਪਾਣੀਆਂ ਦਾ ਰਾਖਾ ਅਖਵਾਉਂਦੇ 'ਕੈਪਟਨ' ਅਤੇ ਪੰਜਾਬ ਦੇ ਰਾਖੇ 'ਬਾਦਲਾਂ' ਵੱਲੋਂ ਇਨ੍ਹਾਂ ਮੁੱਦਿਆਂ ਤੋਂ ਕਿਨਾਰਾ ਕਰ ਲਿਆ ਗਿਆ ਹੈ। ਅਕਾਲੀ ਦਲ ਪੰਥ ਅਤੇ ਪੰਜਾਬ ਦੇ ਨਾਂ 'ਤੇ ਚੋਣਾਂ ਲੜਨ ਦੀ ਥਾਂ ਰਾਸ਼ਟਰਵਾਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ 'ਤੇ ਲੜਦਾ ਦਿਖ ਰਿਹਾ ਹੈ।

ਕਾਂਗਰਸ ਨੇ ਬੇਅਦਬੀ ਕਾਂਡ ਨੂੰ ਹੀ ਮੁੱਦਾ ਬਣਾ ਕੇ ਅਕਾਲੀਆਂ ਨੂੰ ਘੇਰਨ ਦੀ ਯੋਜਨਾ ਬਣਾਈ ਹੈ। ਇਨ੍ਹਾਂ ਮੁੱਦਿਆਂ ਤੋਂ ਆਮ ਆਦਮੀ ਪਾਰਟੀ ਅਤੇ ਪੰਜਾਬ ਜਮਹੂਰੀ ਗੱਠਜੋੜ ਨੇ ਵੀ ਕਿਨਾਰਾ ਕੀਤਾ ਹੋਇਆ ਹੈ। ਹਰ ਵਾਰ ਸਿਰਫ਼ ਚੋਣਾਂ ਸਮੇਂ ਹੀ ਵਗਣ ਵਾਲੀ ਐੱਸਵਾਈਐੱਲ ਨਹਿਰ ਵੀ ਇਸ ਵਾਰ ਚੋਣ ਮੁੱਦਾ ਨਾ ਬਣ ਸਕੀ। ਸੰਸਦ ਮੈਂਬਰ ਧਰਮਵੀਰ ਗਾਂਧੀ ਤੋਂ ਇਲਾਵਾ ਸੰਸਦ ਵਿਚ ਕਿਸੇ ਹੋਰ ਐੱਮਪੀ ਨੇ ਇਹ ਮੁੱਦਾ ਗੰਭੀਰਤਾ ਨਾਲ ਨਹੀਂ ਉਠਾਇਆ।

### ਅਕਾਲੀ ਦਲ ਬਾਦਲ ਪੰਥਕ ਮੁੱਦਿਆਂ 'ਤੇ ਘਿਰਿਆ

ਜਿੱਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਸਬੰਧ ਹੈ, ਇਹ ਪਾਰਟੀ ਵਿਧਾਨ ਸਭਾ ਚੋਣਾਂ ਵੇਲੇ ਤੋਂ ਹੀ ਆਪਣੇ ਸਭ ਤੋਂ ਬੁਰੇ ਦੌਰ ਵਿੱਚੋਂ ਲੰਘ ਰਹੀ ਹੈ। ਆਪਣੇ ਲੰਮੇ ਰਾਜਨੀਤਕ ਜੀਵਨ ਦੌਰਾਨ ਇਸ ਪਾਰਟੀ ਨੇ ਸਿਆਸਤ ਤੇ ਧਰਮ ਨੂੰ ਜੋੜ ਕੇ ਹੀ ਆਪਣੀ ਰਾਜਨੀਤੀ ਚਲਾਈ ਸੀ। ਇਹੋ ਰਾਜਨੀਤੀ ਹੀ ਅੱਜ ਉਸ ਲਈ ਜੀਅ ਦਾ ਜੰਜਾਲ ਬਣ ਚੁੱਕੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਇਸੇ ਦੌਰਾਨ ਸਰਸੇ ਵਾਲੇ ਸਾਧ ਨੂੰ ਮੁਆਫ਼ੀ ਦੇਣ ਦੇ ਮੁੱਦੇ ਨੇ ਇਸ ਪਾਰਟੀ ਦਾ ਅਕਸ ਆਮ ਸਿੱਖ ਜਨਤਾ ਵਿੱਚ ਧੁੰਦਲਾ ਕਰ ਦਿੱਤਾ ਹੈ। ਇਨ੍ਹਾਂ ਘਟਨਾਵਾਂ ਨੇ ਇੱਕ ਪਾਸੇ ਤਾਂ ਪੰਥਕ ਜਥੇਬੰਦੀਆਂ ਨੂੰ ਬਰਗਾੜੀ ਮੋਰਚੇ ਦੇ ਨਾਂਅ ਉੱਤੇ ਇੱਕ ਸਾਂਝਾ ਮੰਚ ਮੁਹੱਈਆ ਕਰਵਾ ਦਿੱਤਾ ਤੇ ਦੂਜੇ ਪਾਸੇ ਬਹੁਤ ਸਾਰੇ ਟਕਸਾਲੀ ਅਕਾਲੀਆਂ ਨੂੰ ਬਗਾਵਤ ਦੇ ਰਾਹ ਤੋਰ ਦਿੱਤਾ। ਹਾਲਤ ਇਹ ਬਣ ਗਏ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਥਾਨਕ ਉਮੀਦਵਾਰ ਲੱਭਣੇ ਵੀ ਔਖੇ ਹੋ ਗਏ। ਫ਼ਰੀਦਕੋਟ ਹਲਕੇ ਵਿੱਚ ਗੁਲਜ਼ਾਰ ਸਿੰਘ ਰਣੀਕੇ ਨੂੰ ਅੰਮ੍ਰਿਤਸਰੋਂ ਲਿਆ ਕੇ ਖੜਾ ਕੀਤਾ ਗਿਆ। ਜਲੰਧਰ ਹਲਕੇ ਲਈ ਚਰਨਜੀਤ ਸਿੰਘ ਅਟਵਾਲ ਨੂੰ ਲੁਧਿਆਣੇ ਤੋਂ ਲਿਆਂਦਾ ਗਿਆ। ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ ਨੂੰ ਭੁਲੱਥ ਹਲਕੇ ਤੋਂ ਲਿਆ ਕੇ ਉਮੀਦਵਾਰ ਬਣਾਇਆ ਗਿਆ। ਫਿਰੋਜ਼ਪੁਰ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖੁਦ ਖੜਾ ਹੋਣਾ ਪਿਆ। ਇਹੋ ਹਾਲ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਰਤੀ ਜਨਤਾ ਪਾਰਟੀ ਦਾ ਹੈ। ਅੰਮ੍ਰਿਤਸਰ ਸੀਟ ਲਈ ਉਨ੍ਹਾਂ ਨੂੰ ਹਰਦੀਪ ਸਿੰਘ ਪੁਰੀ ਨੂੰ ਦਿੱਲੀਓਂ ਲਿਆਉਣਾ ਪਿਆ ਅਤੇ ਗੁਰਦਾਸਪੁਰ ਲਈ ਉਨ੍ਹਾਂ ਫ਼ਿਲਮ ਸਟਾਰ ਸੰਨੀ ਦਿਓਲ ਉੱਤੇ ਦਾਅ ਖੇਡਿਆ ਹੈ। ਇਸ ਗੱਠਜੋੜ ਨੂੰ ਹੋਰਨਾਂ ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਬਰਗਾੜੀ ਮੋਰਚੇ ਵਾਲਿਆਂ ਧਿਰਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਜਿਨ੍ਹਾਂ ਦਾ ਮੁੱਖ ਨਿਸ਼ਾਨਾ ਸ਼੍ਰੋਮਣੀ ਕਮੇਟੀ ਉੱਤੋਂ ਬਾਦਲ ਦਲ ਦਾ ਕਬਜ਼ਾ ਖਤਮ ਕਰਕੇ ਸਿੱਖ ਸਿਆਸਤ ਵਿੱਚ ਆਪਣਾ ਅਧਾਰ ਕਾਇਮ ਕਰਨਾ ਹੈ।

### ਬੇਅਦਬੀ ਕਾਂਡ ਬਾਦਲਾਂ ਦੀ ਸਿਰਦਰਦੀ

ਬਹਿਬਲ ਕਲਾਂ ਤੇ ਕਪੂਰਥਲਾ ਦੇ ਬੱਤੀਆਂ ਵਾਲਾ ਚੌਕ ਵਿਚ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਕਾਰਵਾਈ ਦੀ ਮੰਗ ਲੈ ਕੇ ਸ਼ਾਂਤਮਈ ਰੋਸ ਧਰਨੇ ਉੱਤੇ ਬੈਠੀ ਸੰਗਤ 'ਤੇ ਪੁਲੀਸ ਵੱਲੋਂ ਗੋਲੀਆਂ ਚਲਾਉਣ ਕਾਰਨ ਦੋ ਸਿੱਖ ਸ਼ਹੀਦ ਹੋ ਗਏ ਸਨ। ਇਸ ਸਥਾਨ ਤੋਂ ਮੁਤਵਾਜ਼ੀ ਜਥੇਦਾਰ ਧਿਆਨ ਮੰਡ ਨੇ ਰੋਸ ਮਾਰਚ ਦੀ ਸ਼ੁਰੂਆਤ ਕੀਤੀ। ਇਹ ਰੋਸ ਮਾਰਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪਹੁੰਚ ਕੇ ਅਰਦਾਸ ਕਰਨ ਉਪਰੰਤ ਸਮਾਪਤ ਹੋਇਆ।

ਰੋਸ ਮਾਰਚ ਦੇ ਪ੍ਰਬੰਧਕਾਂ ਵੱਲੋਂ ਵਾਰ-ਵਾਰ ਵੋਟਰਾਂ ਨੂੰ ਅਪੀਲ ਕੀਤੀ ਜਾ ਰਹੀ ਸੀ ਕਿ ਉਹ ਆਪਣਾ ਵੋਟ ਇਨ੍ਹਾਂ ਚੋਣਾਂ ਵਿੱਚ 'ਬਾਦਲਾਂ' ਨੂੰ ਨਾ ਪਾਉਣ, ਕਿਉਂਕਿ ਬਾਦਲਾਂ ਦੇ ਟੱਬਰ ਨੇ ਗੁਰੂ ਗ੍ਰੰਥ ਸਾਹਿਬ ਦੀ ਕਥਿਤ ਬੇਅਦਬੀ ਕਰਵਾਈ ਹੈ। ਇਸੇ ਤਰ੍ਹਾਂ ਸਿੱਖ ਤਾਲਮੇਲ ਮਿਸ਼ਨ ਨੇ ਪੰਜਾਬ ਦੇ ਵੋਟਰਾਂ ਨੂੰ ਚੋਣਾਂ ਵਿੱਚ ਅਕਾਲੀ-ਭਾਜਪਾ ਗੱਠਜੋੜ ਦਾ ਸਫ਼ਾਇਆ ਕਰਨ ਦੀ ਅਪੀਲ ਕੀਤੀ ਹੈ।

ਸਰਬੱਤ ਖਾਲਸਾ ਨਾਲ ਸਬੰਧਿਤ ਪੰਥਕ ਜਥੇਬੰਦੀਆਂ ਵਲੋਂ ਕਿਸਾਨ ਅਤੇ ਹੋਰ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਅਕਾਲੀ ਦਲ ਬਾਦਲ ਨੂੰ ਹਰਾਉਣ ਲਈ ਰਣਨੀਤੀ ਬਣਾਈ ਗਈ ਹੈ। ਪੰਥਕ ਧਿਰਾਂ ਵਲੋਂ ਬਣਾਏ ਸਾਂਝੇ ਫਰੰਟ ਵਲੋਂ ਬਰਗਾੜੀ ਤੋਂ ਪਿੰਡ ਬਾਦਲ ਅਤੇ 10 ਮਈ ਨੂੰ ਫ਼ਿਰੋਜ਼ਪੁਰ ਤੋਂ ਜਲਾਲਾਬਾਦ ਤੱਕ ਵੱਡਾ ਰੋਸ ਮਾਰਚ ਕਰਕੇ ਅਕਾਲੀ ਦਲ ਬਾਦਲ ਵਿਸ਼ੇਸ਼ ਕਰਕੇ ਬਾਦਲ ਪਰਿਵਾਰ ਨੂੰ ਹਰਾਉਣ ਦਾ ਸੱਦਾ ਦਿੱਤਾ ਜਾ ਰਿਹਾ ਹੈ।

### 'ਆਪ' ਦੀ ਮੁਹਿੰਮ ਠੰਡੀ

ਆਮ ਆਦਮੀ ਪਾਰਟੀ ਪੰਜਾਬ ਵਿੱਚ ਜਿਸ ਤੇਜ਼ੀ ਨਾਲ ਉਭਰੀ ਸੀ, ਉਹ ਉਸ ਤੋਂ ਵੱਧ ਤੇਜ਼ੀ ਨਾਲ ਨੀਵਾਣਾਂ ਛੂਹ ਰਹੀ ਹੈ। ਪਹਿਲਾਂ ਜਿੱਤੇ ਚਾਰ ਸੰਸਦ ਮੈਂਬਰਾਂ ਵਿੱਚੋਂ ਦੋ ਬਾਗੀ ਹੋ ਗਏ, ਫਿਰ 20 ਵਿਧਾਇਕਾਂ ਤੋਂ ਅੱਧੀ ਦਰਜਨ ਵਿਧਾਇਕਾਂ ਨੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿੱਚ ਨਵੀਂ ਪਾਰਟੀ ਬਣਾ ਲਈ। ਹਰਵਿੰਦਰ ਸਿੰਘ ਫੂਲਕਾ ਨੇ ਵਿਧਾਇਕੀ ਤੋਂ ਅਸਤੀਫ਼ਾ ਦੇ ਕੇ ਵੱਖਰਾ ਰਾਹ ਫੜ ਲਿਆ। ਹੁਣ ਚਲਦੇ ਚੋਣ ਯੁੱਧ ਦੌਰਾਨ ਦੋ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਤੇ ਅਮਰਜੀਤ ਸਿੰਘ ਸੰਦੋਆ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਅਜਿਹੀ ਹਾਲਤ ਵਿੱਚ ਇਹ ਆਸ ਰੱਖਣੀ ਕਿ ਆਮ ਆਦਮੀ ਪਾਰਟੀ ਆਪਣੀ ਪਹਿਲਾਂ ਵਾਲੀ ਚੜ੍ਹਤ ਕਾਇਮ ਰੱਖ ਸਕੇਗੀ, ਸੰਭਵ ਨਹੀਂ ਲੱਗਦਾ।

ਇਸ ਚੋਣ ਯੁੱਧ ਵਿੱਚ ਤੀਜੀ ਧਿਰ ਹੈ ਸੱਤ ਪਾਰਟੀਆਂ ਦਾ ਪੰਜਾਬ ਜਮਹੂਰੀ ਗੱਠਜੋੜ। ਇਸ ਵਿੱਚ ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ, ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ, ਬਹੁਜਨ ਸਮਾਜ ਪਾਰਟੀ, ਡਾ. ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ, ਸੀਪੀਆਈ, ਆਰਐੱਮਪੀਆਈ ਅਤੇ ਐੱਮਸੀਪੀਆਈ ਸ਼ਾਮਲ ਹਨ। ਇਨ੍ਹਾਂ ਪਾਰਟੀਆਂ ਦਾ ਆਪਣੇ-ਆਪਣੇ ਖੇਤਰਾਂ ਤੇ ਤਬਕਿਆਂ ਵਿੱਚ ਚੰਗਾ ਪ੍ਰਭਾਵ ਹੈ। ਇਹ ਪਾਰਟੀਆਂ ਲੋਕ ਮੁੱਦਿਆਂ 'ਤੇ ਆਧਾਰਿਤ ਸਾਂਝੇ ਪ੍ਰੋਗਰਾਮ ਉੱਤੇ ਚੋਣ ਲੜ ਰਹੀਆਂ ਹਨ। ਆਉਣ ਵਾਲੇ 10 ਦਿਨਾਂ ਅੰਦਰ ਜੇਕਰ ਇਸ ਗੱਠਜੋੜ ਦੇ ਆਗੂ ਆਪਣਾ ਪ੍ਰਚਾਰ ਪਿੰਡ ਤੋਂ ਮੁਹੱਲੇ ਪੱਧਰ ਉੱਤੇ ਲੈ ਜਾਂਦੇ ਹਨ ਤਾਂ ਇਹ ਇਸ ਦੀ ਵੱਡੀ ਪ੍ਰਾਪਤੀ ਹੋਵੇਗੀ।

### ਦੱਸਿਆ ਜਾ ਰਿਹਾ ਮੈਚ ਫਿਕਸ

ਤਿੰਨ ਔਰਤਾਂ ਨੂੰ ਜਿਤਾਉਣ ਲਈ ਵੱਡੇ ਵੱਡਿਆਂ ਦਾ ਜ਼ੋਰ ਲੱਗਾ ਹੋਇਆ ਹੈ। ਸਿਆਸੀ ਮਾਹਿਰ ਦੋ ਬੀਬੀਆਂ ਲਈ ਮੈਚ 'ਫਿਕਸ' ਦੱਸ ਰਹੇ ਹਨ। ਮਾਹਿਰ ਕਹਿ ਰਹੇ ਹਨ ਕਿ ਪਟਿਆਲਿਓਂ ਪ੍ਰਨੀਤ ਕੌਰ ਲਈ ਤੇ ਬਠਿੰਡਿਓਂ ਹਰਸਿਮਰਤ ਕੌਰ ਵਾਸਤੇ 'ਕੁਰਬਾਨੀ' ਤੈਅ ਹੈ। ਬੀਬੀ ਖਾਲੜਾ ਲਈ ਖਹਿਰਾ, ਟਕਸਾਲੀ ਤੇ ਪੰਜਾਬ ਡੈਮੋਕਰੈਟਿਕ ਅਲਾਇੰਸ ਦੇ ਹਿੱਸੇਦਾਰਾਂ ਸਮੇਤ ਪੰਥਕ ਧਿਰਾਂ ਸਰਗਰਮ ਹਨ। ਕੁਝ ਵੀ ਵਾਪਰ ਸਕਦਾ ਹੈ। ਅਕਾਲੀ ਦਲ ਦੀ ਮੁੱਛ ਦਾ ਸਵਾਲ ਦੋ ਸੀਟਾਂ ਹਨ। ਦੋਵੇਂ ਬਾਦਲ ਪਤੀ-ਪਤਨੀ ਕੋਲ ਹਨ। ਅਰਥਾਤ ਫਿਰੋਜ਼ਪੁਰ ਤੋਂ ਸੁਖਬੀਰ ਸਿੰਘ ਬਾਦਲ ਤੇ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਉਮੀਦਵਾਰ ਹਨ। ਦੱਸਿਆ ਜਾ ਰਿਹਾ ਹੈ ਕਿ ਸਿਆਸੀ ਮੈਚ ਫਿਕਸ ਕਾਰਨ ਦੋਵਾਂ ਦੇ ਜਿੱਤਣ ਦੀ ਸੰਭਾਵਨਾ ਬਣੀ ਹੋਈ ਹੈ। ਜਿਵੇਂ ਹਾਲ ਦੀ ਘੜੀ 'ਆਪ' ਤੇਰ੍ਹਾਂ ਵਿੱਚੋਂ ਇੱਕ ਸੀਟ ਸੰਗਰੂਰ ਤੱਕ ਸਿਮਟੀ ਨਜ਼ਰ ਆ ਰਹੀ ਹੈ, ਉਵੇਂ ਅਕਾਲੀ ਦਲ ਦੋ ਸੀਟਾਂ, ਫਿਰੋਜ਼ਪੁਰ ਤੇ ਬਠਿੰਡੇ ਤੱਕ ਸਿਮਟਿਆ ਪਿਆ ਹੈ। ਡੈਮੋਕਰੇਟਿਕ ਅਲਾਇੰਸ ਦੀ ਪ੍ਰਮੁੱਖ ਟੱਕਰ ਪੰਜ ਸੀਟਾਂ ਖਡੂਰ ਸਾਹਿਬ, ਲੁਧਿਆਣਾ, ਜਲੰਧਰ, ਪਟਿਆਲਾ ਤੇ ਫਤਹਿਗੜ੍ਹ ਉੱਤੇ ਹੋ ਰਹੀ ਹੈ।

### ਪੰਜਾਬ ਵਿਚ ਔਰਤਾਂ ਦੀ ਦਾਅਵੇਦਾਰੀ ਘੱਟ

ਔਰਤਾਂ ਦੇ ਹੱਕਾਂ ਦਾ ਹੋਕਾ ਦੇਣ ਵਾਲੀਆਂ ਸਿਆਸੀ ਪਾਰਟੀਆਂ ਟਿਕਟਾਂ ਦੀ ਵੰਡ ਵੇਲੇ ਔਰਤਾਂ ਦੀ ਉਮੀਦਵਾਰੀ ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ। ਇਸ ਵਾਰ ਵੀ ਸੂਬੇ ਵਿਚ ਤਿੰਨਾਂ ਪ੍ਰਮੁੱਖ ਸਿਆਸੀ ਦਲਾਂ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਗਿਣਤੀ ਦੀਆਂ ਔਰਤਾਂ ਨੂੰ ਹੀ ਉਮੀਦਵਾਰ ਬਣਾਇਆ ਹੈ।

ਲੋਕ ਸਭਾ ਹਲਕਾ ਸੰਗਰੂਰ ਇਸ ਮਾਮਲੇ ਵਿਚ ਬਹੁਤਾ ਬਦਕਿਸਮਤ ਰਿਹਾ ਹੈ। ਇਸ ਹਲਕੇ ਵਿਚ ਹੁਣ ਤਕ ਸ਼੍ਰੋਮਣੀ ਅਕਾਲੀ ਦਲ ਨੇ 1967 ਵਿਚ ਨਿਰਲੇਪ ਕੌਰ ਨੂੰ ਉਮੀਦਵਾਰ ਬਣਾਇਆ ਸੀ। ਉਹ ਕਾਂਗਰਸ ਦੇ ਰਣਜੀਤ ਸਿੰਘ ਨੂੰ ਹਰਾ ਕੇ ਸੰਸਦ ਮੈਂਬਰ ਵੀ ਬਣ ਗਏ ਸਨ। ਇਸ ਤੋਂ ਬਾਅਦ ਪੰਜ ਦਹਾਕਿਆਂ ਤਕ ਸ਼੍ਰੋਮਣੀ ਅਕਾਲੀ ਦਲ ਨੇ ਕਿਸੇ ਵੀ ਔਰਤ ਨੂੰ ਇਸ ਹਲਕੇ ਤੋਂ ਉਮੀਦਵਾਰ ਨਹੀਂ ਬਣਾਇਆ। ਕਾਂਗਰਸ ਪਾਰਟੀ ਦਾ ਰਿਕਾਰਡ ਤਾਂ ਹੋਰ ਵੀ ਮੰਦਭਾਗਾ ਹੈ। ਔਰਤਾਂ ਦੇ ਹੱਕਾਂ ਦੀ ਰਾਖੀ ਦਾ ਹੋਕਾ ਦੇਣ ਵਾਲੀ ਕਾਂਗਰਸ ਨੇ ਹੁਣ ਤਕ ਕਦੇ ਵੀ ਇਸ ਹਲਕੇ ਤੋਂ ਕਿਸੇ ਔਰਤ ਨੂੰ ਉਮੀਦਵਾਰੀ ਦੇ ਯੋਗ ਨਹੀਂ ਸਮਝਿਆ। ਇਸ ਵਾਰ ਵੀ ਕਾਂਗਰਸ ਵੱਲੋਂ ਇਸ ਹਲਕੇ ਤੋਂ ਟਿਕਟ ਲਈ ਬੀਬੀ ਭੱਠਲ ਨੇ ਦਾਅਵੇਦਾਰੀ ਠੋਕੀ ਸੀ ਪਰ ਪਾਰਟੀ ਨੇ ਕੇਵਲ ਸਿੰਘ ਢਿੱਲੋਂ ਨੂੰ ਉਮੀਦਵਾਰ ਬਣਾਇਆ।

ਆਮ ਆਦਮੀ ਪਾਰਟੀ ਵੱਲੋਂ ਇਹ ਹਲਕਾ ਭਗਵੰਤ ਮਾਨ ਲਈ ਹੀ ਰਾਖਵਾਂ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਅ), ਬਹੁਜਨ ਸਮਾਜ ਪਾਰਟੀ ਅਤੇ ਖੱਬੇ ਪੱਖੀ ਧਿਰਾਂ ਨੇ ਵੀ ਕਿਸੇ ਔਰਤ ਨੂੰ ਕਦੇ ਟਿਕਟ ਨਹੀਂ ਦਿੱਤੀ।

ਦੂਜੇ ਪਾਸੇ ਹਿੰਦੋਸਤਾਨ ਸ਼ਕਤੀ ਪਾਰਟੀ ਵੱਲੋਂ ਰਾਜਵੀਰ ਕੌਰ, ਰਾਸ਼ਟਰੀ ਸਹਾਰਾ ਪਾਰਟੀ ਵੱਲੋਂ ਨਾਜੀਆ ਬੇਗ਼ਮ ਅਤੇ ਬਲਜੀਤ ਕੌਰ ਖ਼ਾਲਸਾ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੀਆਂ ਹਨ। ਇਸ ਵਾਰ ਸੂਬੇ ਦੀਆਂ ਕੁੱਲ 13 ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ 2, ਕਾਂਗਰਸ ਨੇ ਸਿਰਫ਼ 1, ਆਪ ਵੱਲੋਂ 2, ਪੀਡੀਏ ਵੱਲੋਂ 2 ਅਤੇ ਭਾਜਪਾ ਨੇ ਕਿਸੇ ਵੀ ਔਰਤ ਨੂੰ ਟਿਕਟ ਨਾ ਦੇ ਕੇ 33 ਫ਼ੀਸਦੀ ਭਾਗੀਦਾਰੀ ਦਾ ਮਜ਼ਾਕ ਉਡਾਇਆ ਹੈ।

### ਕਿਹੜੀਆਂ ਹਨ ਹੌਟ ਸੀਟਾਂ

ਪੰਜਾਬ ਦੀਆਂ 13 ਸੀਟਾਂ ਵਿੱਚੋਂ ਪੰਜ ਸੀਟਾਂ 'ਤੇ ਵੀਵੀਆਈਪੀ ਸ਼ਖ਼ਸੀਅਤਾਂ ਚੋਣਾਂ ਲੜ ਰਹੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀ ਮੁੱਖ ਸੀਟ ਬਠਿੰਡਾ ਹੈ, ਜਿੱਥੋਂ ਅਕਾਲੀ ਦਲ ਦੀ ਮੌਜੂਦਾ ਸਾਂਸਦ ਹਰਸਿਮਰਤ ਕੌਰ ਬਾਦਲ ਨੂੰ ਤਿੰਨ ਮੌਜੂਦਾ ਵਿਧਾਇਕ ਰਾਜਾ ਵੜਿੰਗ (ਕਾਂਗਰਸ), ਬਲਜਿੰਦਰ ਕੌਰ (ਆਪ) ਤੇ ਸੁਖਪਾਲ ਸਿੰਘ ਖਹਿਰਾ (ਪੰਜਾਬ ਜਮਹੂਰੀ ਗਠਜੋੜ) ਚੁਣੌਤੀ ਦੇ ਰਹੇ ਹਨ।

ਦੂਜੀ ਸੀਟ ਫਿਰੋਜ਼ਪੁਰ ਹੈ। ਇੱਥੇ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੂੰ ਅਕਾਲੀ ਦਲ ਦੇ ਸਾਬਕਾ ਸੀਨੀਅਰ ਲੀਡਰ ਤੇ ਦੋ ਵਾਰ ਇਸੇ ਸੀਟ ਤੋਂ ਸਾਂਸਦ ਰਹੇ ਸ਼ੇਰ ਸਿੰਘ ਘੁਬਾਇਆ ਚੁਣੌਤੀ ਦੇ ਰਹੇ ਹਨ। ਇਸ ਸੀਟ 'ਤੇ ਬੀਤੇ 25 ਸਾਲਾਂ ਤੋਂ ਅਕਾਲੀਆਂ ਦਾ ਹੀ ਕਬਜ਼ਾ ਰਿਹਾ ਹੈ। ਇਸ ਵਾਰ ਮੁਕਾਬਲਾ ਹੀ ਦੋ ਅਕਾਲੀਆਂ (ਇਕ ਸਾਬਕਾ) ਵਿੱਚ ਹੋ ਰਿਹਾ ਹੈ ਜੋ ਬੇਹੱਦ ਸਖ਼ਤ ਤੇ ਦਿਲਚਸਪ ਰਹੇਗਾ।

ਤੀਜੀ ਅਹਿਮ ਸੀਟ ਸੰਗਰੂਰ ਹੈ ਜਿੱਥੇ ਆਪ ਦੇ ਸੂਬਾ ਪ੍ਰਧਾਨ ਤੇ ਮੌਜੂਦਾ ਸਾਂਸਦ ਭਗਵੰਤ ਮਾਨ ਨੂੰ ਕਾਂਗਰਸ ਦੇ ਸਭ ਤੋਂ ਅਮੀਰ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੇ ਅਕਾਲੀਆਂ ਵੱਲੋਂ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਚੁਣੌਤੀ ਦੇ ਰਹੇ ਹਨ। ਇਹ ਸੀਟ ਭਗਵੰਤ ਮਾਨ ਦੇ ਨਾਲ-ਨਾਲ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਵਜੂਦ ਦਾ ਵੀ ਫੈਸਲਾ ਕਰੇਗੀ।

ਚੌਥੀ ਹੌਟ ਸੀਟ ਗੁਰਦਾਸਪੁਰ ਹੈ। ਇੱਥੇ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਬੀਜੇਪੀ ਉਮੀਦਵਾਰ ਤੇ ਫਿਲਮ ਅਦਾਕਾਰ ਸੰਨੀ ਦਿਓਲ ਚੋਣ ਅਖਾੜੇ ਵਿੱਚ ਹਨ। ਸੰਨੀ ਦੇ ਆਉਣ ਨਾਲ ਮੁਕਾਬਲਾ ਕਾਫੀ ਰੋਮਾਂਚਕ ਹੋ ਗਿਆ ਹੈ। ਪੰਜਵੀਂ ਤੇ ਆਖ਼ਰੀ ਸੀਟ ਸ਼ਾਹੀ ਸ਼ਹਿਰ ਪਟਿਆਲਾ ਹੈ ਜਿੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਦਾ ਮੁਕਾਬਲਾ ਅਕਾਲੀ ਉਮੀਦਵਾਰ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨਾਲ ਹੋਏਗਾ।

## ਅਪਾਹਜ ਮਾਨਸਿਕਤਾ ਦਾ ਝਲਕਾਰਾ ਪੇਸ਼ ਕਰ ਰਹੀ ਹੈ ਪੰਜਾਬ ਸਿਆਸਤ

ਵਾਲਿਆਂ ਹੇਠੋਂ ਖਿੱਚ ਕੇ ਅਕਾਲੀ ਦਲ ਹੇਠ ਧਰ ਦਿੱਤੀਆਂ ਜਾਣ ਪਰ ਸੋਚਣਾ ਇਹ ਬਣਦੈ ਕਿ ਇਹਨਾਂ ਸਿਆਸੀ ਤਿਕੜਮਬਾਜ਼ੀਆਂ ਦਾ ਪੰਜਾਬ ਦੇ ਆਮ ਲੋਕਾਂ ਨੂੰ ਕੀ ਫਾਇਦਾ ਹੋਇਆ? ਬੇਸ਼ੱਕ ਪੰਜਾਬ ਦਾ ਮੁੱਖ ਮੰਤਰੀ ਆਮ ਆਦਮੀ ਪਾਰਟੀ ਸਮੇਤ ਬਾਕੀ ਪਾਰਟੀਆਂ ਦੇ ਵਿਧਾਇਕਾਂ ਨੂੰ ਵੀ ਕਾਂਗਰਸ ਵਿੱਚ ਸ਼ਾਮਿਲ ਕਰ ਲਵੇ, ਪਰ "ਕੱਟੇ ਨੂੰ ਮਣ ਦੁੱਧ ਦਾ ਕੀ ਭਾਅ"? ਇੱਕ ਪਾਸੇ ਕਾਂਗਰਸ ਸਰਕਾਰ ਵੱਲੋਂ ਹੁਣ ਤੱਕ ਖ਼ਜ਼ਾਨਾ ਖਾਲੀ ਕਰਨ ਦੇ ਦੋਸ਼ ਅਕਾਲੀਆਂ ਸਿਰ ਮੜ੍ਹੇ ਜਾਂਦੇ ਰਹੇ ਹਨ, ਪਰ ਸਵਾਲ ਇਹ ਹੈ ਕਿ ਦੂਜੀਆਂ ਪਾਰਟੀਆਂ 'ਚੋਂ ਪੁੱਟ ਕੇ ਲਿਆਂਦੇ ਵਿਧਾਇਕ ਅਜਿਹੀਆਂ ਕਿਹੜੀਆਂ ਸੋਨੇ ਦੇ ਅੰਡੇ ਦੇਣ ਵਾਲੀਆਂ ਮੁਰਗੀਆਂ ਹਨ ਕਿ ਰਾਤੋ ਰਾਤ ਖ਼ਜ਼ਾਨਾ ਭਰ ਦੇਣਗੀਆਂ? ਮੁੱਖ ਮੰਤਰੀ ਪੰਜਾਬ ਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਤਾਂ ਉਹਨਾਂ ਦੇ ਵਿਧਾਨ ਸਭਾ ਚੋਣਾਂ ਵੇਲੇ ਗੁਟਕਾ ਸਾਹਿਬ ਦੀ ਸਹੁੰ ਖਾਣ ਵਾਲੇ ਵਾਅਦਿਆਂ ਨੂੰ ਵੀ ਗੱਪਾਂ ਦਾ ਨਾਮ ਦੇ ਰਹੇ ਹਨ, ਫਿਰ ਇਹਨਾਂ ਦਲ-ਬਦਲੂ ਵਿਧਾਇਕਾਂ ਨੂੰ ਕਿਹੜਾ ਲਾਲੀਪੌਪ ਦਿੱਤਾ ਹੋਵੇਗਾ? ਆਉਣ ਵਾਲੀਆਂ ਚੋਣਾਂ ਵੇਲੇ ਵਾਅਦਿਆਂ ਤੇ ਸ਼ਰਤਾਂ ਨਾਲ ਭਰਮਾਏ ਜਾਂ ਆਏ ਦਲ-ਬਦਲੂਆਂ ਦੀਆਂ ਆਸਾਂ ਨੂੰ ਬੂਰ ਨਾ ਪਿਆ ਤਾਂ ਉਸ ਸਮੇਂ ਪੈਦਾ ਹੋਣ ਵਾਲੀ ਸਥਿਤੀ ਨਾਲ ਨਜਿੱਠਣਾ ਵੀ ਕਾਂਗਰਸ ਲਈ ਮੁਸ਼ਕਿਲ ਹੋਵੇਗਾ। ਇਸ ਗੱਲ ਦਾ ਜਵਾਬ ਵੀ ਆਮ ਲੋਕ ਮੰਗਦੇ ਹਨ ਕਿ ਜਦੋਂ ਕਾਂਗਰਸ ਕੋਲ ਪਹਿਲਾਂ ਹੀ ਬਹੁਮਤ ਹੈ ਤਾਂ ਇਹ ਕਿਸ ਪਾਸਿਓਂ ਸਿਆਣਪ ਭਰੀ ਸਿਆਸਤ ਹੈ ਕਿ ਲੋਕਾਂ ਦੇ ਟੈਕਸ ਨਾਲ ਭਰੇ ਖ਼ਜ਼ਾਨੇ ਦਾ ਉਜਾੜਾ ਮੁੜ ਜਿਮਨੀ ਚੋਣ ਰਾਹੀਂ ਉਜਾੜਿਆ ਜਾਵੇਗਾ? ਚਾਹੇ ਜੋ ਵੀ ਹੈ, ਪਰ ਇਹ ਗੱਲ ਸਪੱਸ਼ਟ ਹੈ ਕਿ ਅਜੋਕੀ ਪੰਜਾਬ ਸਿਆਸਤ ਅਪਾਹਜ ਮਾਨਸਿਕਤਾ ਦਾ ਝਲਕਾਰਾ ਬਾਖੂਬੀ ਪੇਸ਼ ਕਰ ਰਹੀ ਹੈ।

## ਫਿਲਮ ਵਿਚ ਸਿੱਖ ਗੁਰੂ ਸਾਹਿਬਾਨ ਦਾ ਬਣਾਇਆ ਕਾਰਟੂਨ

ਬਾਬਾ ਬਿਧੀ ਚੰਦ ਜੀ ਅਤੇ ਗੁਰੂ ਪਰਿਵਾਰ ਦੇ ਹੋਰ ਜੀਆਂ ਨੂੰ ਵੀ ਫਿਲਮਾਇਆ ਗਿਆ ਹੈ।

ਇਹ ਫਿਲਮ 5 ਜੂਨ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਨੂੰ ਵਾਈਟ ਹਿੱਲ ਮਿਊਜ਼ਿਕ ਦੇ ਬੈਨਰ ਹੇਠ ਬਣਾਇਆ ਜਾ ਰਿਹਾ ਹੈ ਜਿਸ ਦਾ ਨਿਰਦੇਸ਼ਨ ਵਿਨੋਦ ਲੰਜੇਵਾਰ ਨੇ ਕੀਤਾ ਹੈ। ਇਸ ਫਿਲਮ ਦੇ ਨਿਰਮਾਤਾ ਮੇਜਰ ਸਿੰਘ ਸੰਧੂ, ਦਿਲਰਾਜ ਸਿੰਘ ਗਿੱਲ ਅਤੇ ਨਵਦੀਪ ਕੌਰ ਹਨ।

ਜ਼ਿਕਰਯੋਗ ਹੈ ਕਿ ਸਿੱਖੀ ਵਿੱਚ ਬੁੱਤ-ਪ੍ਰਸਤੀ ਤੋਂ ਸਖਤ ਮਨਾਹੀ ਹੈ ਪਰ ਬੁੱਤ-ਪ੍ਰਸਤੀ ਦੇ ਰੂਪ ਵਿੱਚ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੀਆਂ ਤਸਵੀਰਾਂ ਸਿੱਖ ਜਗਤ ਵਿੱਚ ਵਾੜੀਆਂ ਗਈ ਤੇ ਇਸ ਦਾ ਅਗਲਾ ਰੂਪ ਐਨੀਮੇਟਿਡ ਫਿਲਮਾਂ ਵਿੱਚ ਦੇਖਣ ਨੂੰ ਮਿਲਿਆ। ਇਹ ਰੁਝਾਨ ਉਸ ਸਮੇਂ ਸਾਰੀਆਂ ਹੱਦਾਂ ਟੱਪ ਗਿਆ ਜਦੋਂ ਹਰਿੰਦਰ ਸਿੱਕਾ ਨਾਮੀਂ ਸ਼ਖ਼ਸ ਨੇ ਗੁਰੂ ਨਾਨਕ ਸਾਹਿਬ ਦਾ ਕਿਰਦਾਰ ਇੱਕ ਇਨਸਾਨ ਤੋਂ ਕਰਾਉਣ ਦੀ ਕੋਸ਼ਿਸ਼ ਕੀਤੀ। ਭਾਵੇਂ ਕਿ ਹਰਿੰਦਰ ਸਿੱਕਾ ਦੇ ਇਸ ਕਦਮ ਦਾ ਸਿੱਖ ਜਗਤ ਵਿੱਚ ਭਾਰੀ ਵਿਰੋਧ ਹੋਇਆ ਅਤੇ ਇਹ ਫਿਲਮ ਵਾਪਿਸ ਲੈਣੀ ਪਈ ਪਰ ਤਸਵੀਰਾਂ ਤੋਂ ਸ਼ੁਰੂ ਹੋਇਆ ਸਿੱਖ ਸਿਧਾਂਤ ਦਾ ਇਹ ਦੌਰ ਰੁਕਣ ਦਾ ਨਾਂ ਨਹੀਂ ਲੈ ਰਿਹਾ। ਇਹ ਨਵੀਂ ਫਿਲਮ ਇਸੇ ਦੌਰ ਦਾ ਹਿੱਸਾ ਹੈ।

ਕੁਝ ਦਿਨ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਇੱਥੇ ਧਿਆਨ ਮੰਗਦਾ ਹੈ ਜਿਸ ਵਿਚ ਉਹਨਾਂ ਕਿਹਾ ਸੀ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗਹਿਰੀ ਸਾਜਿਸ਼ ਅਧੀਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਬਣਾਈਆਂ ਜਾ ਰਹੀਆਂ ਹਨ ਜੋ ਕਿ ਬਿਲਕੁਲ ਸਿੱਖ ਮਰਿਯਾਦਾ ਦੀ ਉਲੰਘਣਾ ਹੈ। ਗੁਰੂ ਸਾਹਿਬ ਜੀ ਦੀਆਂ ਚੀਨੀ ਮਿੱਟੀ, ਧਾਤ ਆਦਿ ਦੀਆਂ ਮੂਰਤੀਆਂ ਘਰਾਂ ਵਿਚ ਰੱਖਣੀਆਂ ਬਿਲਕੁਲ ਮਨਮੱਤ ਹੈ।

ਇਸ ਬਿਆਨ ਦਾ ਅਧਾਰ ਇਹ ਹੀ ਹੈ ਕਿ ਗੁਰੂ ਸਾਹਿਬਾਨ ਨੂੰ ਕੋਈ ਵੀ ਸ਼ਖ਼ਸ ਕਿਸੇ ਵੀ ਰੂਪ ਵਿਚ ਚਿਤਰ ਨਹੀਂ ਸਕਦਾ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਸਿੱਖ ਸਿਧਾਂਤਾਂ ਦੇ ਖਿਲਾਫ਼ ਹੈ। ਹੁਣ ਇਸ ਨਵੀਂ ਆ ਰਹੀ ਚੁਣੌਤੀ ਨੂੰ ਸਿੱਖ ਸਮਾਜ ਕਿਵੇਂ ਲੈਂਦਾ ਹੈ ਇਹ ਆਉਣ ਵਾਲੇ ਦਿਨਾਂ ਵਿੱਚ ਪਤਾ ਲੱਗੇਗਾ।

ਵਿਦਿਆਰਥੀ ਜਥੇਬੰਦੀ "ਸੱਥ" ਵੱਲੋਂ ਇਸ ਫਿਲਮ ਦਾ ਵਿਰੋਧ ਕਰਦਿਆਂ ਖਾਲਸਾ ਪੰਥ ਦੇ ਹਰ ਚੇਤੰਨ ਹਿੱਸੇ ਨੂੰ ਬੇਨਤੀ ਕੀਤੀ ਗਈ ਹੈ ਕਿ ਸ਼ਬਦ ਗੁਰੂ ਨਾਲੋਂ ਤੋੜ ਕੇ ਸਿੱਖਾਂ ਨੂੰ ਬੁੱਤ-ਪ੍ਰਸਤੀ ਵੱਲ ਤੋਰਨ ਦੇ ਇਸ ਯਤਨ ਦਾ ਡਟ ਕੇ ਵਿਰੋਧ ਕੀਤਾ ਜਾਵੇ।

## ਬਾਦਲ ਦਲੀਆਂ ਦੀਆਂ ਤਸਵੀਰਾਂ 'ਤੇ ਕਾਲਖ ਮਲੀ

ਬਾਦਲ ਦਲ ਦੇ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਨੂੰ ਬਰਗਾੜੀ ਫੇਰੀ ਦੌਰਾਨ ਕਾਲੀਆਂ ਝੰਡੀਆਂ ਵੀ ਦਿਖਾਈਆਂ ਗਈਆਂ ਸਨ ਅਤੇ ਵੱਖ ਵੱਖ ਥਾਵਾਂ 'ਤੇ ਚੋਣ ਰੈਲੀਆਂ ਵਿੱਚ ਸਖ਼ਤ ਵਿਰੋਧ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਉਸ ਸਮੇਂ ਦੀ ਬਾਦਲ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਦਾ ਲੋਕਾਂ ਵਿੱਚ ਬਹੁਤ ਰੋਸ ਹੈ।

13 ਮਈ ਨੂੰ ਸੁਖਬੀਰ ਸਿੰਘ ਬਾਦਲ ਨੇ ਫਰੀਦਕੋਟ ਵਿੱਚ ਚੋਣ ਪ੍ਰਚਾਰ ਲਈ ਆਉਣਾ ਹੈ ਅਤੇ ਉਸ ਤੋਂ ਪਹਿਲਾਂ ਅਕਾਲੀ ਦਲ ਖਿਲਾਫ਼ ਮਾਹੌਲ ਗਰਮ ਹੋਣਾ ਸ਼ੁਰੂ ਹੋ ਗਿਆ ਹੈ। ਹੁਣ ਹਾੜ੍ਹੀ ਤੋਂ ਵਿਹਲੇ ਹੋਣ ਤੋਂ ਬਾਅਦ ਲੋਕਾਂ ਨੇ ਸਿਆਸੀ ਆਗੂਆਂ ਤੇ ਉਮੀਦਵਾਰਾਂ ਨੂੰ ਆਪਣਾ ਰੋਸ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਘਟਨਾ ਸਬੰਧੀ ਅਜੇ ਤੱਕ ਕਿਸੇ ਖ਼ਿਲਾਫ਼ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ। ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਅਤੇ ਫਰੀਦਕੋਟ ਦੇ ਸੀਨੀਅਰ ਅਕਾਲੀ ਆਗੂ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਕਿਹਾ ਕਿ ਅਕਾਲੀ ਦਲ ਦੇ ਪੋਸਟਰਾਂ ਨੂੰ ਫਾੜਨ ਅਤੇ ਉਨ੍ਹਾਂ ਉੱਪਰ ਕਾਲਖ ਮਲਣ ਦੀ ਹਰਕਤ ਆਮ ਲੋਕਾਂ ਵੱਲੋਂ ਨਹੀਂ ਬਲਕਿ ਕੁਝ ਸਿਆਸੀ ਵਿਅਕਤੀਆਂ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਲਈ ਰਚੀ ਗਈ ਸਾਜਿਸ਼ ਦਾ ਹਿੱਸਾ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY National Insurance Company | CSE | MERCURY INSURANCE GROUP | FINANCIAL PACIFIC | Safeco Insurance
CNA | MetLife | Kemper | Philadelphia Insurance Companies | FOREMOST INSURANCE GROUP | The Hartford
CommerceWest Insurance | Midwest Insurance Agency | Kansas City Life | PROGRESSIVE | GeoTera | TRAVELERS
GMAC Insurance | TheZenith Workers' Compensation Specialists | PersonalUmbrella.com | ZURICH

**17900 Murphy Park Way Lathrop, CA. 95330**

**209-956-1000, Office-408-355-5700, Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM